ਸਪੀਕਰ ਸਾਹਿਬ, ਇਸ ਮਹਿਕਮੇ ਵਿਚ ਇਕ ਦੋ ਚੰਗੀਆਂ ਗਲਾਂ ਵੀ ਨੇ, ਜਿਨ੍ਹਾਂ ਵੱਲ ਮੈਂ ਹਾਊਸ ਦਾ ਧਿਆਨ ਦਿਵਾਉਂਦਾ ਹਾਂ। ਇਸ ਮਹਿਕਮੇ ਦੀ Percentage of Establishment Charges 4.8 ਹੈ ਪ੍ਰੰਤੂ ਜਿਹੜੀ sanctioned charges ਹੈ ਉਹ ਹੈ 11%। ਫਿਰ ਉਨ੍ਹਾਂ ਨੇ ਭਾਖੜਾ canal ਦਾ ਕੰਮ ਜਿਹੜਾ ਪੰਜ ਕਰੋੜ ਰੁਪਈਆ ਦਾ ਕੰਮ ਸੀ, ਡੇਢ੍ਹ ਸਾਲ scheduled time ਤੋਂ ਪਹਿਲਾਂ ਖਤਮ ਕੀਤਾ ਹੈ। ਦੂਜੇ ਪਾਸੇ ਜਿਹੜਾ ਭਾਖੜਾ ਡੈਮ ਹੈ ਉਸ ਡੈਮ ਦੇ establishment charges ਹਨ ਜਿਨ੍ਹਾਂ ਬਾਰੇ ਪਿਛੇ ਜਿਹੇ Statesman ਅਖਬਾਰ ਨੇ ਅੰਕੜੇ ਕਢੇ ਸਨ। ਉਨ੍ਹਾਂ ਦੇ ਅਨੁਸਾਰ Establishment charges ਦੀ percentage 20 ਹੈ ਹਾਲਾਂਕਿ ਭਾਰਤ ਵਿਚ ਜਿਹੜੇ ਬਾਕੀ ਡੈਮ ਬਣ ਰਹੇ ਨੇ ਉਨ੍ਹਾਂ ਦੇ ਵਧ ਤੋਂ ਵਧ Establishment Charges ਦੀ percentage ਦਸ ਹੈ ਇਸ ਦਾ ਮਤਲਬ ਇਹ ਹੋਇਆ ਕਿ ਪੰਜਾਬ ਵਿਚ ਬਣ ਰਹੇ ਡੈਮ ਪੁਰ ਖਰਚ ਆਉਣ ਵਾਲੇ Establishment charges ਭਾਰਤ ਦੇ ਦੂਜੇ ਸੂਬਿਆਂ ਤੋਂ ਦੁਗਨੇ ਹਨ। ਇਸ ਦੀ ਵਜ੍ਹਾ ਇਹ ਹੈ ਕਿ ਇਸ ਉਤੇ ਬਹੁਤ ਸਾਰੇ ਬਾਹਰ ਤੋਂ ਆਏ Engineers ਕੰਮ ਕਰ ਰਹੇ ਹਨ, ਉਨ੍ਹਾਂ ਦੀ ਸਾਲ ਦੀ ਤਨਖਾਹ 74 ਲਖ 18 ਹਜ਼ਾਰ ਰੁਪਈਆ ਹੈ। ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ Indian Engineers ਉਤੇ trust ਨਹੀਂ ਕੀਤਾ ਜਾਂਦਾ ਹਾਲਾਂਕਿ ਮੈਂ ਸਮਝਦਾ ਹਾਂ ਕਿ ਉਨ੍ਹਾਂ ਤੇ ਵਿਸ਼ਵਾਸ਼ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਡੈਮ ਦੇ ਇਲਾਵਾ ਬਾਕੀ ਬਹੁਤ ਚੰਗਾ ਕੰਮ ਕੀਤਾ ਹੈ। ਅਗਰ ਇਨ੍ਹਾਂ ਨੂੰ ਇਸ ਦੇ ਬਨਾਉਣ ਦਾ ਮੌਕਾ ਦਿਤਾ ਜਾਂਦਾ ਤਾਂ ਮੈਨੂੰ ਵਿਸ਼ਵਾਸ਼ ਹੈ ਕਿ ਇਸ ਨੂੰ ਇਨ੍ਹਾਂ ਨੇ ਚੰਗੀ ਤਰ੍ਹਾਂ ਨਾਲ ਬਨਾ ਲੈਣਾ ਸੀ।

ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਜਦੋਂ ਇਨ੍ਹਾਂ ਨੇ ਡੈਮ ਅਮਰੀਕਨਾਂ ਕੋਲੋਂ ਹੀ ਬਨਵਾਉਣਾ ਹੈ ਤਾਂ ਫਿਰ Indian Engineers ਨੂੰ ਉਨ੍ਹਾਂ ਨਾਲ ਕਿਉਂ ਰਖਿਆ ਹੋਇਆ ਹੈ। ਜੇਕਰ ਇਹ ਉਨ੍ਹਾਂ ਨੂੰ ਡੈਮ ਦੇ ਬਨਾਉਣ ਲਈ Efficient ਨਹੀਂ ਸਮਝਦੇ ਤਾਂ ਇਨ੍ਹਾਂ ਨੂੰ ਲਗਾਉਣੇ ਦਾ ਕੀ ਲਾਭ ਹੈ। ਇਸ ਤਰ੍ਹਾਂ ਨਾਲ ਤੇ ਖਾਹ ਮਖਾਹ ਖਰਚ ਵਧਾਉਣ ਵਾਲੀ ਗੱਲ ਹੋਈ। ਇਸ ਲਈ Indian Engineers ਨੂੰ ਇਥੋਂ ਹਟਾ ਕੇ ਸਾਰਾ ਕੰਮ ਅਮਰੀਕਨ ਇਨਜੀਨਅਰਾਂ ਨੂੰ ਸੌਂਪ ਦਿਤਾ ਜਾਵੇ ਅਤੇ ਇਕ Administrative Secretary ਉਨ੍ਹਾਂ ਉਪਰ ਲਗਾ ਦਿਤਾ ਜਾਵੇ ਤਾਂ ਇਸ ਤਰ੍ਹਾਂ ਖ਼ਰਚ ਘਟ ਸਕਦਾ ਹੈ। ਇਸ ਤੋਂ ਇਲਾਵਾ ਜੇ ਇਸ ਸਾਰੇ ਕੰਮ ਲਈ Indian Engineers ਉਤੇ ਹੀ Trust ਕੀਤਾ ਜਾਵੇ ਤੇ ਅਮਰੀਕਨ Engineers ਨੂੰ ਵਾਪਸ ਭੇਜ ਦਿਤਾ ਜਾਵੇ ਤਾਂ ਵੀ ਖ਼ਰਚ ਘਟ ਸਕਦਾ ਹੈ। ਜਦੋਂ ਤਾਈਂ ਇਨ੍ਹਾਂ ਦੋ ਗੱਲਾਂ ਵਿਚੋਂ ਇਕ ਗੱਲ ਨਹੀਂ ਕੀਤੀ ਜਾਂਦੀ ਤਦੋਂ ਤਿਕਨ ਇਹ ਖ਼ਰਚ ਘਟ ਨਹੀਂ ਸਕਦਾ ਅਤੇ ਇਸ ਦਾ ਨਤੀਜਾ ਖਤਰਨਾਕ ਹੋਵੇਗਾ।

ਇਕ ਗੱਲ ਹੋਰ, ਸਪੀਕਰ ਸਾਹਿਬ! ਮੈਂ ਇਸ ਸੰਬੰਧ ਵਿੱਚ ਹਾਊਸ ਦੇ ਸਾਮ੍ਹਣੇ ਰਖਣਾ ਚਾਹੁੰਦਾ ਹਾਂ। ਸੰਨ 1949 ਵਿਚ ਜਦੋਂ ਸਚਰ ਸਾਹਿਬ ਦੀ Administration ਸੀ ਤਾਂ ਗਵਰਨਮੈਂਟ ਨੇ ਭਾਖੜਾ ਨੰਗਲ ਲਈ ਸੀਮਿੰਟ ਤਿਆਰ ਕਰਣ ਲਈ ਆਪ ਇਕ ਫੈਕਟਰੀ ਲਗਾਣੇ ਦਾ ਫੈਸਲਾ ਕੀਤਾ ਸੀ। ਪਰ ਇਸ ਦੇ ਪਿਛੋਂ ਇਹ ਕਿਹਾ ਗਿਆ ਕਿ ਇਹ ਫੈਕਟਰੀ ਨਹੀਂ Set up ਕੀਤੀ ਜਾਏਗੀ। ਮੈਂ ਇਹ ਗਲ ਹਾਊਸ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿੰਨਾ ਰੁਪਿਆ ਇਸ ਫੈਕਟਰੀ ਦੇ Set up ਕਰਨੇ ਤੇ ਲਗਣਾ ਸੀ ਉਸ ਨਾਲੋਂ ਵਧ ਰੁਪਿਆ ਸੀਮਿੰਟ ਖ਼ਰੀਦਨ ਤੇ ਇਸ ਵੇਲੇ ਤਾਈਂ ਖ਼ਰਚ ਹੋ ਚੁਕਾ ਹੈ। ਜਿਸ ਫੈਕਟਰੀ ਕੋਲੋਂ ਸਾਡੀ ਸਰਕਾਰ ਸੀਮਿੰਟ ਲੈ ਰਹੀ ਹੈ ਉਸ ਵੇਲੇ ਉਸ ਫੈਕਟਰੀ ਦੇ ਮਾਲਕਾਂ ਨੇ ਗਵਰਨਮੈਂਟ ਨੂੰ ਇਹ ਕਿਹਾ ਕਿ ਉਹ ਸੀਮਿੰਟ 45 ਰੁਪੈ ਫੀ ਟਨ ਜਿਹੜਾ ਕਿ Scheduled rate ਸੀ ਉਸ ਉਤੇ ਦੇਣਗੇ ਪਰ ਹੁਣ ਉਹ ਸੀਮਿੰਟ 65 ਰੁਪੈ ਟੱਨ ਦੇ ਹਿਸਾਬ ਨਾਲ ਦੇ ਰਹੇ ਹਨ। ਇਸ ਤਰ੍ਹਾਂ ਨਾਲ ਪੰਜਾਬ ਗਵਰਨਮੈਂਟ ਕੋਲੋਂ ਰੁਪਈਆ extort ਕੀਤਾ ਜਾ ਰਿਹਾ ਹੈ। ਜੇਕਰ ਸਾਡੀ ਸਰਕਾਰ ਇਸੇ ਤਰ੍ਹਾਂ ਨਾਲ ਰੁਪੈ ਨੂੰ ਗਵਾਂਦੀ ਰਹੀ ਤਾਂ ਇਹ ਨੁਕਸਾਨ ਨਾਕਾਬਲੇ ਤਲਾਫੀ ਹੋ ਜਾਵੇਗਾ। ਮੈਂ ਅਰਜ਼ ਕਰਦਾ ਹਾਂ ਕਿ ਹੁਣ ਵੀ ਸੀਮਿੰਟ ਦੀ ਬੜੀ ਲੋੜ ਹੈ। ਹਾਲਾਂ ਤਾਂ ਡੈਮ ਵਿਚ concrete ਪੈਣੀ ਹੈ ਉਸ ਲਈ

[ਸਰਦਾਰ ਸਰੂਪ ਸਿੰਘ]

ਸੀਮਿੰਟ ਦੀ ਬੜੀ ਲੋੜ ਹੋਵੇਗੀ ਅਤੇ ਹੋਰ ਜਿਹੜੇ ਮਕਾਨ ਵਗੈਰਾ ਬਣਨੇ ਨੇ ਉਨ੍ਹਾਂ ਲਈ ਵੀ ਏਸ ਦੀ ਲੋੜ ਹੋਵੇਗੀ। ਜੇਕਰ ਹੁਣ ਵੀ ਸੀਮਿੰਟ ਫੈਕਟਰੀ Set up ਕੀਤੀ ਜਾਵੇ ਤਾਂ ਇਸ ਨਾਲ ਸਰਕਾਰ ਨੂੰ ਕਾਫੀ ਮੁਨਾਫਾ ਹੋ ਜਾਵੇਗਾ ਅਤੇ ਡੈਮ ਦੀ Cost ਘਟ ਜਾਵੇਗੀ। ਇਸ ਬਾਰੇ ਵਿਚ ਮੈਨੂੰ ਇਸ ਸਿਲਸਲੇ ਵਿਚ ਇਕ ਅੰਗਰੇਜ਼ੀ ਦਾ ਫ਼ਿਕਰਾ ਯਾਦ ਆ ਗਿਆ ਹੈ ਉਹ ਹੈ -

'Breaking window panes with guineas'

ਜਿਸ ਦਾ ਮਤਲਬ ਹੈ ਕਿ ਜੇਕਰ ਕਿਸੇ ਸ਼ੀਸ਼ੇ ਨੂੰ ਤੋੜਨਾ ਹੋਵੇ ਤਾਂ ਉਸ ਨੂੰ ਪੌਂਡ ਦੇ ਸਿੱਕਿਆਂ ਨਾਲ ਨ ਤੋੜਿਆ ਜਾਵੇ ਜੇਕਰ ਉਸ ਨੂੰ ਪੱਥਰ ਦੇ ਨਾਲ ਤੋੜਿਆ ਜਾ ਸਕਦਾ ਹੋਵੇ। ਇਸ ਲਈ ਮੈਂ ਮਾਨਯੋਗ ਵਜ਼ੀਰ ਸਾਹਿਬ ਅਗੇ ਅਰਜ਼ ਕਰਦਾ ਹਾਂ ਕਿ ਉਹ ਸੋਚ ਸਮਝ ਕੇ ਪਬਲਿਕ ਦੇ ਰੁਪਈਏ ਨੂੰ ਖਰਚ ਕਰਨ ਵਰਨਾ ਫਿਰ ਜਿਹਾ ਸਮਾਂ ਆਵੇਗਾ ਜਦੋਂ ਉਹ ਲਾਜਵਾਬ ਹੋ ਜਾਣਗੇ।

प्रोफैसर मोता सिंह आनन्दपुरी (आदमपुर) : स्पीकर साहिब ! हमारी गवर्नमैण्ट इस वक्त बड़ी मकरूज़ है। इस ने एक अरब 38 करोड़ रुपया देना है। इस रकम में से एक अरब और चार करोड़ रुपया भाखड़ा नंगल project के लिया गया हैं। इस काम के लिए ज़रूरी है कि गवर्नमैण्ट tax लगाए क्योंकि Taxes के बगैर गवर्नमैण्ट चल नहीं सकती। लेकिन हमारी गवर्नमैण्ट को उस वक्त तक tax नहीं लगाने चाहिएं जब तक Taxes के system के मुतल्लिक जो Taxation Enquiry Commission ने enquiry की है उस की रिपोर्ट तैयार नहीं हो जाती जैसा कि Bombay Government ने किया है। जब तक Taxation Enquiry Commission की रीपोर्ट जिस में सारे देश के Taxation Structure का पूरा हाल होगा, शाया नहीं हो जाती तब तक यह जो 58 करोड़ रुपया के करीब टैक्स सूबा के किसानों से Betterment Fee की शक्ल में वसूल किया जाना है बन्द कर दिया जाए। मेरे दोस्त श्री राम किशन ने कहा है कि जिस रोज़ यह भाखड़ा और नंगल स्कीम कामयाब हो जायेगी उस रोज़ पंजाबियों को खुशी में जशन करने चाहिएं। लेकिन मैं कहता हूं कि जिस रोज किसानों को यह रुपया देना पड़ा वे किस तरह से काली झंडियों के मुज़ाहरे करेंगे। मेरे ख्याल में Taxation की Rationalization होनी चाहिए यानी हर एक आदमी पर मुसावी तौर पर लगने चाहिएं।

दूसरी problem Displaced persons की है। स्पीकर साहिब ! अभी तक Displaced Persons की भारी तादाद को बसाया नहीं गया और वे सड़कों पर पड़े हैं। Mathematical Exactitude से मेरी गिनती चाहे बिलकुल ठीक न हो लेकिन मेरे ख्याल में एक लाख से ज्यादा ऐसे Refugee हैं जो अब भी सड़कों पर बैठे हैं। Hutments के अन्दर भी नहीं हैं और मौसम की बेरहमी

उन पर हर वक्त अपना असर करती रहती है। सरकार को उन के बसाने का जल्द इन्तजाम करना चाहिए। अगली चीज़ है Compensation के system की। उस के बारे में कई किस्म के वायदे किए गए हैं और किये जा रहे हैं। अब भी हमारे Finance Minister साहिब की Budget speech में आया है कि "It is earnestly hoped that they shall be compensated in the very near future" यह जो earnest or pious hopes जो मुल्क के अन्दर पैदा की जा रही हैं बिल्कुल गलत हैं।

फिर, स्पीकर साहिब, हरिजनों की हालत को बड़ी आसानी से बेहतर बनाया जा सकता था और उस के साथ ही मुल्क की इक्तसादी हालत को भी अच्छी तरह सुधारा जा सकता था।

अगर बंजर ज़मीन, जिसे दरिया ने खराब कर दिया है को reclaim करके हरिजनों और landless tenants को दे दिया जाए तो जहां इन को आबाद होने पर तशफी होगी वहां हकूमत को काफी रुपया आ जाएगा। उम्मीद है कि चीफ़ मिनिस्टर इसे सजेशन (suggestion) की तरफ तवज्जुह देंगे।

अब education को लें। मैं कहना चाहता हूं कि जो single teacher स्कूल खोले जा रहे हैं, इन से बच्चों की ज़िन्दगी तबाह होगी। दो चार बच्चों को पढ़ाना तो मुश्किल होता है तो 50, 60 की गिनती को एक teacher कैसे पढ़ा सकेगा? दिन रात यह सोचेगा कि कैसे education दी जाए। मैं पहले भी education के मुतल्लिक बहुत कुछ कह चुका हूं और आज यह कहता हूं कि इन स्कूलों में एक teacher नहीं बल्कि दो होने चाहिएं।

श्री राम चन्द्र कामरेड (नूरपुर): स्पीकर साहिब, हम मुतालबेज़र के साथ हकूमत के ज़ेरे इख्तियार सब बातों को एक साथ लेते हैं। इस लिए ऐसे मौके पर यह मौज़ूं है कि हम अपनी अच्छी २ तजवीज़ों और मशविरे की तरफ हकूमत की तवज्जुह दिलाएं। अभी हम ने जो तकरीरें सुनी उन के मुतल्लिक मैं यह ही कह सकता हूं:—

"खिरद का नाम रख दिया जनूं,
जनूं का रख दिया खिरद;
जो चाहे आप को क्रिशमा साज़ करे।"

जो लोग खुद जमहूरियत और शहरी आज़ादी में यकीन नहीं रखते आज जमहूरियत और शहरी आज़ादी का ढंढोरा पीटते हैं। जिन्होंने मज़दूरों और किसानों को यह जोश दिला कर कि आज़ादी लेनी है, खुद एक ऐसा नज़ाम कायम किया है जहां आज सब की आज़ादी सलब हो चुकी है। 36,37 साल हो गए हैं मगर अभी तक वहां आज़ादी नहीं आई जो भाई ऐसा नज़ाम पसन्द करते हैं वह जमहूरी नज़ाम पर नुक्ताचीनी कैसे न करें। वहां आज़ादी के नाम पर......

Mr. Speaker : Please do not discuss another country.

श्री राम चन्द्र कामरेड : लेकिन मैं कहता हूं कि जो लोग यह कहते हैं और जिन का ईमान यह है कि उन के मातहत मुल्क में लोगों को स्यासी आज़ादी नहीं होगी, लोगों की अपनी राय नही होगी जमहूरियत नहीं होगी वे इस हकूमत पर कोई एतराज़ कैसे कर सकते हैं। "अज तो बोले छाननी की बोल"

[श्री राम चन्द्र कामरेड]

अब administration के मुतल्लिक में वुज़रा साहिबान से यह अर्ज़ करना चाहता हूं कि हमें अपने मुलाज़मों और मातहतों के साथ सलूक का तरीका बदलना होगा। उन्हें आज़ादी-ए-मजलिस पूरी तरह देनी चाहिए। जो Unions, Constitution के मुताबिक बनाई जाएं उन्हें मान लिया जाना चाहिए। जैसे Government of India ने negotiating machinery बनाई है, कि जिस से मिल जुल कर झगड़े तै हो सकें, वैसी ही हमें भी बनानी चाहिए। पंजाब University मुलाज़मीन की यूनियन को अभी तक तसलीम नहीं किया गया........

Mr. Speaker : The University of the Punjab is not under the control of the Punjab Government. It need not be discussed.

श्री राम चन्द्र कामरेड : That is true, Sir. में अर्ज़ करना चाहता हूं कि University को जो इमदाद दी जाती है वह तो हम बन्द कर सकते हैं। यह असूल की बात है कि Union को तसलीम किया जाए और negotiating machinery झगड़ों को तै करे।

में थोड़ी सी तवज्जुह इस बात की तरफ़ दिलाना चाहता हूं कि यह गलत चीज़ है जो दफा 109 के मातहत चालान होते हैं, उन का कोटा मुकर्रर किया जाता है। इस से कई दफा नाजायज़ चालान होते हैं।

फिर अग़वा की वारदातें हैं। अग़वा की काफ़ी ऐसी वारदातें होती हैं कि मुज़रिमों का पता लगाना नामुमकिन नहीं होता मगर देखा गया है कि इस में काफ़ी ध्यान नहीं दिया जाता इस लिये में समझता हूं कि इस सम्बन्ध में जल्दी कार्यवाही की जाए ताकि इन का थोड़ा बहुत हल निकल आए।

फिर में अर्ज़ करूंगा कि छोटे छोटे मुलाज़मों को तबदील कर के घरों से दूर २ फेंक दिया जाता है। जैसे अगर कांगड़े ज़िले में किसी हमीरपुर वाले को नूरपुर लगा दिया जाए तो, तन्खाहें कम होने की वजह से वह घर छुट्टी पर नहीं आ जा सकता। मैं इसी सिलसिले में एक बार Deputy Commissioner साहिब से मिला। मैंने यह नहीं कहा कि आप किसी को नौकर रख लें, कोई ओहदा दे दें। मैंने कहा कि में कोई सिफ़ारिश नहीं करता, सिर्फ यह गुज़ारिश है कि छोटे मुलाज़मों को दूर २ नहीं फेंकना चाहिए, मगर उन्होंने नहीं माना।

अध्यक्ष महोदय : चूंकि वक्त तंग है, इस लिये आप बाकी की बातें किसी और मौके पर कह लें। अब श्रीमती सीता देवी अपना भाषण शुरु करेंगी।

श्रीमती सीता देवी: (जालन्धर शहर दक्षिण पूर्व) : स्पीकर साहिब ! में आप का धन्यवाद करती हूं कि आपने मुझे भी कुछ कहने का वक्त दिया है।

अध्यक्ष महोदय : आप धन्यवाद थोड़ा ही करें। तकरीर शुरु कीजिए।

श्रीमती सीता देवी : श्रीमान् जी ! Opposition की तरफ से जो speeches की गई हैं, उन के मुतल्लिक में केवल एक ही लफ़ज़ म यही कहना चाहती हूं कि जिस प्रकार Miss Mayo ने भारत को देखा था निश्चय ही उसी ऐनक से आज Opposition भी भारत को देखती है।

बजट और Appropriation Bill के बारे में तीन चार suggestions इस गवर्नमैण्ट को देना चाहती हूं । अगर इन चीजों का अगले बजट में ध्यान रखा गया तो मेरा विश्वास है कि बहुत सी problems हल हो जायेंगी ।

Public Health और अस्पतालों के लिये इतना कम रुपया रखा गया है कि फी मरीज़ एक पैसा भी नहीं पड़ता । यह ठीक है कि उस के लिये गवर्नमैण्ट एक दम बहुत ज्यादा रुपया नहीं दे सकती । लेकिन उस के लिए मेरी एक suggestion यह है कि आप के Civil Surgeons जो हजारों की तादाद में अस्पतालों के premises के अन्दर operations कर के लाखों रुपया charge करते हैं, यह सारे का सारा रुपया अस्पताल के funds में जमा किया जाए । हो सकता है कि डाक्टर एतराज़ करें कि उन की income बहुत कम हो जाएगी और लायक डाक्टर पंजाब में रहना नहीं चाहेंगे लेकिन इस के लिये भी एक आसान ईलाज है । वह यह है कि जब आप अस्पतालों और मैडीकल कालेज के डाक्टरों के लिए यह आमदनी बन्द करें तो साथ ही उन की तन्खाहों में दो चार सौ रुपया बढ़ा दें । इस ज्यादा income से गवर्नमैंट गांवों में dispensaries खोल सकती है ।

जैसा कि मैं पहले भी कह चुकी हूं, कोई भी कदम उठाने से पहले प्रान्त में Medical Practitioners की demand का ख्याल अवश्य रखा जाए जैसे कि बम्बई वालों ने किया है । उन्होंने एक खास date fix कर दी है कि इस date के अन्दर २ सब Medical Practitioners को रजिस्टर कर लिया जायेगा । उस के बाद किसी को भी register नहीं किया जायेगा । यह तजरुबा यहां भी किया जाए । इस से उन की demand भी पूरी हो जायगी और तकलीफ भी दूर हो जाएगी ।

इस के बाद मेरी एक और suggestion है और वह है गवर्नमैण्ट की nationalisation की स्कीम के बारे में । यह ठीक है कि गवर्नमैण्ट ट्रांस्पोर्ट को nationalise कर रही है। सब लोग और पार्टिएं इसे पूरी तरह से support कर रही हैं । लेकिन जैसा कि कुछ मेम्बरों ने मिनिस्टर साहिब से कहा है मैं भी यही कहना चाहती हूं कि वह इस सम्बन्ध में स्पष्ट तौर पर अपनी नीति की घोषणा करें ।

जहांतक workers का सम्बन्ध है Floor of the House पर साफ़ तौर से यह कहा गया है कि हम वर्करों को accommodate करेंगे और हर तरह की सहूलतें देंगे । मगर मेरे Communist भाई लोगों को mislead कर रहे हैं कि गवर्नमैण्ट सिर्फ़ matriculates को ही लेगी । वास्तव में यह चाहते हैं कि वर्करज़ को इस तरह से भड़काया जाए । इस लिए मेरी suggestion यह है कि इस House में Transport Minister साहिब इस बात को clear करें और स्पष्ट तौर पर बताएं कि matric की शर्त नहीं रखी जाएगी और age की शर्त को भी relax कर देंगे ।

[श्री मती सीता देवी]

इस के बाद यह बहुत अच्छी बात है कि स्कूल खोले जा रहे हैं । education की तरफ़ काफ़ी ध्यान दिया गया है। लेकिन जब तक education के system में radical change न लाई जाएगी इस तरफ उन्नति नहीं की जा सकेगी। इस पुराने system से बेरोज़गारी बढ़ेगी। जब तक हम इन Art Colleges की जगह Medical Colleges, Engineering Colleges और Training Colleges नहीं बना देते unemployment दूर नहीं हो सकती।

ਸਰਦਾਰ ਗੁਰਬੰਤਾ ਸਿੰਘ (ਆਦਮਪੁਰ) : ਸਪੀਕਰ ਸਾਹਿਬ ! ਮੈਂ ਆਪ ਦਾ ਧਨਵਾਦ ਕਰਦਾ ਹਾਂ ਕਿ ਆਪਨੇ ਇਕ backward ਜਾਤੀ ਦੇ ਮੈਂਬਰ ਨੂੰ ਬੋਲਨ ਲਈ ਵਕਤ ਦਿੱਤਾ ਹੈ । ਮੈਂ ਕਿਨੋਂ ਚਿਰ ਤੋਂ ਇਸ ਦੀ ਇੰਤਜ਼ਾਰ ਵਿਚ ਸਾਂ।

ਮੈਂ ਮੰਨਦਾ ਹਾਂ ਕਿ ਹਰੀਜਨ ਸੁਧਾਰ ਲਈ ਗਵਰਨਮੈਂਟ ਵਲੋਂ ਬਹੁਤ ਕੁਝ ਕੀਤਾ ਜਾ ਰਿਹਾ ਹੈ। ਫਿਨਾਂਸ ਮਨਿਸਟਰ ਵਲੋਂ ਵੀ ਯਕੀਨ ਦਿਵਾਇਆ ਜਾ ਰਿਹਾ ਹੈ ਕਿ ਹਰੀਜਨ ਸੁਧਾਰ ਲਈ ਬਹੁਤ ਕੁਝ ਸਰਕਾਰ ਕਰ ਰਹੀ ਹੈ ਪਰ ਮੈਂ ਇਹ ਸਮਝਦਾ ਹਾਂ ਕਿ ਰੁਪਿਆ ਹਰੀਜਨ ਸੁਧਾਰ ਲਈ ਘਟ ਰਖਿਆ ਗਿਆ ਹੈ। ਗਵਰਨਮੈਂਟ Industries ਦੇ ਕੰਮ ਵਿਚ ਹਰੀਜਨਾਂ ਨੂੰ ਸਹੂਲਤਾਂ ਘਟ ਦੇ ਰਹੀ ਹੈ। ਹਰੀਜਨਾਂ ਨੂੰ ਕਰਜ਼ੇ ਦੀ ਲੋੜ ਹੈ ਅਤੇ ਉਹ ਕਰਜ਼ਾ ਮੰਗਦੇ ਹਨ ਤਾਂ ਕਿਹਾ ਜਾਂਦਾ ਹੈ ਕਿ ਕਰਜ਼ਾ ਦੇਣ ਵਾਲੀ ਸਕੀਮ ਦੇ Rules ਵਿਚ ਤਬਦੀਲੀ ਕਰਨ ਤੋਂ ਬਾਦ ਕਰਜ਼ੇ ਦਿਤੇ ਜਾ ਸਕਣਗੇ। ਪਰ ਇਹ ਪਤਾ ਨਹੀਂ ਕਿ ਇਹ ਤਬਦੀਲੀ ਕਦੋਂ ਕੀਤੀ ਜਾਵੇਗੀ।

ਕਾਟੇਜ ਇੰਡਸਟ੍ਰੀਜ਼ (Cottage Industries) ਲਈ ਵੀ ਬਹੁਤ ਥੋੜੇ ਲੋਕਾਂ ਨੂੰ ਕਰਜ਼ੇ ਦਿਤੇ ਗਏ ਹਨ। ਇਥੇ ਵੀ ਇਹੀ ਗਲ ਕਹੀ ਗਈ ਕਿ ਰੂਲਜ਼ ਵਿੱਚ ਤਬਦੀਲੀ ਕੀਤੀ ਜਾਣੀ ਹੈ।

ਦੋ ਸਾਲ ਹੋਏ ਪੈਪਸੂ ਦੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਸਾਰੀ ਨਜ਼ੂਲ land ਹਰੀਜਨ ਮੁਜ਼ਾਰਿਆਂ ਨੂੰ ਦਿਤੀ ਜਾਵੇ, ਪਰ ਅਸਾਡੀ ਸਰਕਾਰ ਨੇ ਇਸ ਤਰ੍ਹਾਂ ਦਾ ਕੋਈ ਫੈਸਲਾ ਨਹੀਂ ਕੀਤਾ। ਸਾਡੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਅਜਿਹੀਆਂ ਜ਼ਮੀਨਾਂ ਹਰੀਜਨ ਮੁਜ਼ਾਰਿਆਂ ਨੂੰ ਦੇ ਦੇਵੇ। ਫਿਨਾਂਸ ਮਨਿਸਟਰ ਸਾਹਿਬ ਨੇ ਦਸਿਆ ਸੀ ਕਿ ਕੋਈ 800 ਹਰੀਜਨ ਮੁਜ਼ਾਰਿਆਂ ਨੂੰ lease ਤੇ ਜ਼ਮੀਨ ਦਿਤੀ ਗਈ ਹੈ। ਜਿਥੇ ਕਿ ਕੁਲ ਜ਼ਮੀਨ 4,100 ਮੁਜ਼ਾਰਿਆਂ ਨੂੰ ਦਿਤੀ ਗਈ ਸੀ। ਇਹ ਸਾਰੀ ਦੀ ਸਾਰੀ ਹਰੀਜਨ ਮੁਜ਼ਾਰਿਆਂ ਨੂੰ ਦਿਤੀ ਜਾਣੀ ਚਾਹੀਦੀ ਸੀ।

ਸਾਡੇ ਦੇਸ਼ ਤੋਂ ਹਰੀਜਨਾਂ ਦਾ ਰੁਜ਼ਗਾਰ ਖ਼ਤਮ ਹੋ ਗਿਆ ਹੈ ਕਿਉਂਕਿ ਉਨ੍ਹਾਂ ਨੂੰ Tanning ਅਤੇ Weaving ਦੀ ਇੰਡਸਟਰੀਜ਼ ਵਿਚ ਕੋਈ ਸਹੂਲਤ ਨਹੀਂ ਦਿਤੀ ਗਈ। Tanning ਦੀ ਇੰਡਸਟਰੀ ਨੂੰ ਵਧਾਨ ਲਈ 1948 ਵਿਚ ਇਕ ਸਕੀਮ ਤਿਆਰ ਕੀਤੀ ਗਈ ਸੀ ਅਤੇ ਇਸ ਨਾਲ ਜਲੰਧਰ ਵਿਚ ਚਮੜੇ ਦੀ ਸਨਅਤ ਨੂੰ ਵਧਾ ਕੇ ਹਰੀਜਨ ਫਾਇਦਾ ਉਠਾ ਸਕਦੇ ਸਨ ਪਰ ਅਜੇ ਤਕ ਸਕੀਮ ਉਸੇ ਤਰ੍ਹਾਂ ਪਈ ਹੈ। ਇਸ ਬਾਰੇ ਇਕ ਸੌ ਹਰੀਜਨਾਂ ਨੇ ਰੁਪਏ ਵੀ ਸਰਕਾਰ ਪਾਸ ਜਮ੍ਹਾਂ ਕਰਾ ਦਿਤੇ ਸਨ। ਹੁਣ ਤਾਈਂ ਇਹ ਝਗੜਾ ਹੈ ਕਿ ਥਾਂ ਕਿੱਥੇ ਦਿਤੀ ਜਾਵੇ। ਮੈਨੂੰ ਮਿਨਿਸਟਰ ਸਾਹਿਬ ਨੇ ਦਸਿਆ ਹੈ ਕਿ ਹੈਲਥ ਅਤੇ ਮੈਡੀਕਲ ਦੇ ਮਹਿਕਮਿਆਂ ਵਾਲਿਆਂ ਨੇ ਫਿਰ ਥਾਂ ਬਾਰੇ ਮਨਜ਼ੂਰੀ ਨਹੀਂ ਦਿਤੀ ਇਸ ਲਈ ਕਿ ਇਸ ਥਾਂ ਨੂੰ ਚਮੜੇ ਦੀ ਇੰਡਸਟਰੀ ਲਈ ਵਰਤਨ ਨਾਲ ਆਸ ਪਾਸ ਦੇ ਲੋਕਾਂ ਦੀ ਹੈਲਥ ਤੇ ਅਸਰ ਪਏਗਾ।

ਫਿਰ ਹਰੀਜਨਾਂ ਦੀ ਤਾਲੀਮ ਹੈ। ਇਸ ਲਈ ਬਹੁਤ ਪ੍ਰਬੰਧ ਨਹੀਂ ਕੀਤਾ ਗਿਆ। ਇਹ ਠੀਕ ਹੈ ਕਿ ਹਰੀਜਨਾਂ ਦੀਆਂ ਫੀਸਾਂ ਬਾਰੇ ਅਤੇ ਵਜ਼ੀਫ਼ਿਆਂ ਬਾਰੇ ਪ੍ਰਬੰਧ ਕੀਤਾ ਗਿਆ ਹੈ ਪਰ ਆਪ ਨੂੰ ਇਹ ਵੇਖ ਕੇ ਹੈਰਾਨੀ ਹੋਵੇਗੀ ਕਿ $4\frac{1}{2}$ ਲਖ ਰੁਪਿਆ ਹਰੀਜਨਾਂ ਦੀਆਂ ਫੀਸਾਂ ਅਤੇ ਵਜ਼ੀਫ਼ਿਆਂ ਦਾ ਸਰਕਾਰ ਪਾਸੋਂ due ਹੈ। ਮੈਨੂੰ ਪਤਾ ਨਹੀਂ ਲਗਦਾ ਕਿ ਜੇਕਰ ਮੁੰਡੇ ਨੂੰ ਸਾਲ ਦੇ ਆਖੀਰ ਵਿਚ ਵੀ ਉਸਦੀ ਫੀਸ ਤੇ ਵਜ਼ੀਫ਼ੇ ਦੀ ਰਕਮ ਨਾ ਦਿਤੀ ਜਾਵੇ ਤਾਂ ਇਸ ਦਾ ਕੀ ਫ਼ਾਇਦਾ। ਮੈਂ ਇਥੇ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਇਸ ਪਾਸੇ ਧਿਆਨ ਦੇਵੇ ਅਤੇ ਹਰੀਜਨਾਂ ਨੂੰ ਵਜ਼ੀਫ਼ੇ ਦੇਣ ਦੀ ਰਕਮ ਨੂੰ 10 ਲਖ--20 ਲਖ ਤਕ ਵਧਾ ਦਿਤਾ ਜਾਵੇ।

ਸਪੀਕਰ ਸਾਹਿਬ ਮੈਂ ਤੁਹਾਡੀ ਮਾਰਫ਼ਤ ਸਰਕਾਰ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ Public Service Commission ਅਤੇ ਛੋਟੇ ਕਮਿਸ਼ਨ ਜੋ ਨੌਕਰੀਆਂ ਲਈ ਬਣੇ ਹੋਏ ਹਨ ਅਸੀਂ ਉਨ੍ਹਾਂ ਦੇ ਕੰਮ ਤੋਂ ਸੰਤੁਸ਼ਟ ਹਾਂ ਕਿ ਉਹ ਸਰਵਿਸਾਂ ਵਿਚ ਭਰਤੀ ਸਮੇਂ ਹਰੀਜਨਾਂ ਦਾ ਪੂਰਾ ਖਿਆਲ ਰਖਦੇ ਹਨ। ਪਰ ਹੁਣ ਜਦ ਕਿ Junior Teachers ਦੀ ਭਾਰੀ ਗਿਣਤੀ ਲਗਾਈ ਜਾ ਰਹੀ ਹੈ, ਜਿਨ੍ਹਾਂ ਦੀ ਟ੍ਰੇਨਿੰਗ ਲਈ ਬਹੁਤ ਥੋੜਾ ਪ੍ਰਬੰਧ ਹੈ। ਹਰੀਜਨ ਮੁੰਡਿਆਂ ਨੂੰ Junior Training ਕਲਾਸ ਵਿਚ ਟ੍ਰੇਨਿੰਗ ਲਈ ਨਹੀਂ ਲਿਆ ਜਾਂਦਾ। ਇਹ ਕਿਹਾ ਜਾਂਦਾ ਹੈ ਕਿ IInd ਡਵੀਜ਼ਨ Matriculate ਲਏ ਜਾਂਦੇ ਹਨ। ਪਰ ਸਾਡੇ ਮੁੰਡੇ

[ਸਰਦਾਰ ਗੁਰਬਤਾ ਸਿੰਘ]

ਸੈਕੰਡ ਡਵੀਜ਼ਨ ਨਹੀਂ ਹੁੰਦੇ। ਇਸ ਲਈ ਅੰਗ੍ਰੇਜ਼ਾਂ ਦੇ ਰਾਜ ਵਿਚ 1931-32 ਵਿਚ ਹਰੀਜਨਾਂ ਲਈ ਜੇ. ਵੀ. ਦੀ ਜੁਦਾ ਕਲਾਸ ਖੋਲ੍ਹੀ ਗਈ ਸੀ। ਪਰ ਸਾਡੀ ਸਰਕਾਰ ਨੇ ਇਸ ਦੀ ਲੋੜ ਨੂੰ ਅਜੇ ਤਕ ਮਹਸੂਸ ਨਹੀਂ ਕੀਤਾ। ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਹਰੀਜਨਾਂ ਨੂੰ ਜੂਨੀਅਰ ਟ੍ਰੇਨਿੰਗ ਦੇਣ ਦਾ ਪ੍ਰਬੰਧ ਕਰੇ ਤਾਂ ਜੋ ਇਹ ਛੋਟੀਆਂ ਨੌਕਰੀਆਂ ਵਿਚ ਲਗ ਸਕਣ।

ਫਿਰ ਪੁਲਿਸ ਵਿਚ ਹਰੀਜਨਾਂ ਦੀ ਭਰਤੀ ਬਹੁਤ ਘੱਟ ਹੈ। ਇਸ ਵਿਚ ਵਡੀਆਂ ਨੌਕਰੀਆਂ ਤਾਂ ਕਿਤੇ ਸਪਾਹੀਆਂ ਵਿਚ ਵੀ ਇਨ੍ਹਾਂ ਦੀ ਭਰਤੀ ਬਹੁਤ ਥੋੜੀ ਹੈ। ਇਸ ਲਈ ਇਨ੍ਹਾਂ ਨੂੰ ਪੁਲਸ ਦੇ ਸਪਾਹੀ ਭਰਤੀ ਕਰਨ ਵਲ ਧਿਆਨ ਦੇਣਾ ਚਾਹੀਦਾ ਹੈ।

ਇਸਤੋਂ ਬਾਅਦ ਟਰਾਂਸਪੋਰਟ ਦਾ ਮਹਿਕਮਾ ਹੈ। ਓਮਨੀਬੱਸਾਂ ਹਨ। ਇਹਦੇ ਵਿਚ ਹਰੀਜਨ ਕੰਡਕਟਰਾਂ ਅਤੇ ਡਰਾਈਵਰਾਂ ਦੀ ਗਿਣਤੀ ੫ ਫੀ ਸਦੀ ਵੀ ਨਹੀਂ ਹਾਲਾਂਕਿ ਇਥੇ ਇਨ੍ਹਾਂ ਦੀ ਭਰਤੀ ਬਾਰੇ 19 ਫੀ ਸਦੀ ਦਾ ਗੌਰਮਿੰਟ ਵਲੋਂ ਐਲਾਨ ਕੀਤਾ ਗਿਆ ਹੈ। ਸਰਕਾਰ ਵਲੋਂ ਇਸ ਬੇਇਨਸਾਫੀ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਡਰਾਈਵਰਾਂ ਅਤੇ ਅਪਰੇਟਰਾਂ ਵਿਚ ਹੋਰ ਹਰੀਜਨ ਲੈਣੇ ਚਾਹੀਦੇ ਹਨ।

ਫਿਰ ਬੇਰੁਜ਼ਗਾਰੀ ਵਧ ਰਹੀ ਹੈ। ਅਤੇ ਇਸ ਦੀ ਵਡੀ ਵਜਾਹ ਇਹ ਹੈ ਕਿ ਇੰਡਸਟ੍ਰੀਆਂ ਵਲ ਧਿਆਨ ਘਟ ਦਿਤਾ ਜਾ ਰਿਹਾ ਹੈ। Industrial Co-operative Societies ਬਨਾਣ ਦਾ ਐਲਾਨ ਕਰ ਦਿਤਾ ਗਿਆ ਹੈ ਪਰ ਅਜੇ ਤਕ ਕੋਈ Weaving ਅਤੇ Tanning ਸੁਸਾਇਟੀਆਂ ਨਹੀਂ ਬਣਾਈਆਂ ਗਈਆਂ। ਚੌਧਰੀ ਲਹਿਰੀ ਸਿੰਘ ਹੋਰਾਂ ਪਾਸ ਵੀ ਸ਼ਿਕਾਇਤ ਕੀਤੀ ਹੈ ਕਿ ਜੋ ਅਫਸਰ ਲਗਾਏ ਗਏ ਹਨ ਉਹ ਜਾਣਕੇ ਸੁਸਾਇਟੀਆਂ ਨਹੀਂ ਖੋਲਦੇ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ Weaving ਅਤੇ Tanning ਦੀਆਂ ਸਨਅਤਾਂ ਨੂੰ ਤਰੱਕੀ ਮਿਲ ਸਕੇ।

ਇਸ ਤੋਂ ਇਲਾਵਾ, ਸਪੀਕਰ ਸਾਹਿਬ! professional tax ਹਨ ਜੋ ਡਿਸਟ੍ਰਿਕਟ ਬੋਰਡ ਲਾਂਦੇ ਹਨ। ਡਿਸਟ੍ਰਿਕਟ ਬੋਰਡਾਂ ਨੂੰ ਬਣਿਆਂ 18—20 ਸਾਲ ਹੋ ਗਏ ਹਨ। ਇਨ੍ਹਾਂ ਦੀਆਂ ਚੋਣਾਂ 1934-35 ਵਿਚ ਹੋਈਆਂ ਸਨ, ਅਤੇ ਇਨ੍ਹਾਂ ਵਿਚ ਹਰੀਜਨਾਂ ਦੀ ਨੁਮਾਇੰਦਗੀ ਬਹੁਤ ਘਟ ਹੈ। ਜੇਕਰ 40 ਮੈਂਬਰਾਂ ਦੇ ਮੁਕਾਬਲੇ ਤੇ ਇਕ ਅਧ ਹਰੀਜਨ ਮੈਂਬਰ ਹੋਵੇ ਤਾਂ ਉਹ ਕੀ ਕੰਮ ਕਰ ਸਕਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ

ਹੈ ਕਿ ਡਿਸਟ੍ਰਿਕਟ ਬੋਰਡਾਂ ਤੇ ਆਪਣਾ ਕੰਟਰੋਲ ਰਖੇ। ਭਾਵੇਂ ਇਹ ਸਰਕਾਰੀ ਐਲਾਨ ਕੀਤਾ ਗਿਆ ਹੈ ਅਤੇ circular ਜਾਰੀ ਕੀਤੇ ਗਏ ਹਨ ਕਿ ਜੁਲਾਹਿਆਂ ਤੇ ਟੈਕਸ ਲਾਉਣ ਲਗਿਆਂ ਧਿਆਨ ਰਖਿਆ ਜਾਏ ਪਰ ਡਿਸਟ੍ਰਿਕਟ ਬੋਰਡਾਂ ਵਾਲੇ ਮੋੜ ਤੋੜ ਕੇ ਟੈਕਸ ਲਾ ਲੈਂਦੇ ਹਨ। ਕਿਸੇ ਮਹੀਆਂ ਰਖੀਆਂ ਹੋਈਆਂ ਹਨ ਤਾਂ ਇਹ ਕਹਿਕੇ ਕਿ ਇਹ ਮਹੀਆਂ ਦਾ ਵਪਾਰ ਕਰਦਾ ਹੈ ਟੈਕਸ ਲਾ ਲਿਆ ਜਾਂਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਟੈਕਸ ਲੈਣ ਲਈ ਕੋਈ ਖਾਸ ਸਕੀਮ ਬਣਾਵੇ ਜਿਸਤੇ ਡਿਸਟ੍ਰਿਕਟ ਬੋਰਡ ਅਮਲ ਕਰਨ।

ਸਪੀਕਰ ਸਾਹਿਬ, ਇਕ ਦੋ ਗੱਲਾਂ ਮੈਂ ਹੋਰ ਕਹਿਣਾ ਚਾਹੁੰਦਾ ਹਾਂ। ਇਕ ਗਲ ਤਾਲੀਮੇ-ਨਸਵਾਂ ਦੇ ਬਾਰੇ ਹੈ। ਪਿੰਡਾਂ ਵਿਚ ਤਾਲੀਮੇ-ਨਸਵਾਂ ਥੋੜੀ ਹੈ। ਉਸਤਾਨੀਆਂ ਘਟ ਹਨ। ਜੋ ਲੜਕੀਆਂ ਟੀਚਰਾਂ ਦੀ ਟ੍ਰੇਨਿੰਗ ਲੈਂਦੀਆਂ ਹਨ ਉਹ ਆਮ ਤੌਰ ਤੇ ਸ਼ਹਿਰੀ ਹੁੰਦੀਆਂ ਹਨ ਅਤੇ ਪਿੰਡਾਂ ਵਿਚ ਪੜ੍ਹਾਣਾ ਪਸੰਦ ਨਹੀਂ ਕਰਦੀਆਂ, ਕਿਉਂ ਜੋ ਉਹ ਸਮਝਦੀਆਂ ਹਨ ਕਿ ਉਥੇ ਉਨ੍ਹਾਂ ਦੀ ਹਿਫਾਜ਼ਤ ਦਾ ਪ੍ਰਬੰਧ ਨਹੀਂ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਪਿੰਡਾਂ ਦੀਆਂ ਲੜਕੀਆਂ ਨੂੰ J. V. ਟ੍ਰੇਨਿੰਗ ਦੇ ਕੇ ਪਿੰਡਾਂ ਵਿਚ ਪੜ੍ਹਾਣ ਲਈ ਭੇਜਿਆ ਜਾਵੇ। ਮੈਂ ਸਮਝਦਾ ਹਾਂ ਕਿ ਇਸ ਹਾਊਸ ਦੇ ਸਾਰੇ ਮੈਂਬਰ ਮੇਰੇ ਨਾਲ ਇਸ ਗਲ ਤੇ ਮੁਤਫਿਕ ਹੋਣਗੇ ਕਿ ਸ਼ਹਿਰੀ ਲੜਕੀਆਂ ਪਿੰਡਾਂ ਵਿਚ ਪੜ੍ਹਾਣ ਨਹੀਂ ਜਾਂਦੀਆਂ ਅਤੇ ਕਈ ਨੁਕਸ ਪੈਂਦੇ ਹਨ। ਇਸ ਲਈ ਪਿੰਡਾਂ ਦੀਆਂ ਲੜਕੀਆਂ ਨੂੰ ਟ੍ਰੇਨਿੰਗ ਦੇਕੇ ਪਿੰਡਾਂ ਦੇ ਸਕੂਲਾਂ ਵਿਚ ਪੜ੍ਹਾਣ ਤੇ ਲਾਣਾ ਚਾਹੀਦਾ ਹੈ।

ਪੰਚਾਇਤਾਂ ਨੂੰ ਜਿਹੜੇ ਫੰਡ ਦਿੱਤੇ ਗਏ ਹਨ ਉਹ ਬਹੁਤ ਥੋੜੇ ਹਨ। ਪਹਿਲੇ ਪੰਚਾਇਤਾਂ ਦੇ ਦੋ ਚਾਰ ਚਾਰ ਹਜ਼ਾਰ ਲੈ ਚੁਕੀਆਂ ਹਨ।

ਇਸ ਤੋਂ ਬਾਦ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਚਾਇਤਾਂ ਨੂੰ ਕਾਮਯਾਬ ਕਰਨਾ ਹੈ ਤਾਂ ਪੰਚਾਂ ਦਾ ਮਾਣ ਕਰਨਾ ਚਾਹੀਦਾ ਹੈ। ਜਦੋਂ ਚੀਫ ਮਨਿਸਟਰ ਸਾਹਿਬ ਪੰਚਾਂ ਨੂੰ ਹਲਫ ਦੇਣ ਵਾਸਤੇ ਗਏ ਤਾਂ ਮੈਂ ਵੀ ਉਥੇ ਮੌਜੂਦ ਸੀ। ਉਸ ਵੇਲੇ ਉਨ੍ਹਾਂ ਨੇ ਆਖਿਆ ਸੀ ਕਿ ਪੰਚ ਅਸਲ ਵਿਚ ਪਬਲਿਕ ਦੇ ਰਾਜੇ ਹਨ। ਹੁਣ ਜ਼ਰਾ ਇਨ੍ਹਾਂ ਰਾਜਿਆਂ ਦਾ ਹਾਲ ਵੀ ਸੁਣ ਲਉ। ਇਕ ਸਰਪੰਚ ਨੂੰ ਪੁਲਿਸ ਨੇ ਥਾਨੇ ਵਿਚ ਬੁਲਾਕੇ ਆਖਿਆ ਕਿ ਫਲਾਨੇ ਬਦਮਾਸ਼ ਦੇ ਬਰਖਿਲਾਫ ਜਿਹੜਾ ਫੈਸਲਾ ਕੀਤਾ ਹੈ ਉਸ ਨੂੰ ਵਾਪਸ ਲੈ ਲਉ ਨਹੀਂ ਤੇ ਫਲਾਨੇ cycle ਵਾਲੇ Case ਵਿਚ ਧਰ ਲਵਾਂਗੇ। ਇਸ ਤਰ੍ਹਾਂ ਪੰਚਾਂ ਵਾਸਤੇ ਕੋਈ ਕੰਮ ਕਰਨਾ ਵੀ ਮੁਸ਼ਕਲ ਹੋ ਜਾਵੇਗਾ ਜਿਨ੍ਹਾਂ ਨੂੰ ਤੁਸੀਂ

[ਸਰਦਾਰ ਗੁਰਬੰਤਾ ਸਿੰਘ]
ਰਾਜੇ ਕਹਿ ਆਏ ਹੋ ਉਨ੍ਹਾਂ ਦਾ ਮਾਨ ਵੀ ਕਰਾਉ। ਅਜ ਕਲ ਜਦੋਂ ਕਿਸੀ ਪੰਚਾਇਤ ਦੇ ਫੈਸਲੇ ਦੇ ਬਰਖ਼ਿਲਾਫ਼ ਅਪੀਲ ਕੀਤੀ ਜਾਵੇ ਤਾਂ ਅਫਸਰ ਪੰਚਾਇਤਾਂ ਦਾ ਮਖੌਲ ਉਡਾਂਦੇ ਹਨ। ਇਸ ਵਾਸਤੇ ਮੈਂ ਅਰਜ਼ ਕਰਤਾ ਹਾਂ ਕਿ ਜੇ ਤੁਸਾਂ ਪੰਚਾਇਤਾਂ ਨੂੰ ਕਾਮਯਾਬ ਕਰਨਾ ਚਾਹੁੰਦੇ ਹੋ ਤਾਂ ਉਹਨਾਂ ਦੀ ਕਦਰ ਅਤੇ ਇੱਜ਼ਤ ਵਧਾਉ ਨਹੀਂ ਤਾਂ ਤੁਹਾਡਾ ਇਹ ਪੰਚਾਇਤ ਰਾਜ ਨਹੀਂ ਚਲੇਗਾ।

ਲੋਕ ਕਾਰਜ ਵਿਭਾਗ ਮੰਤ੍ਰੀ (ਸਰਦਾਰ ਗੁਰਬਚਨ ਸਿੰਘ ਬਾਜਵਾ) : ਸਪੀਕਰ ਸਾਹਿਬ, ਇਸ ਬਿਲ ਉੱਤੇ ਜਿਹੜੀ ਬਹਿਸ ਹੋਈ ਹੈ ਉਸ ਦਾ ਜਵਾਬ ਤਾਂ Finance Minister ਸਾਹਿਬ ਦੇਣਗੇ। ਲੇਕਿਨ ਇਕ ਮੈਂਬਰ ਸਾਹਿਬ ਨੇ ਮੈਂਬਰਾਂ ਦੀ ਰਿਹਾਇਸ਼ ਦੇ ਬਾਰੇ ਵਿਚ ਸ਼ਿਕਾਇਤ ਕੀਤੀ ਹੈ। ਇਸ ਵਾਸਤੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਸਾਹਿਬਾਂ ਨੂੰ ਕੋਈ ਤਕਲੀਫ ਹੋਈ ਹੋਵੇ ਮੈਂ ਉਨ੍ਹਾਂ ਕੋਲੋਂ ਮੁਆਫ਼ੀ ਮੰਗਦਾ ਹਾਂ। ਲੇਕਿਨ ਉਹ ਜਾਣਦੇ ਹਨ ਕਿ ਇਹ ਜਿਹੜਾ ਇੰਤਜ਼ਾਮ ਕੀਤਾ ਗਿਆ ਹੈ ਇਹ ਮੁਸਤਕਿਲ ਚੀਜ਼ ਨਹੀਂ ਹੈ। ਇਹ ਤਾਂ ਸਿਰਫ improvised ਇੰਤਜ਼ਾਮ ਹੈ ਜਿਹੜਾ ਬੜੀ ਕਾਹਲੀ ਵਿਚ ਕੀਤਾ ਗਿਆ ਹੈ। ਫੇਰ ਵੀ ਅਸੈਂਬਲੀ ਦੇ ਦਫਤਰ ਤੋਂ ਸਭਨਾਂ ਨੂੰ ਆਪਣੇ ਆਪਣੇ ਘਰ ਇਹ ਇਤਲਾਹ ਪਹੁੰਚ ਗਈ ਸੀ ਕਿ ਤੁਹਾਡੇ ਰਹਿਣ ਲਈ ਫਲਾਣੀ ਜਗਾਹ ਇੰਤਜ਼ਾਮ ਕੀਤਾ ਗਿਆ ਹੈ ਪਰ ਕਿਸੇ ਮੈਂਬਰ ਨੇ ਇਤਰਾਜ਼ ਨਹੀਂ ਸੀ ਕੀਤਾ। ਇਸ ਤੋਂ ਇਲਾਵਾ ਜਦੋਂ ਮੈਂਬਰ ਸਾਹਿਬਾਨ ਆਏ ਤਾਂ ਮੈਂ ਆਪ ਉਥੇ ਗਿਆ। ਸਰਦਾਰ ਚੰਨਣ ਸਿੰਘ ਜੀ ਉਥੇ ਮੌਜੂਦ ਸਨ। ਮੈਂ ਸਭ ਕੋਲੋਂ ਪੁਛਿਆ ਕਿ ਕੋਈ ਤਕਲੀਫ਼ ਹੋਵੇ ਤਾਂ ਦਸੋ।

ਫੇਰ ਪੰਡਤ ਸ਼੍ਰੀ ਰਾਮ ਜੀ ਨੇ ਕਿਹਾ ਹੈ ਕਿ ਵਜ਼ੀਰਾਂ ਅਤੇ ਆਮ ਮੈਂਬਰਾਂ ਦੀ ਰਿਹਾਇਸ਼ ਵਿਚ ਬਹੁਤ ਜ਼ਿਆਦਾ ਫਰਕ ਹੈ। ਬੇਸ਼ਕ ਫਰਕ ਨਹੀਂ ਹੋਣਾ ਚਾਹੀਦਾ। ਲੇਕਿਨ ਮੈਂਬਰ ਮਨਿਸਟਰ ਅਤੇ ਮਨਿਸਟਰ ਮੈਂਬਰ ਬਣਦੇ ਹੀ ਰਹਿੰਦੇ ਹਨ। ਪਰ ਵੇਖਣ ਵਿਚ ਆਇਆ ਹੈ ਕਿ ਮੈਂਬਰ ਤੇ ਮਨਿਸਟਰ ਦੀ ਰਿਹਾਇਸ਼ ਵਿਚ ਫਰਕ ਪੈ ਹੀ ਜਾਂਦਾ ਹੈ। (ਹਾਸਾ) । ਬਾਰ ਬਾਰ ਕੋਠੀਆਂ ਬਦਲੀਆਂ ਜਾਂਦੀਆਂ ਸੀ ਅਤੇ ਫੇਰ ਵੀ ਕੋਈ ਪਸੰਦ ਨਹੀਂ ਸੀ ਆਉਂਦੀ। ਫੇਰ ਮੇਰੀ ਅਰਜ਼ ਇਹੀ ਹੈ ਕਿ ਜਿਸ ਕਿਸੇ ਨੇ ਵੀ ਸ਼ਿਕਾਇਤ ਕੀਤੀ, ਉਹਦਾ ਘਰ ਬਦਲ ਦਿੱਤਾ ਗਿਆ। ਹੁਣ ਵੀ ਜੇ ਕੋਈ ਮੈਂਬਰ ਸਾਹਿਬ ਵਜ਼ੀਰਾਂ ਵਰਗੇ ਘਰਾਂ ਵਿਚ ਰਹਿਣਾ ਚਾਹੁੰਦੇ ਹੋਣ ਤਾਂ ਮੇਰੇ ਪਾਸ ਘਰ ਮੌਜੂਦ ਹਨ। ਜਿਹੜੇ ਸਾਹਿਬ ਜਿਸ ਤਰਾਂ ਦਾ standard ਰਖਣਾ ਚਾਹੁੰਦੇ ਹੋਣ

ਉਹਨਾਂ ਵਾਸਤੇ ਮਕਾਨ ਹਾਜ਼ਰ ਹਨ। ਇਹ ਤਾਂ ਠੀਕ ਹੈ ਕਿ ਇਸ ਵੇਲੇ ਹੀ ਸਾਰੇ ਮੈਂਬਰਾਂ ਵਾਸਤੇ ਬੜੇ ਘਰਾਂ ਦਾ ਇੰਤਜ਼ਾਮ ਨਹੀਂ ਹੋ ਸਕਦਾ ਪਰ ਥੋੜੀ ਦੇਰ ਤਕ ਮੁਸਤਕਿਲ ਘਰ ਬਣ ਜਾਣਗੇ ਅਤੇ ਜੋ ਮੈਂਬਰ ਆਰਜ਼ੀ ਜਾਂ ਮੁਸਤਕਿਲ ਤੌਰ ਤੇ ਘਰ ਲੈਣਾ ਚਾਹੇ ਤਾਂ ਭੀ ਅਸੀਂ ਦੇ ਸਕਾਂਗੇ।

ਇਕ ਆਵਾਜ਼ : ਕੀ 10 ਫੀ ਸਦੀ ਕਿਰਾਏ ਤੇ ?

ਲੋਕ ਕਾਰਜ ਵਿਭਾਗ ਮੰਤ੍ਰੀ : ਕਰਾਇਆ ਜੋ ਤੁਸੀਂ ਮੁਕਰਰ ਕਰ ਦਿਉ। ਲੇਕਿਨ ਮੈਂ ਆਖਾਂਗਾ ਕਿ 10 ਫੀ ਸਦੀ ਨ ਰਖਿਆ ਜਾਵੇ। ਤੁਸੀਂ ਆਪਣੀ ਤੁਲਨਾ ਕਲਰਕਾਂ ਅਤੇ ਅਫਸਰਾਂ ਨਾਲ ਨਾ ਕਰੋ। ਤੁਸੀਂ ਬਹੁਤ ਉਚੇ ਹੋ। ਉਹ ਨੌਕਰ ਹਨ ਤੇ ਤੁਸੀਂ ਨੌਕਰ ਰਖਣ ਵਾਲੇ ਹੋ।

ਮੈਂ ਇਕ ਵਾਰ ਫੇਰ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਅਗਲੇ Session ਤਕ ਤੇ ਸਾਰਾ ਇੰਤਜ਼ਾਮ ਖਾਤਰ ਖਾਹ ਹੋ ਜਾਵੇਗਾ। ਲੇਕਿਨ ਹੁਣ ਵੀ ਜੇਕਰ ਕੋਈ ਸਾਹਿਬ ਜ਼ਿਆਦਾ ਵੱਡਾ ਘਰ ਚਾਹੁਣ ਤਾਂ ਮਿਲ ਸਕਦਾ ਹੈ। ਜਿਨ੍ਹਾਂ ਮੈਂਬਰ ਸਾਹਿਬਾਨ ਨੂੰ ਕੋਈ ਤਕਲੀਫ ਹੋਈ ਹੋਵੇ, ਉਨ੍ਹਾਂ ਕੋਲੋਂ ਮੈਂ ਇਕ ਵਾਰ ਫੇਰ ਮੁਆਫੀ ਮੰਗਦਾ ਹਾਂ।

ਅਰਥ ਮੰਤ੍ਰੀ (ਸਰਦਾਰ ਉਜੱਲ ਸਿੰਘ) : ਸਪੀਕਰ ਸਾਹਿਬ ! ਇਸ ਬਜਟ ਵਿਚ ਆਮ ਜਨਤਾ ਲਈ ਜੋ ਕੁਝ ਕੀਤਾ ਗਿਆ ਹੈ ਮੈਨੂੰ ਅਫਸੋਸ ਹੈ ਕਿ ਜਿਨ੍ਹਾਂ ਦੋਸਤਾਂ ਨੇ ਉਸ ਤੇ ਨੁਕਤਾ ਚੀਨੀ ਕੀਤੀ ਉਹ ਜਵਾਬ ਸੁਣਨ ਲਈ ਹਾਊਸ ਵਿਚ ਮੌਜੂਦ ਨਹੀਂ ਹਨ। ਅਤੇ ਜਿਹੜੇ ਸਾਹਿਬ ਇਥੇ ਬੈਠੇ ਹਨ ਉਨ੍ਹਾਂ ਨੇ ਨੁਕਤਾ-ਚੀਨੀ ਕੀਤੀ ਹੀ ਨਹੀਂ, ਇਸ ਲਈ ਮੈਂ ਨਹੀਂ ਕਹਿ ਸਕਦਾ ਕਿ ਇਹ ਉਨ੍ਹਾਂ ਦੀ ਕਿਸ ਹੱਦ ਤਕ ਤਰਜਮਾਨੀ ਕਰਨਗੇ। ਖ਼ੈਰ ਮੇਰੇ ਦੋਸਤ ਪੰਡਿਤ ਸ਼ਿਰੀ ਰਾਮ ਜੀ ਨੇ ਜੋ ਕੁੱਝ ਪੌਣੇ ਘੰਟੇ ਵਿਚ ਆਖਿਆ ਹੈ ਉਹਦਾ ਤੱਤ ਇਹ ਹੈ ਕਿ ਸੂਬੇ ਵਿਚ ਪੁਲਿਸ ਰਾਜ ਹੈ। ਰੋਹਤਕ ਦੇ ਬਾਰੇ ਵਿਚ ਉਨ੍ਹਾਂ ਨੇ ਉਹੋ ਕੁਝ ਦੋਹਰਾਇਆ ਜਿਹੜਾ ਪਹਿਲੋਂ ਵੀ ਦਸ ਬਾਰ੍ਹਾਂ ਵਾਰੀ ਕਿਹਾ ਜਾ ਚੁਕਿਆ ਹੈ ਅਤੇ ਜਿਸ ਦਾ ਜਵਾਬ ਗਵਰਨਰ ਸਾਹਿਬ ਦੇ Address ਦੇ ਸਿਲਸਲੇ ਵਿਚ ਮੈਂ ਦੇ ਚੁਕਿਆ ਹਾਂ ਅਤੇ Chief Minister ਸਾਹਿਬ ਨੇ ਵੀ ਪੂਰੇ ਤੌਰ ਤੇ ਦਿਤਾ ਸੀ। ਲੇਕਨ ਜਦੋਂ ਉਹ ਮੁੜ ਮੁੜ ਕੇ ਉਹੀ ਗੱਲਾਂ ਕਹਿੰਦੇ ਹਨ ਤਾਂ ਲੋਕਾਂ ਨੂੰ ਮੁਗਾਲਤਾ ਲਗ ਸਕਦਾ ਹੈ ਕਿ ਸਰਕਾਰ ਵੱਲੋਂ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਚੀਫ਼ ਮਨਿਸਟਰ ਸਾਹਿਬ ਇਹ ਗਲ ਖੋਲ੍ਹ ਕੇ ਕਹਿ ਚੁਕੇ ਹਨ ਅਤੇ ਹੁਣ ਮੈਂ ਇਕ ਵਾਰ

[ਅਰਥ ਮੰਤ੍ਰੀ]
ਫੇਰ ਆਖਦਾ ਹਾਂ ਕੀ ਅਸੀਂ ਕਿਸੇ ਵੀ ਅਫਸਰ ਦੇ ਬਰੇ ਕੰਮ ਉੱਤੇ ਬਿਲਕੁਲ ਕੋਈ ਪਰਦਾ ਨਹੀਂ ਪਾਣਾ ਚਾਹੁੰਦੇ । Chief Minister ਸਾਹਿਬ ਨੇ ਫਰਮਾਇਆ ਕਿ ਮੈਂ ਆਪ ਰੋਹਤਕ ਜਾ ਕੇ ਪੜਤਾਲ ਕਰਨ ਵਾਸਤੇ ਤਿਆਰ ਹਾਂ। ਮੈਨੂੰ ਸਮਝ ਨਹੀਂ ਆਉਂਦੀ ਕਿ ਜਦੋਂ ਉਹ ਆਪ ਤੁਹਾਡੇ ਨਾਲ ਜਾ ਕੇ ਪੜਤਾਲ ਕਰਨ ਵਾਸਤੇ ਤਿਆਰ ਹਨ ਤਾਂ ਫੇਰ ਇਸ ਕਿਸਮ ਦੀਆਂ ਗੱਲਾਂ ਕਿਉਂ ਕੀਤੀਆਂ ਜਾਣ।

ਲੇਕਿਨ ਮੈਨੂੰ ਅਫਸੋਸ ਹੈ ਕਿ ਇਹ ਗਲਾਂ ਫੈਲਾਈਆਂ ਜਾ ਰਹੀਆਂ ਹਨ ਕਿ ਸਰਕਾਰ ਪੁਲਿਸ ਦੇ ਕੰਮਾਂ ਤੇ ਪਰਦਾ ਪੋਸ਼ੀ ਕਰਨਾ ਚਾਹੁੰਦੀ ਹੈ। ਜਿਸ Bar Association ਦਾ ਜ਼ਿਕਰ ਕੀਤਾ ਗਿਆ ਹੈ Chief Minister ਸਾਹਿਬ ਨੇ ਉਨ੍ਹਾਂ ਨੂੰ ਮਿਲਨ ਵਾਸਤੇ ਕਿਹਾ ਸੀ ਪਰ ਉਨ੍ਹਾਂ ਮਿਲਨ ਦੀ ਕੋਸ਼ਿਸ਼ ਹੀ ਗਵਾਰਾ ਨਹੀਂ ਕੀਤੀ। ਇਸ ਤੋਂ ਜ਼ਿਆਦਾ ਮੈਂ ਇਸ ਗਲ ਦੇ ਬਾਰੇ ਕੁਝ ਨਹੀਂ ਕਹਿੰਦਾ।

ਇਕ ਗਲ ਜਿਹੜੀ ਪੰਡਤ ਜੀ ਨੇ ਆਖ਼ਿਰ ਵਿਚ ਕਹੀ ਹੈ ਉਹ ਇਹ ਹੈ ਕਿ ਮੁਸਲਮ ਲੀਗ ਨਾਲ ਜੋ ਕੁਝ East Bengal ਵਿਚ ਹੋਇਆ ਹੈ ਉਹੀ ਹਾਲ ਕਾਂਗਰਸ ਨਾਲ ਇਸ ਸੂਬੇ ਤੋਂ ਸ਼ੁਰੂ ਹੋਵੇਗਾ। ਇਸ ਦਾ ਜਵਾਬ ਮੈਂ ਅਖੀਰ ਵਿਚ ਦੇਵਾਂਗਾ।

ਸ਼੍ਰੀ ਰਾਮ ਕਿਸ਼ਨ ਜੀ ਨੇ ਕੁਝ ਬੜੀਆਂ ਚੰਗੀਆਂ ਗਲਾਂ ਕੀਤੀਆਂ ਹਨ। ਮੈਂ ਇਨ੍ਹਾਂ ਦਾ ਜਵਾਬ ਦੇਣਾ ਜ਼ਰੂਰੀ ਸਮਝਦਾ ਹਾਂ। ਪਹਿਲੀ ਗਲ ਉਨ੍ਹਾਂ ਦੀ ਇਹ ਹੈ ਕਿ Bhakra Dam ਦਾ ਪਾਣੀ ਜੂਨ ਵਿਚ ਸ਼ੁਰੂ ਹੋ ਜਾਏਗਾ। ਇਸ ਤੋਂ ਇਕ ਦੋ ਮਹੀਨੇ ਬਾਦ ਨੰਗਲ ਦੀ ਬਿਜਲੀ ਵੀ ਆ ਜਾਵੇਗੀ। ਉਹ ਕਹਿੰਦੇ ਹਨ ਕਿ ਪਾਣੀ ਤੇ ਬਿਜਲੀ ਦਾ ਦਿਨ ਮਨਾਇਆ ਜਾਵੇ। ਸਕੂਲਾਂ, ਕਾਲਜਾਂ ਵਿਚ ਛੁਟੀਆਂ ਕੀਤੀਆਂ ਜਾਨ ਤੇ ਫਿਲਮਾਂ ਵਿਖਾਇਆਂ ਜਾਣ। ਮੇਰੇ ਵਿਚਾਰ ਵਿਚ ਇਹ ਬੜੀ ਚੰਗੀ ਤਜਵੀਜ਼ ਹੈ। ਸਰਕਾਰ ਇਸ ਉਤੇ ਜ਼ਰੂਰ ਅਮਲ ਕਰੇਗੀ। ਸਚਮੁਚ ਪੰਜਾਬ ਵਿਚ ਉਹ ਸੁਨਹਿਰੀ ਦਿਨ ਹੋਵੇਗਾ ਜਦ ਉਹ ਸਕੀਮ ਮੁਕੰਮਲ ਹੋਵੇਗੀ ਜਿਸ ਉਤੇ ਪੰਜ ਸਤ ਸਾਲਾਂ ਤੋਂ ਸਾਡੀਆਂ ਨਜ਼ਰਾਂ ਲਗੀਆਂ ਹੋਇਆਂ ਸਨ। ਇਹੋ ਨਹੀਂ, ਸਕੀਮ ਪ੍ਰੋਗਰਾਮ ਤੋਂ ਇਕ ਦੋ ਸਾਲ ਪਹਿਲਾਂ ਮੁਕੰਮਲ ਹੋ ਗਈ ਹੈ। ਇਹ ਬਹੁਤ ਹੀ ਖੁਸ਼ੀ ਦੀ ਗਲ ਹੈ। ਸਾਨੂੰ ਜਿਸ ਵੇਲੇ ਦਾ ਖਿਆਲ ਸੀ ਉਸ ਤੋਂ ਇਕ ਦੋ ਸਾਲ ਪਹਿਲੇ ਪਾਣੀ ਮਿਲੇਗਾ ਤੇ ਬਿਜਲੀ ਵੀ ਛੇਤੀ ਸ਼ੁਰੂ ਹੋ ਜਾਏਗੀ ਜਿਹੜੀ

ਪਿੰਡਾਂ ਵਿਚ ਪਹੁੰਚੇਗੀ। ਇਸ ਦਿਨ ਨੂੰ ਖੂਬ ਧੂਮ ਧਾਮ ਨਾਲ ਮਨਾਉਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਪਤਾ ਲਗੇ ਕਿ ਉਨ੍ਹਾਂ ਦੀ ਕਿੰਨੀ ਭਲਾਈ ਕੀਤੀ ਜਾ ਰਹੀ ਹੈ।

ਉਨ੍ਹਾਂ ਦੀ ਦੂਜੀ ਗੱਲ ਇਹ ਹੈ ਕਿ ਜ਼ਿਲਿਆਂ ਵਿਚ ਲੋਕਾਂ ਦੇ ਆਰਾਮ ਲਈ Waiting Halls ਹੋਣੇ ਚਾਹੀਦੇ ਹਨ ਤਾਂ ਜੋ ਜਨਤਾ ਨੂੰ ਤਕਲੀਫ ਨ ਹੋਵੇ। ਮੈਂ ਸਮਝਦਾ ਹਾਂ ਕਿ ਇਸ ਗਲ ਦੀ ਲੋੜ ਹੈ। ਸਰਕਾਰ ਨੇ ਇਸ ਕੰਮ ਲਈ ਕੁਝ ਰੁਪਿਆ ਮੁਹੈਯਾ ਕੀਤਾ ਸੀ ਤੇ ਮੈਂ ਪਤਾ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕਿਥੇ ਕਿਥੇ ਵੇਟਿੰਗ ਹਾਲ ਬਣ ਗਏ ਹਨ। ਮੈਂ ਇਸ ਵਕਤ ਜ਼ਿਆਦਾ ਤੇ ਨਹੀਂ ਕਹਿ ਸਕਦਾ ਪਰ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਅਮਰਤਸਰ ਵਿਚ ਇਕ ਚੰਗਾ ਹਾਲ ਬਨ ਗਿਆ ਹੈ। ਹੋਰਨਾ ਥਾਂਵਾਂ ਤੇ ਵੀ ਇਹੋ ਜਿਹੇ ਹਾਲ ਬਨਾਏ ਜਾਨਗੇ। ਸਰਕਾਰ ਇਸ ਤਰਫ ਖ਼ਿਆਲ ਕਰ ਰਹੀ ਹੈ। ਅਗਲੇ Budget, ਵਿਚ ਤਾਂ ਰੁਪਿਆ ਇਸ ਕੰਮ ਲਈ ਜ਼ਰੂਰ ਰਖਾਂਗੇ। ਜੇ ਹੋ ਸਕਿਆ ਤਾਂ ਇਸੇ ਸਾਲ ਕੁਝ ਰੁਪਿਆ ਕਢਾਂਗੇ।

ਤੀਜੀ ਗੱਲ ਪੁਲਿਸ ਦੀ reorganization ਦੇ ਬਾਰੇ ਸੀ। ਉਹ ਕਹਿੰਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਰੁਪੈ ਦੀ ਬਚੱਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਜਿਵੇਂ Districts ਦੀ reorganization ਲਈ ਕਮੇਟੀ ਬਣੀ ਹੈ ਇਸ ਕੰਮ ਲਈ ਵੀ ਇਕ ਕਮੇਟੀ ਬਣੇ। ਮੈਂ ਇਸ ਵੇਲੇ ਨਹੀਂ ਕਹਿ ਸਕਦਾ ਕਿ ਕਮੇਟੀ ਦੀ ਲੋੜ ਹੈ ਜਾਂ ਨਹੀਂ। ਪਰ ਮਾਨਯੋਗ ਮੈਂਬਰਾਂ ਨੂੰ ਪਤਾ ਹੈ ਕਿ ਪੁਲਿਸ ਤੇ ਹੋਰ ਮਹਿਕਮਿਆਂ ਦੇ ਖਰਚ ਨੂੰ ਵੇਖਨ ਲਈ ਇਕ Special Officer ਮੁਕਰਰ ਕੀਤਾ ਜਾਣਾ ਹੈ। ਇਹ Special Officer, Police Department ਦੀ ਵੀ ਪੜਤਾਲ ਕਰੇਗਾ। ਇਸ ਤੋਂ ਬਾਦ ਜੇ Technical Committee ਮੁੱਕਰਰ ਕਰਨ ਦੀ ਲੋੜ ਪਈ ਤਾਂ ਕਮੇਟੀ ਵੀ ਮੁਕਰਰ ਕਰਨ ਦੀ ਕੋਸ਼ਿਸ਼ ਕਰਾਂਗੇ।

ਸ੍ਰੀ ਰਾਮ ਕਿਸ਼ਨ ਜੀ ਦੀ ਚੌਥੀ ਗਲ ਇਹ ਹੈ ਕਿ ਸਰਕਾਰੀ ਅਫਸਰ ਕੌਮੀ ਪੋਸ਼ਾਕ ਪਾਇਆ ਕਰਨ। ਮੇਰੇ ਦੋਸਤ ਨੂੰ ਪਤਾ ਹੈ ਕਿ Prime Minister ਨੇ Central Secretariat ਵਾਸਤੇ ਇਸ ਬਾਰੇ ਹੁਕਮ ਜਾਰੀ ਕੀਤਾ ਹੈ ਅਤੇ ਸਾਡੇ ਕੋਲ ਵੀ ਹਿਦਾਇਤ ਆਈ ਹੈ। ਅਸੀਂ ਸੋਚ ਰਹੇ ਹਾਂ ਕਿ ਪੰਜਾਬ ਵਿਚ ਕਿਸ ਤਰ੍ਹਾਂ ਦੀ ਪੋਸ਼ਾਕ ਹੋਵੇ। ਇਸ ਗਲ ਦਾ ਫੈਸਲਾ ਛੇਤੀ ਹੋ ਜਾਵੇਗਾ। ਮੈਂ

[ਅਰਥ ਮੰਤ੍ਰੀ]

ਇਸ ਗਲ ਨਾਲ ਸਹਿਮਤ ਹਾਂ ਕਿ ਇਹ ਨਹੀਂ ਕਿ ਪੋਸ਼ਾਕ ਦੀ ਸ਼ਕਲ ਕੌਮੀ ਹੋਵੇ। ਇਹ ਜ਼ਰੂਰ ਹੋਵੇ ਕਿ ਕਪੜਾ ਸੁਦੇਸ਼ੀ ਵਰਤਿਆ ਜਾਵੇ। ਮਿੱਲਾਂ ਦਾ ਸੁਦੇਸ਼ੀ ਕਪੜਾ ਚੰਗੇ ਤੋਂ ਚੰਗਾ ਮਿਲ ਸਕਦਾ ਹੈ। ਕਿਸੇ ਸਜਨ ਨੂੰ ਬਾਹਰ ਦਾ ਕਪੜਾ ਨਹੀ ਵਰਤਨਾ ਚਾਹੀਦਾ। ਜੇ ਖਡੀ ਦਾ ਕਪੜਾ ਨ ਵਰਤ ਸਕਨ ਤਾਂ ਮਿੱਲਾਂ ਦਾ ਕਪੜਾ ਜ਼ਰੂਰ ਵਰਤਨ।

ਸ਼੍ਰੀਮਤੀ ਸੀਤਾ ਦੇਵੀ: ਖਡੀ ਦਾ ਕਪੜਾ ਕਿਓਂ ਨਾ ਵਰਤਨ।

ਅਰਥ ਮੰਤ੍ਰੀ: ਅਸੀ ਕਿਸੇ ਨਾਲ ਜਬਰਦਸਤੀ ਨਹੀਂ ਕਰਨਾ ਚਾਹੁੰਦੇ।

ਪੰਜਵੀਂ ਗਲ ਮੇਰੇ ਦੋਸਤ ਨੇ ਇਹ ਕਹੀ ਹੈ ਕਿ ਸਾਰੀ State ਦੀ economy unbalanced ਹੈ। ਇਹ ਗਲ ਬਹੁਤ ਹੱਦ ਤਕ ਠੀਕ ਹੈ ਕਿ ਇਸ ਸੂਬੇ ਵਾਲਿਆਂ ਦੀ ਰੋਜ਼ੀ ਜ਼ਿਆਦਾਤਰ ਜ਼ਰਾਇਤ ਤੇ ਨਿਰਭਰ ਹੈ। ਹਾਲਾਂਕਿ Industry ਇਨੀ Develop ਨਹੀਂ ਹੋਈ ਜਿਨੀ ਚਾਹੀਦੀ ਹੈ। ਪਰ ਇਹ ਮੰਨਣਾ ਪਵੇਗਾ ਕਿ ਪਿਛਲੇ ਪੰਜ ਸਤ ਸਾਲਾਂ ਵਿਚ ਸਾਡੀ ਅਪਣੀ ਹਕੂਮਤ ਨੇ ਵਡੀਆਂ ਵਡੀਆਂ Industries ਕਾਇਮ ਕੀਤੀਆਂ ਹਨ। ਇਨ੍ਹਾਂ Industries ਦੀ ਬੜੀ ਜ਼ਰੂਰਤ ਸੀ। ਹੁਣ ਜਿਹੜੀਆਂ ਚੀਜ਼ਾਂ ਅਸਾਂ ਬਾਹਰੋਂ ਮੰਗਵਾਂਦੇ ਸਾਂ ਅਸੀਂ ਬਾਹਰ ਭੇਜ ਰਹੇ ਹਾਂ। ਮਿਸਾਲ ਦੇ ਤੌਰ ਤੇ ਕਪੜਾ ਬਾਹਰੋਂ ਆਉਂਦਾ ਸੀ, ਹੁਣ ਅਸਾਂ ਕਪੜਾ ਬਾਹਰ ਭੇਜਦੇ ਹਾਂ। ਹੁਣ ਅਸਾਂ 1000 million ਗਜ਼ ਕਪੜਾ ਬਾਹਿਰ export ਕਰਾਂਗੇ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਚੀਜ਼ਾਂ ਇਥੇ ਬਣ ਰਹੀਆਂ ਹਨ। cycles ਬਨ ਰਹੇ ਹਨ Cycle parts ਬਣ ਰਹੇ ਹਨ। Fertilizers ਪਹਿਲੇ ਅਸੀਂ ਬਾਹਰੋਂ ਮੰਗਵਾਉਂਦੇ ਸਾਂ। ਇਸ ਵੇਲੇ Fertilizers ਅਸਾਂ ਅਪਣੀ Factory ਵਿਚ ਬਨਾ ਰਹੇ ਹਾਂ। ਮੇਰੇ ਦੋਸਤ ਇਸ ਗਲ ਨੂੰ ਨਹੀਂ ਸਮਝਦੇ ਜਦ ਉਹ ਕਹਿੰਦੇ ਹਨ ਕਿ ਸਰਕਾਰ ਵਡੇ ਵਡੇ ਕਾਰਖਾਨੇ ਕਿਉਂ ਨਹੀਂ ਚਲਾਉਂਦੀ। ਮੈਂ ਇਸ ਗੱਲ ਦਾ ਜਵਾਬ ਥੋੜੀ ਦੇਰ ਨੂੰ ਦਿਆਂਗਾ।

ਅਗਲੀ ਗੱਲ ਵਿਚ ਮੇਰੇ ਦੋਸਤ ਨੇ ਕਿਹਾ ਹੈ ਕਿ ਤਾਲੀਮ ਦਾ ਸਿਲਸਲਾ ਬਦਲਨਾ ਚਾਹੀਦਾ ਹੈ। ਹਰ ਕੋਈ ਮੰਨਦਾ ਹੈ ਕਿ ਇਸ ਤਰ੍ਹਾਂ ਹੋਣਾ ਚਾਹੀਦਾ ਹੈ। ਪਰ ਮੈਂ ਕਹਿੰਦਾ ਹਾਂ ਕਿ ਤਾਲੀਮੀ ਸਿਲਸਲਾ ਬਦਲਿਆ ਜਾ ਰਿਹਾ ਹੈ। ਹਰ ਵੇਲੇ ਇਹੋ ਗੱਲ ਕਰਦਿਆਂ ਜਾਣਾ ਠੀਕ ਨਹੀਂ। ਅਸਾਂ Basic Education ਦੇਣੀ ਸ਼ੁਰੂ ਕਰ ਦਿਤੀ ਹੋਈ ਹੈ। ਪਹਿਲੀ ਅਰਥਾਤ ਮੁਢਲੀ ਤਾਲੀਮ ਵਿਚ

manual bias ਪੈਦਾ ਕੀਤਾ ਜਾ ਰਿਹਾ ਹੈ। ਸਕੂਲਾਂ ਨੂੰ ਛੋਟੇ ਛੋਟੇ ਜ਼ਮੀਨ ਦੇ ਟੁਕੜੇ ਖੇਤੀ ਬਾੜੀ ਦਾ ਕੰਮ ਸਿਖਨ ਲਈ ਦੇ ਦਿਤੇ ਗਏ ਹਨ। ਫੇਰ ਜਿਉਂ ਜਿਉਂ ਸਾਡੇ ਕੋਲ ਰੁਪਿਆ ਹੁੰਦਾ ਜਾਏਗਾ ਅਸੀਂ Basic Education ਨੂੰ ਵਧਾਈ ਜਾਵਾਂਗੇ ਤੇ Industries ਤੇ ਜ਼ਿਰਾਇਤ ਦਾ ਕੰਮ ਸਿਖਾਈ ਜਾਵਾਂਗੇ। Technical ਤੇ Industrial Education ਜ਼ਰੂਰ ਵਧਾਈ ਜਾਵੇਗੀ। ਪਰ ਇਸ ਵੇਲੇ ਸਾਡਾ ਸਾਰਾ ਜ਼ੋਰ ਇਸ ਗਲ ਤੇ ਹੈ ਕਿ ਲੋਕ ਕੁਝ ਲਿਖਣਾ ਪੜ੍ਹਨਾ ਸਿਖ ਜਾਨ ਤੇ ਕਿਤਾਬਾਂ ਵਗੈਰਾ ਦਾ ਮੁਤਾਲਿਆ ਕਰ ਸਕਨ। ਜਿਸ ਵੇਲੇ Universal Primary Education ਦਾ ਕੰਮ ਹੋ ਜਾਵੇਗਾ ਤਾਂ ਇਸ ਤੋਂ ਬਾਦ Technical Education ਉਤੇ ਰੁਪਿਆ ਲਗਾਇਆ ਜਾਏਗਾ। ਪਰ ਇਸ ਬਜਟ ਵਿਚ ਵੀ ਇਸ ਵੇਲੇ ਅਸਾਂ 3½ ਲਖ ਰੁਪਿਆ Private Schools ਵਿਚ Technical Education ਦੇਣ ਲਈ ਰਖਿਆ ਹੈ।

ਇਸ ਤਰੀਕੇ ਨਾਲ ਸਾਰਾ ਸਿਲਸਿਲਾ ਤਬਦੀਲ ਹੋ ਰਿਹਾ ਹੈ। ਤੇ ਜਿਸ ਤਰਾਂ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ ਦੀ ਰਿਪੋਰਟ ਹੈ ਉਸ ਦੇ ਮੁਤਾਬਕ ਤਬਦੀਲੀ ਕਰ ਰਹੇ ਹਾਂ। ਨਵੀਆਂ ਕਿਤਾਬਾਂ ਜਾਰੀ ਕਰਨ ਲਈ ਰੁਪਏ ਦੀ ਲੋੜ ਹੈ ਤੇ ਸਮਾਂ ਪਾਕੇ ਇਨ੍ਹਾਂ ਵਿਚ ਵੀ ਤਬਦੀਲੀ ਕਰ ਦਿਤੀ ਜਾਏਗੀ।

ਮੇਰੇ ਇਕ ਮਾਨਯੋਗ ਮਿੱਤਰ ਨੇ ਚੰਗਾ ਸੁਝਾਵ ਦਿਤਾ ਸੀ ਕਿ Engineering Industry ਲਈ ਗਵਰਨਮੇਂਟ ਦੀ ਸਹਾਇਤਾ ਦੀ ਲੋੜ ਹੈ। ਮੈਂ ਇਸ ਦੇ ਨਾਲ ਪੂਰੀ ਤਰਾਂ ਸਹਿਮਤ ਹਾਂ। ਸਾਡੀ ਪੰਜਾਬ ਇੰਜੀਨੀਅਰਿੰਗ industry ਇਸ ਲਈ ਕਾਮਯਾਬ ਹੈ ਕਿਉਂਕਿ ਸਾਡੇ ਕਾਰੀਗਰ ਬੜੇ ਸਮਝਦਾਰ ਤੇ ਲਾਇਕ ਹਨ। ਸਾਨੂੰ ਇਸ ਸਬੰਧ ਵਿਚ ਬਹੁਤ ਸਾਰੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਹਾ ਸਾਨੂੰ ਬਾਹਰ ਤੋਂ ਬਹੁਤ ਮਹਿੰਗਾ ਪੈਂਦਾ ਹੈ। ਕਰਾਚੀ ਤੋਂ ਜੇਕਰ ਲੋਹਾ ਮੰਗਵਾਇਆ ਜਾਏ ਤਾਂ freight ਦਾ ਖਰਚ ਬਹੁਤ ਪੈ ਜਾਂਦਾ ਹੈ। ਸਾਡਾ ਲੋਹਾ ਸਾਰੇ ਦੇਸ਼ ਤੋਂ ਸਸਤਾ ਹੈ ਤੇ ਅਸੀਂ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੋਹਾ ਟਾਟਾਨਗਰ ਤੋਂ ਲੈ ਰਹੇ ਹਾਂ। ਕਰਾਚੀ ਤੋਂ ਲੋਹਾ ਮੰਗਵਾਕੇ ਦੂਣਾ ਭਾੜਾ ਖਰਚਣ ਦੀ ਬਜਾਏ ਅਸੀਂ ਟਾਟਾਨਗਰ ਦੇ ਲੋਹੇ ਦੀਆਂ ਚੀਜ਼ਾਂ ਬਣਾ ਕੇ ਬੰਬਈ ਅਤੇ ਮਦਰਾਸ ਤਕ ਭੇਜ ਰਹੇ ਹਾਂ। ਜਦੋਂ ਲੋਹੇ ਤੇ control ਸੀ ਤੇ ਚੀਜ਼ਾਂ ਖਾਸੀਆਂ ਮਹਿੰਗੀਆਂ ਸਨ ਤੇ ਹੱਥੋ ਹੱਥ ਵਿਕ ਜਾਂਦੀਆਂ ਸਨ ਪਰ ਜਦੋਂ ਤੋਂ 1952 ਵਿਚ ਸਾਰਾ ਰੁਖ ਬਦਲਿਆ ਹੈ ਕੀਮਤਾਂ ਘਟ ਗਈਆਂ ਹਨ ਤੇ ਲੋਕ ਮਹਿਸੂਸ ਕਰਨ ਲਗ ਪਏ ਹਨ ਕਿ

[ਅਰਥ ਮੰਤ੍ਰੀ]

ਲੋਹਾ ਜ਼ਿਆਦਾ ਹੋ ਗਿਆ ਹੈ। ਪਹਿਲਾਂ ਲੋਹਾ ਸਸਤੀ ਕੀਮਤ ਤੇ ਮਿਲਦਾ ਸੀ ਤੇ ਜਦੋਂ ਸਸਤਾ ਨਾ ਰਿਹਾ ਤਾਂ ਕਾਰਖਾਨੇ ਵਾਲੇ ਮਹਿਸੂਸ ਕਰਨ ਲੱਗ ਪਏ। ਜਦੋਂ ਤੋਂ ਲੋਕਾਂ ਨੂੰ ਪਤਾ ਲੱਗਾ ਹੈ ਕਿ ਭਾਰਤ ਸਰਕਾਰ ਨੇ ਇਸ ਸਬੰਧ ਵਿਚ case take up ਕੀਤਾ ਹੈ ਤਾਂ ਕੁਝ ਆਸ ਲਾ ਕੇ ਬੈਠੇ ਹੋਏ ਸਨ। ਇਸ ਗਲ ਨੂੰ 1½ ਸਾਲ ਹੋ ਗਿਆ ਹੈ ਪਰ ਹਾਲੇ ਤਕ ਕੋਈ ਫੈਸਲਾ ਨਹੀਂ ਹੋਇਆ। ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਸੰਬੰਧ ਵਿਚ ਅਸਾਂ ਡੇਢ ਦਰਜਨ ਚਿਠੀਆਂ ਲਿਖ ਚੁਕੇ ਹਾਂ ਤੇ ਕਈ ਵਾਰ ਮੈਂ ਭਾਰਤ ਸਰਕਾਰ ਦੇ Minister for Industries ਨੂੰ ਵੀ ਮਿਲਿਆ ਹਾਂ ਤੇ ਇਕ ਵਾਰੀ Iron and Steel Controller ਵੀ ਉਥੇ ਮੌਜੂਦ ਸਨ। ਇਸ ਵਿਚ ਕੋਈ ਸ਼ਕ ਨਹੀਂ ਕਿ ਸਮਾਂ ਜ਼ਿਆਦਾ ਲਗ ਗਿਆ ਹੈ ਪਰ ਮੈਂ ਆਸ ਕਰਦਾ ਹਾਂ ਕਿ ਇਸ ਸੰਬਧ ਵਿਚ ਛੇਤੀ ਹੀ ਫੈਸਲਾ ਹੋ ਜਾਵੇਗਾ। ਮੈਂ ਸਮਝਦਾ ਸਾਂ ਕਿ ਇਹ ਫੈਸਲਾ ਮਾਰਚ ਤਕ ਹੋ ਜਾਏਗਾ ਪਰ ਹਾਲੇ ਤਕ ਨਹੀਂ ਹੋਇਆ। ਮੈਨੂੰ ਪੂਰੀ ਆਸ ਹੈ ਕਿ ਫੈਸਲਾ ਬਹੁਤ ਛੇਤੀ ਹੋ ਜਾਏਗਾ ਤੇ ਸਾਡੀ industry ਨੂੰ ਫਾਇਦਾ ਪਹੁੰਚੇਗਾ।

ਇਸ ਦੇ ਇਲਾਵਾ ਇਹ ਕਿਹਾ ਗਿਆ ਹੈ ਕਿ Store Purchase Department ਵਿਚ ਬੜੀ ਤਬਦੀਲੀ ਦੀ ਲੋੜ ਹੈ। ਜਿਹੜੇ ਅਫਸਰ ਟੈਂਡਰ call ਕਰਦੇ ਹਨ ਉਹ ਰੁਪਏ ਦੀ payment ਕਰਦੇ ਹਨ। ਮੈਨੂੰ ਇਸਤਰ੍ਹਾਂ ਮਲੂਮ ਹੁੰਦਾ ਹੈ ਕਿ ਮੇਰੇ ਮਾਨਯੋਗ ਮਿਤਰ ਨੂੰ ਇਸ procedure ਦਾ ਪਤਾ ਹੀ ਨਹੀਂ। ਮੈਂ ਉਹਨਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਉਸ ਮਹਿਕਮੇ ਵਿਚ ਇਸਤਰ੍ਹਾਂ ਦਾ procedure ਨਹੀਂ। ਟੈਂਡਰ store and purchase ਅਫਸਰ call ਕਰਦਾ ਹੈ ਤੇ ਆਮ ਤੌਰ ਤੇ ਜਿਹੜੇ ਮਹਿਕਮੇ ਨੂੰ ਚੀਜ਼ ਦੀ ਲੋੜ ਹੋਵੇ ਉਹ ਮਹਿਕਮੇ ਦਾ ਅਫਸਰ ਉਥੇ ਮੌਜੂਦ ਹੁੰਦਾ ਹੈ ਕਿਉਂਕਿ ਕਈ ਵਾਰੀ ਨਮੂਨੇ ਵੇਖਣ ਦੀ ਲੋੜ ਹੁੰਦੀ ਹੈ। ਉਹਦੀ ਹਾਜ਼ਰੀ ਵਿਚ ਹੀ ਟੈਂਡਰ ਵੇਖੇ ਜਾਂਦੇ ਹਨ ਤੇ Store Purchase Officers ਤੇ ਮਹਿਕਮੇ ਦਾ ਅਫਸਰ ਮਿਲਕੇ ਟੈਂਡਰ ਮਨਜ਼ੂਰ ਕਰਨ ਦਾ ਫੈਸਲਾ ਕਰਦੇ ਹਨ। ਪੈਸੇ ਦੀ ਅਦਾਇਗੀ ਮਹਿਕਮਾ ਖੁਦ ਕਰਦਾ ਹੈ ਤੇ Store and Purchase ਅਫਸਰ ਦਾ ਇਸ ਵਿਚ ਕੋਈ ਹੱਥ ਨਹੀਂ ਹੁੰਦਾ। ਇਸ ਸਬੰਧ ਵਿਚ ਜੇ ਕਿਸੇ ਮਾਨਯੋਗ ਮੈਂਬਰ ਨੂੰ ਕੋਈ ਸ਼ਿਕਾਇਤ ਹੋਵੇ ਤਾਂ ਉਸ ਨੂੰ ਦੂਰ ਕਰਨ ਦਾ ਪੂਰਾ ਪੂਰਾ ਜਤਨ ਕੀਤਾ ਜਾਏਗਾ Store and Purchase ਅਫਸਰ ਪਬਲਿਕ ਸਰਵਿਸ ਕਮਿਸ਼ਨ ਦੀ ਰਾਹੀਂ ਰਖੇ ਜਾਂਦੇ ਹਨ ਤੇ ਪਹਿਲੇ Stores and purchase ਅਫਸਰ ਨੂੰ ਤਬਦੀਲ ਕਰ ਦਿਤਾ

ਗਿਆ ਹੈ । ਮੈਂ ਆਪ ਕਹਿੰਦਾ ਹਾਂ ਕਿ ਨਵੇਂ Stores and purchase ਅਫ਼ਸਰ ਦੀ ਕੋਈ ਸ਼ਿਕਾਇਤ ਨਹੀਂ ਹੋਣ ਲਗੀ ਤੇ ਜੇ ਕੋਈ ਸ਼ਿਕਾਇਤ ਹੋਈ ਤਾਂ ਇਸ ਨੂੰ ਦੂਰ ਕਰਣ ਦਾ ਜਤਨ ਕੀਤਾ ਜਾਏਗਾ ।

ਇਸ ਦੇ ਇਲਾਵਾ ਮੁੜ ਵਸਾਊ ਮਹਿਕਮੇ ਦੇ ਸਟਾਫ ਦੀ ਜਿਹੜੀ Retrenchment ਹੋ ਰਹੀ ਹੈ ਉਸ ਵਲ ਸਰਕਾਰ ਦਾ ਧਿਆਨ ਦੁਆਇਆ ਗਿਆ ਹੈ । ਮੈਂ ਮਾਨਯੋਗ ਮੈਂਬਰਾਂ ਨੂੰ ਦਸਣਾ ਚਹੁੰਦਾ ਹਾਂ ਕਿ ਮੁੜ-ਵਸਾਊ ਮਹਿਕਮੇ ਦਾ ਇੰਚਾਰਜ ਹੋਣ ਦੀ ਹੈਸੀਅਤ ਵਿਚ ਮੈਂ ਇਸ case ਤੇ ਗੌਰ ਕਰ ਰਿਹਾ ਹਾਂ ਤੇ ਇਸ ਨੂੰ ਛੇਤੀ ਹੀ ਮੰਤ੍ਰੀ ਮੰਡਲ ਦੀ ਬੈਠਕ ਵਿਚ ਪੇਸ਼ ਕੀਤਾ ਜਾਏਗਾ । ਮੈਂ ਸਮਝਦਾ ਹਾਂ ਕਿ ਜਿਸਤਰ੍ਹਾਂ Civil Supplies ਮਹਿਕਮੇ ਵਿਚ retrench ਹੋਏ ਹੋਏ ਸਟਾਫ ਨੇ absorb ਕਰਨ ਦਾ ਯਤਨ ਕੀਤਾ ਹੈ ਇਸੇ ਤਰਾਂ ਮੁੜ ਵਸਾਊ ਮਹਿਕਮੇ ਦੇ ਸਟਾਫ ਨੂੰ ਵੀ ਦੂਜਿਆਂ ਮਹਿਕਮਿਆਂ ਵਿਚ absorb ਕਰਨਾ ਚਾਹੀਦਾ ਹੈ । ਬਹੁਤ ਸਾਰੇ ਇਸ ਮਹਿਕਮੇ ਦੇ ਅਫ਼ਸਰ ਦੂਜਿਆਂ ਮਹਿਕਮਿਆਂ ਵਿਚ absorb ਕਰ ਦਿੱਤੇ ਗਏ ਹਨ ਤੇ ਇਸਤਰਾਂ ਬਾਕੀ ਦੇ ਸਟਾਫ਼ ਨੂੰ ਵੀ absorb ਕਰਨ ਦਾ ਪੂਰਾ ਪੂਰਾ ਜਤਨ ਕੀਤਾ ਜਾਏਗਾ ।

ਇਸ ਦੇ ਉਪਰਾਂਤ ਇਹ ਕਿਹਾ ਗਿਆ ਹੈ ਕਿ Custodian-General ਵਲੋਂ ਅਖ਼ਬਾਰਾਂ ਵਿਚ ਇਹ ਐਲਾਨ ਕੀਤਾ ਗਿਆ ਹੈ ਕਿ land allottees ਨੂੰ ਸ਼ਹਿਰਾਂ ਵਿਚ ਕੋਈ ਮਕਾਨ ਅਲਾਟ ਨਾ ਕੀਤਾ ਜਾਵੇ ਤਾਂ ਉਨ੍ਹਾਂ ਦਾ ਸ਼ਹਿਰੀ claim ਵੀ ਮਨਜ਼ੂਰ ਹੋਇਆ ਨ ਹੋਵੇ । ਮੈਂ ਇਸ ਸੰਬੰਧ ਵਿਚ ਦਸਣਾ ਚਾਹੁੰਦਾ ਹਾਂ ਕਿ ਇਹ ਗਲ ਬਿਲਕੁਲ ਗਲਤ ਹੈ । ਕਿਸੇ allottee ਨੂੰ ਇਸ ਵਜਾਹ ਨਾਲ ਕਢਿਆ ਨਹੀਂ ਚਲਿਆ । ਮੈਂ ਨਹੀਂ ਜਾਣਦਾ ਕਿ ਇਹ ਗਲਤਫ਼ਹਿਮੀ ਕਿਸਤਰ੍ਹਾਂ ਪੈਦਾ ਹੋ ਗਈ ਹੈ ਤੇ ਇਹ ਖ਼ਬਰ ਕਿਸ ਅਖਬਾਰ ਵਿਚ ਛਾਪੀ ਹੈ ਪਰ ਮੈਂ ਇਸ ਬਾਰੇ ਵਿਚ ਦਸਣਾ ਚਾਹੁੰਦਾ ਹਾਂ ਕਿ ਇਹ ਖਬਰ ਬਿਲਕੁਲ ਗਲਤ ਤੇ ਬੇਬੁਨਿਆਦ ਹੈ ।

ਮੇਰੇ ਮਾਨਯੋਗ ਮਿੱਤਰ ਸਰਦਾਰ ਹਰਕਿਸ਼ਨ ਸਿੰਘ ਸੁਰਜੀਤ ਨੇ ਕਿਹਾ ਹੈ ਕਿ ਬਜਟ ਜੋ ਹੁੰਦਾ ਹੈ ਲੋਕਾਂ ਨੂੰ ਚੁਕਣ ਲਈ ਹੋਣਾ ਚਾਹੀਦਾ ਹੈ । ਮੈਂ ਨਹੀਂ ਸਮਝਦਾ ਕਿ ਚੁਕਣ ਦਾ ਕੀ ਮਤਲਬ ਹੈ । ਕੀਹ ਮੇਰੇ ਮਾਨਯੋਗ ਮਿੱਤਰ ਦਾ ਮਤਲਬ physically ਚੁਕਣ ਦਾ ਹੈ । ਜੇ ਮੇਰੇ ਮਿੱਤਰ ਨੇ ਬਜਟ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੋਵੇ ਤਾਂ ਇਸ ਵਿਚ ਸਵਾਇ ਉਪਰ ਚੁਕਣ ਦੇ ਹੋਰ ਕੋਈ ਚੀਜ਼ ਹੈ ਹੀ ਨਹੀਂ । ਇਹ ਬਜਟ ਲੋਕਾਂ ਦੀ ਭਲਾਈ ਲਈ ਤਿਆਰ ਕੀਤਾ ਗਿਆ ਹੈ । ਮੇਰੇ ਮਿੱਤਰਾਂ ਨੇ ਮੁੜ ਮੁੜ ਕੇ civil administration ਤੇ

ਮਾਲ ਮੰਤ੍ਰੀ]

ਇਤਰਾਜ਼ ਕੀਤਾ ਹੈ ਹਾਲਾਂਕਿ Re-organisation Scheme ਦੇ ਮੁਤਾਬਕ ਇਸ ਤੇ ਸਿਰਫ 12 ਲਖ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਗਲ ਦੇ ਬਾਵਜੂਦ ਕਿ ਆਬਾਦੀ ਹਰ ਸਾਲ ਵਧਦੀ ਜਾਂਦੀ ਹੈ ਤੇ ਬਾਵਜੂਦ ਇਸ ਗਲ ਦੇ ਕਿ ਮੇਰੇ ਮਿੱਤਰਾਂ ਦੀ ਮਿਹਰਬਾਨੀ ਨਾਲ ਪੁਲਿਸ ਦਾ ਕੰਮ ਅਗੇ ਨਾਲੋਂ ਬਹੁਤ ਵਧ ਗਿਆ ਹੈ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ ਵਿਚ ਥੋੜੀ ਰਕਮ Civil Administration ਲਈ ਰਖੀ ਗਈ ਹੈ। ਜੇ ਮਜਮੂਈ ਰਕਮ ਨੂੰ ਵੀ ਵੇਖਿਆ ਜਾਏ ਤਾਂ ਵੀ ਇਸ ਸੰਬਧ ਵਿਚ ਖਰਚ 27 ਫੀ ਸਦੀ ਤੋਂ ਘਟਾ ਕੇ 23 ਫੀ ਸਦੀ ਕਰ ਦਿਤਾ ਹੈ। ਅਸਾਂ ਹਕੂਮਤ ਨੂੰ ਚੰਗੀ ਤਰਾਂ ਚਲਾਣਾ ਹੈ ਪਰ ਜੇ ਮੇਰੇ ਮਾਨਯੋਗ ਮਿੱਤਰ ਇਹ ਚਾਹੁੰਦੇ ਹਨ ਕਿ ਪ੍ਰਾਂਤ ਵਿਚ ਬਦਅਮਨੀ ਫੈਲੇ ਤਾਂ ਅਸੀਂ ਉਨ੍ਹਾਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ। ਮੈਂ ਉਨ੍ਹਾਂ ਨੂੰ ਯਕੀਨ ਦੁਵਾਉਂਦਾ ਹਾਂ ਕਿ ਖਰਚ ਵਿਚ ਬਚੱਤ ਕਰਨ ਲਈ ਅਸੀਂ risk ਵੀ ਲਿਆ ਹੈ। ਕਮਿਸ਼ਨਰ ਦੀ ਇਕ post ਘਟਾ ਦਿਤੀ ਹੈ। ਚੀਫ ਇੰਜੀਨੀਅਰ ਬਿਲਡਿੰਗਜ਼ ਤੇ ਰੋਡਜ਼ ਬਰਾਂਚ ਦੇ ਦੋ ਦੀ ਬਜਾਏ ਇਕ ਚੀਫ ਇੰਜੀਨੀਅਰ ਕਰ ਦਿਤਾ ਹੈ। ਅਸੀਂ ਜਨਤਾ ਦੀ ਭਲਾਈ ਲਈ civil administration ਤੇ ਖਰਚ ਕਰ ਰਹੇ ਹਾਂ ਤਾਂ ਜੋ ਪ੍ਰਾਂਤ ਵਿਚ ਅਮਨ ਕਾਇਮ ਰਹੇ। ਬਿਨਾ ਅਮਨ ਕਾਇਮ ਕਰਨ ਦੇ ਪ੍ਰਾਂਤ ਵਿਚ ਤਰੱਕੀ ਨਹੀਂ ਹੋ ਸਕਦੀ। ਅਸੀਂ ਲੋਕਾਂ ਨੂੰ ਦਸਣਾ ਚਾਹੁੰਦੇ ਹਾਂ ਕਿ ਹਕੂਮਤ ਦਾ ਕੰਮ ਠੀਕ ਤਰਾਂ ਨਾਲ ਹੋ ਰਿਹਾ ਹੈ ਤੇ ਇਸ ਤੋਂ ਖਰਚ ਘਟਾਣਾ ਮੁਮਕਿਨ ਨਹੀਂ। ਮੈਂ ਹਾਊਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਕੋਈ ਮੁੜਕੇ ਨਵਾਂ ਅਫਸਰ ਮੁਕੱਰਰ ਨਹੀਂ ਕਰਨ ਲਗੇ। ਅਸੀਂ ਚਾਹੁੰਦੇ ਹਾਂ ਕਿ ਰੁਪਿਆ ਐਵੇਂ ਫਜ਼ੂਲ ਖਰਚ ਨ ਕੀਤਾ ਜਾਏ। ਦੂਜੇ ਪਾਸੇ ਅਰਥਾਤ ਸੜਕਾਂ ਬਣਾਉਣ ਲਈ, ਆਬਪਾਸ਼ੀ ਲਈ ਤੇ ਬਿਜਲੀ ਤੇ ਖਰਚ ਕੀਤਾ ਜਾਏ ਜਿਨ੍ਹਾਂ ਦੀ ਇਸ ਪ੍ਰਾਂਤ ਵਿਚ ਬੜੀ ਲੋੜ ਹੈ।

ਫੇਰ ਮੇਰੇ ਇਕ ਦੋਸਤ ਨੇ ਕਿਹਾ ਹੈ ਕਿ taxation ਦਾ ਨਵਾਂ ਸਿਲਸਲਾ ਨਹੀਂ ਜਾਰੀ ਕੀਤਾ ਗਿਆ, ਉਹੀ ਅੰਗਰੇਜ਼ੀ ਰਾਜ ਵਾਲਾ ਤਰੀਕਾ ਹੁਣ ਵੀ ਚਾਲੂ ਹੈ। ਇਹ ਠੀਕ ਹੈ ਕਿ ਅਜੇ ਇਸ system ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ। ਪਰ ਮੇਰੇ ਦੋਸਤ ਨੂੰ ਪਤਾ ਹੈ ਕਿ ਹਿੰਦ ਸਰਕਾਰ ਨੇ ਇਕ Taxation Enquiry Committee ਬਣਾਈ ਹੈ ਜਿਸ ਦੀ ਪ੍ਰਧਾਨਗੀ ਇਕ ਬਹੁਤ ਲਾਇਕ ਆਦਮੀ ਕਰ ਰਹੇ ਹਨ। ਉਹ ਕਮੇਟੀ ਵੇਖ ਰਹੀ ਹੈ ਕਿ taxation ਦੇ system ਨੂੰ ਕਿਸ ਤਰ੍ਹਾਂ

ਤਬਦੀਲ ਕਰਨ ਦੀ ਲੋੜ ਹੈ, ਕਿਸ ਥਾਂ ਭਾਰ ਪਿਆਦਾ ਹੈ ਅਤੇ ਕਿੱਥੇ ਥੋੜਾ ਹੈ; ਕਿਥੇ ਘਟਾਉਣ ਦੀ ਅਤੇ ਕਿੱਥੇ ਵਧਾਉਣ ਦੀ ਲੋੜ ਹੈ। ਬਾਵਜੂਦ ਇਸ scientific enquiry ਦੇ ਸਰਕਾਰ ਨੇ direct taxation ਵਿਚ ਜੋ relief ਦਿਤਾ ਹੈ ਉਹ ਥੱਲੇ ਵਾਲਿਆਂ ਨੂੰ ਦਿਤਾ ਹੈ। ਪਹਿਲਾਂ ਅੰਗਰੇਜ਼ ਦੇ ਜ਼ਮਾਨੇ ਵਿਚ ਇਨਕਮ-ਟੈਕਸ 3,600 ਰੁਪਏ ਤੋਂ ਉਪਰ ਵਾਲੀ ਆਮਦਨ ਤੇ ਲਗਦਾ ਸੀ ਪਰ ਹੁਣ 4,2,00 ਰੁਪਏ ਤੋਂ ਸ਼ੁਰੂ ਹੁੰਦਾ ਹੈ। ਜਿੱਥੋਂ ਤਕ ਵੱਡੇ ਤਬਕੇ ਤੇ ਟੈਕਸ ਦਾ ਤਅਲੁਕ ਹੈ ਉਹ ਸਾਡੇ ਦੇਸ਼ ਵਿਚ ਸਾਰੀ ਦੁਨੀਆ ਨਾਲੋਂ, ਸਿਵਾਏ ਇੰਗਲੈਂਡ ਦੇ, ਵਧੇਰਾ ਹੈ, ਇਹ ਇਸ ਲਈ ਹੈ ਕਿ ਛੋਟੇ ਤਬਕੇ ਨੂੰ ਵਧੇਰੇ ਲਾਭ ਪਹੁੰਚੇ ਅਤੇ ਵੱਡੇ ਤਬਕੇ ਤੇ ਵਧੇਰੇ ਭਾਰ ਪਾਇਆ ਜਾਵੇ। ਫੇਰ ਹੁਣ Death Duty ਲਈ ਗਈ ਹੈ ਉਹ ਵੀ 50,000 ਰੁਪਏ ਅਤੇ ਇਕ ਲਖ ਰੁਪਏ ਦੀ ਜਾਇਦਾਦ ਤਕ ਮੁਆਫ ਕਰ ਦਿਤੀ ਗਈ ਹੈ ਤਾਂ ਜੋ ਇੰਨੀ ਜਾਇਦਾਦ ਵਾਲੇ ਲੋਕਾਂ ਦੀ ਉਲਾਦ ਗੁਜ਼ਾਰਾ ਕਰ ਸਕੇ। ਅਤੇ ਜਿਨ੍ਹਾਂ ਤੇ ਇਹ ਡਿਊਟੀ ਲਾਈ ਗਈ ਹੈ ਉਨ੍ਹਾਂ ਤੇ ਵੀ slab system ਨਾਲ ਲਾਈ ਗਈ ਹੈ। ਥੱਲੇ ਵਾਲਿਆਂ ਤੇ ਘਟ, ਫੇਰ ਜ਼ਿਆਦਾ ਅਤੇ ਅਖੀਰ ਵਿਚ ਉਪਰ ਵਾਲਿਆਂ ਤੇ ਸਭ ਤੋਂ ਜ਼ਿਆਦਾ ਹੈ। ਪਰ ਜਿਥੋਂ ਤਕ ਹਰੇਕ ਟੈਕਸ ਦੀ ਵੰਡ ਦਾ ਸਵਾਲ ਹੈ ਇਸ ਤੇ scientific enquiry ਹੋ ਰਹੀ ਹੈ ਅਤੇ ਉਸ enquiry ਦੀ ਰਿਪੋਰਟ ਆਉਣ ਤੇ ਸਰਕਾਰ ਮੁਨਾਸਿਬ ਤਬਦੀਲੀਆਂ ਕਰੇਗੀ

ਫੇਰ industry ਬਾਰੇ ਕਿਹਾ ਗਿਆ ਹੈ ਕਿ big Industry ਕਿਉਂ ਨਹੀਂ ਸ਼ੁਰੂ ਕੀਤੀ ਜਾਂਦੀ। ਮੇਰੇ ਦੋਸਤਾਂ ਨੂੰ ਪਤਾ ਹੈ ਕਿ ਅਸੀਂ ਪ੍ਰਾਂਤ ਦੇ ਵਿਕਾਸ ਲਈ Government of India ਤੋਂ ਕਰਜ਼ਾ ਲੈਂਦੇ ਹਾਂ। ਅਸੀਂ ਸਭ ਕੁਝ ਉਨ੍ਹਾਂ ਦੇ ਰੁਪੈ ਨਾਲ ਕਰ ਰਹੇ ਹਾਂ। ਮੈਨੂੰ ਦਸੋ ਕਿ ਸਭ ਤੋਂ ਪਹਿਲਾਂ ਲੋੜ ਕਿਸ ਚੀਜ਼ ਦੀ ਹੈ? ਸਭ ਤੋਂ ਪਹਿਲੀ ਚੀਜ਼ ਭੁਖ ਦੂਰ ਕਰਨੀ ਹੈ ਕਿਉਂਕਿ ਅਨਾਜ ਮੰਗਾਉਣ ਲਈ ਸਾਡੇ ਕ੍ਰੋੜਾਂ ਰੁਪੈ ਬਾਹਰ ਜਾਂਦੇ ਰਹੇ ਹਨ। ਸਭ ਤੋਂ ਪਹਿਲਾਂ ਇਸ ਕ੍ਰੋੜਹਾ ਰੁਪੈ ਨੂੰ ਜਿਹੜਾ ਬਾਹਰ ਜਾਂਦਾ ਹੈ, ਬਚਾਉਣ ਦਾ ਸਵਾਲ ਸੀ। ਮੈਂ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਥੋੜੇ ਜਿਹੇ ਸਮੇਂ ਵਿਚ ਹੀ ਅਸੀਂ ਇੰਨਾਂ ਅਨਾਜ ਪੈਦਾ ਕਰਨ ਲਗ ਪਏ ਹਾਂ ਕਿ ਅਨਾਜ ਦਾ ਕਾਫੀ ਘਾਟਾ ਪੂਰਾ ਹੋ ਗਿਆ ਹੈ ਅਤੇ ਜਿਥੋਂ ਤਕ ਪੰਜਾਬ ਦਾ ਸਵਾਲ ਹੈ ਇਹ ਤਾਂ ਅਪਣੀ ਲੋੜ ਪੂਰੀ ਕਰਕੇ ਦੂਜੇ ਸੂਬਿਆਂ ਨੂੰ ਵੀ ਅਨਾਜ ਦੇਣ ਲਗ ਪਿਆ ਹੈ। ਪਹਿਲੇ Five-Year Plan ਵਿਚ ਸਭ ਤੋਂ ਵੱਧ ਜ਼ੋਰ Agriculture, Irrigation, Power ਅਤੇ Electricity ਤੇ ਦਿੱਤਾ ਗਿਆ

[ਅਰਥ ਮੰਤ੍ਰੀ]

ਹੈ ਤਾਂ ਜੋ ਇਹ ਸਾਰੀਆਂ ਉਪਜਾਊ ਚੀਜ਼ਾਂ ਵਧੇਰੇ ਹੋਣ ਅਤੇ Raw Material ਦਾ ਘਾਟਾ ਪੂਰਾ ਹੋ ਸਕੇ।

ਰੂਈ ਅਸੀਂ ਬਾਹਰੋਂ ਮੰਗਵਾਂਦੇ ਹਾਂ। ਪਾਕਿਸਤਾਨ ਬਣਨ ਕਰਕੇ ਰੂਈ ਦੀ 15 ਲਖ ਗੱਠ ਦੀ ਪੈਦਾਵਾਰ ਉਸ ਪਾਸੇ ਚਲੀ ਗਈ। ਜੂਟ ਬਾਹਰ ਚਲਿਆ ਗਿਆ। ਇਸ ਲਈ ਅਸਾਂ ਜੂਟ ਪੈਦਾ ਕੀਤਾ। ਜੇ ਜੂਟ ਪੈਦਾ ਨਾ ਕਰਦੇ ਤਾਂ ਸਾਡੀਆਂ ਜੂਟ ਦੀਆਂ ਮਿੱਲਾਂ ਉਸੇ ਤਰ੍ਹਾਂ ਪਈਆਂ ਰਹਿੰਦੀਆਂ। ਇਸ ਲਈ ਅਸਾਂ ਪਟਸਨ ਵਧੇਰੀ ਪੈਦਾ ਕੀਤੀ। ਇਸ ਦੇ ਨਾਲ ਅਨਾਜ ਵੀ ਜ਼ਿਆਦਾ ਪੈਦਾ ਹੋਇਆ। ਰੂਈ ਦੀ ਪੈਦਾਵਾਰ ਇਕ ਸਾਲ ਵਿਚ 30 ਲਖ ਗਠ ਤੋਂ ਵਧ ਕੇ 40 ਲਖ ਗਠ ਹੋਈ ਹੈ। ਇਸ ਤਰ੍ਹਾਂ ਜੂਟ ਦੀ ਪੈਦਾਵਾਰ ਦੁਗਣੀ ਹੋ ਗਈ ਹੈ।

ਫੇਰ ਮੇਰੇ ਇਕ ਦੋਸਤ ਨੇ ਕਿਹਾ ਕਿ ਪੰਜਾਬ ਵਿਚ ਸੀਮਿੰਟ ਅਤੇ fertilizers ਦੀ ਫੈਕਟਰੀਆਂ ਲਗਾਉਣੀਆਂ ਚਾਹੀਦੀਆਂ ਹਨ। 1949 ਵਿਚ ਸਰਕਾਰ ਨੇ ਇਕ ਸਕੀਮ ਬਣਾਈ ਸੀ ਜਿਸ ਅਨੁਸਾਰ ਇਕ ਸੀਮਿੰਟ ਫੈਕਟਰੀ ਲਾਉਣ ਦਾ ਵਿਚਾਰ ਸੀ। ਅਸਾਂ ਸੋਚਿਆ ਸੀ ਕਿ ਭਾਖੜਾ ਨੰਗਲ ਪ੍ਰਾਜੈਕਟ ਲਈ ਕਰਜ਼ਾ Government of India ਨੇ ਮਨਜ਼ੂਰ ਕੀਤਾ ਸੀ ਅਤੇ ਉਸੇ ਵਿਚ ਹੀ ਸੀਮਿੰਟ ਦੀ ਫ਼ੈਕਟਰੀ ਲਗ ਜਾਵੇ। ਜੇ ਇਹ ਕੰਮ ਨਾਲ ਹੀ ਹੋ ਜਾਂਦਾ ਤਾਂ ਸਾਨੂੰ ਫ਼ਾਇਦਾ ਸੀ। ਪਰ ਦੂਜੀ ਇਕ ਕੰਪਨੀ ਨੇ---ਉਹ ਵੀ ਹਿੰਦੁਸਤਾਨ ਦੀ ਕੰਪਨੀ ਹੈ---ਕਿਹਾ ਕਿ ਅਸੀਂ ਪੰਜਾਬ ਨੂੰ ਸਸਤਾ ਸੀਮਿੰਟ ਦੇ ਦਿਆਂਗੇ। ਉਹ ਕੰਪਨੀ ਸਾਨੂੰ ਸਸਤਾ ਸੀਮਿੰਟ ਦਿੰਦੀ ਵੀ ਰਹੀ ਹੈ। ਇਸ ਲਈ ਉਹ ਸੀਮਿੰਟ ਫੈਕਟਰੀ ਮੁਲਤਵੀ ਹੋ ਗਈ। ਫ਼ੇਰ ਵੀ ਅਸੀਂ ਇਸ ਸਕੀਮ ਦੀ ਪੈਰਵੀ ਕਰ ਰਹੇ ਸਾਂ। ਪਰ ਉਸ ਦੌਰਾਨ ਵਿਚ ਜਿਨ੍ਹਾਂ ਨੂੰ Push ਕਰਨ ਦਾ ਸ਼ੌਕ ਹੈ, ਉਨ੍ਹਾਂ ਨੇ Push ਕੀਤਾ ਅਤੇ ਮਨਿਸਟਰੀ ਬਾਹਿਰ ਚਲੀ ਗਈ। ਹੁਣ ਫੇਰ ਮੈਂ ਭਾਖੜਾ ਕੰਟ੍ਰੋਲ ਬੋਰਡ ਦੀ ਪਿਛਲੀ ਮੀਟਿੰਗ ਵਿਚ ਇਸ ਸਵਾਲ ਨੂੰ ਉਠਾਇਆ ਸੀ। ਮੈਂ ਕਿਹਾ ਸੀ ਕਿ ਸਾਨੂੰ ਸੀਮਿੰਟ ਮਹਿੰਗਾ ਮਿਲਿਆ ਹੈ। ਅਸੀਂ ਹੁਣ ਫੇਰ ਉਸ ਸੀਮਿੰਟ ਫੈਕਟਰੀ ਦੀ ਤਜਵੀਜ਼ ਨੂੰ ਸ਼ੁਰੂ ਕਰ ਰਹੇ ਹਾਂ। (*cheers*)

श्रीमती शन्नो देवी : On a point of order, Sir, मैं Finance Minister साहिब से पूछना चाहती हूं कि जो अमृतसर से Industry उजड़ रही है उसके लिए आप क्या कुछ कर रहे हैं ?

अध्यक्ष महोदय : यह point of order नहीं है ।

ਅਰਥ ਮੰਤ੍ਰੀ : ਜਿਹੜੀ ਡਿਊਟੀ Art Fabric ਤੇ ਲਾਈ ਗਈ ਹੈ ਉਸ ਬਾਰੇ ਅਸਾਂ Central Government ਨੂੰ represent ਕੀਤਾ ਹੈ ਅਤੇ ਉਨ੍ਹਾਂ ਨੇ ਉਸ ਵਿਚ ਤਰਮੀਮ ਵੀ ਕੀਤੀ ਹੈ। ਪਰ ਉਸ ਤਰਮੀਮ ਨਾਲ ਵੀ ਉਹ industry ਬਚ ਨਹੀਂ ਸਕੀ। ਦੂਸਰੇ ਜਿਹੜਾ ਉਨ੍ਹਾਂ ਨੇ ਮਜ਼ਦੂਰਾਂ ਤੇ ਕਾਰਖਾਨੇਦਾਰਾਂ ਦੇ ਝਗੜੇ ਬਾਰੇ ਕਿਹਾ ਸੀ, ਉਸ ਲਈ ਨਵਾਂ ਟ੍ਰਿਬਿਊਨਲ ਮੁਕਰਰ ਕੀਤਾ ਗਿਆ ਹੈ। ਮੈਨੂੰ ਆਸ ਹੈ ਕਿ labour ਅਤੇ industrialists ਦੇ ਸੰਬੰਧ ਚੰਗੇ ਹੋ ਜਾਣਗੇ। ਪਰ ਇਸ ਕੰਮ ਵਿਚ ਜੇ ਮੇਰੇ ਸਾਮ੍ਹਣੇ ਬੈਠੇ ਦੋਸਤ ਮਦਦ ਕਰਨ (ਹਾਸਾ) ਤਾਂ ਮਜ਼ਦੂਰਾਂ ਅਤੇ ਕਾਰਖਾਨੇਦਾਰਾਂ ਦੇ ਸੰਬੰਧ ਛੇਤੀ ਚੰਗੇ ਹੋ ਸਕਦੇ ਹਨ।

ਫੇਰ ਟ੍ਰਾਂਸਪੋਰਟ ਦਾ ਜ਼ਿਕਰ ਹੋਇਆ ਹੈ। ਟ੍ਰਾਂਸਪੋਰਟ ਦੀ nationalization ਦਾ ਫੈਸਲਾ ਕਈ ਸਾਲਾਂ ਤੋਂ ਹੋ ਚੁਕਾ ਹੈ। ਇਸ ਨਾਲ ਸਰਕਾਰ ਨੂੰ ਮੁਨਾਫਾ ਹੋ ਸਕਦਾ ਹੈ। ਇਸ ਚੀਜ਼ ਬਾਰੇ ਇਹ ਕਹਿਣਾ ਕਿ ਇਹ ਫ਼ੈਸਲਾ ਕਿਸੇ political motive ਨਾਲ ਕੀਤਾ ਗਿਆ ਹੈ, ਠੀਕ ਨਹੀਂ। ਇਹ ਗਲ ਗਲਤ ਹੈ ਕਿ transport ਦਾ nationalization ਸਿੱਖਾਂ ਦੇ ਨੁਕਸਾਨ ਲਈ ਕੀਤੀ ਜਾ ਰਿਹਾ ਹੈ। policy ਦਾ ਫ਼ੈਸਲਾ ਹੋ ਚੁਕਾ ਹੈ। ਇਸ ਨਾਲ ਸਾਨੂੰ 50 ਲਖ ਰੁਪੈ ਦੀ investment ਨਾਲ ਦਸ ਯਾਰਾਂ ਲਖ ਰੁਪੈ ਦਾ ਮੁਨਾਫ਼ਾ ਹੋ ਗਿਆ ਹੈ। ਜੇ ਅਸਾਂ ਕਰਜ਼ਾ ਲੈਕੇ ਰੁਪਿਆ ਲਾਉਣਾ ਹੈ ਤਾਂ ਉਹ ਉਸ Industry ਤੇ ਨਹੀਂ ਲਾਇਆ ਜਾ ਸਕਦਾ ਜਿਸ ਲਈ experts ਦੀ ਲੋੜ ਹੋਵੇ ਅਤੇ ਬਹੁਤ ਸਰਮਾਏ ਦੀ ਅਤੇ ਮਿਹਨਤ ਦੀ ਲੋੜ ਹੋਵੇ। ਇਸ ਤਰ੍ਹਾਂ ਦੀ investment ਨੂੰ risk capital ਆਖਦੇ ਹਨ। ਉਸ ਵਿੱਚੋਂ ਮੁਨਾਫਾ ਯਕੀਨੀ ਨਹੀਂ ਹੁੰਦਾ। ਭਾਖੜਾ ਨੰਗਲ ਪ੍ਰਾਜੈਕਟ ਲਈ ਅਸਾਂ 1,50 ਕ੍ਰੋੜ ਰੁਪੈ ਕਰਜ਼ਾ ਲੈਣਾ ਹੈ। ਇਸ ਦੇ ਉਲਟ ਟ੍ਰਾਂਸਪੋਰਟ ਵਿਚ investment ਥੋੜੀ ਹੋਵੇਗੀ ਅਤੇ ਨਾਲ ਹੀ ਮੁਨਾਫਾ ਯਕੀਨੀ ਹੋਵੇਗਾ। ਨਾਲ ਹੀ ਇਹ ਸਾਡੀ ਪੁਰਾਣੀ commitment ਹੈ ਕਿ ਜਿੰਨੇ ਵੀ industrialist undertaking ਹਨ ਉਨ੍ਹਾਂ ਨੂੰ nationalise ਕਰਨਾ ਹੈ। ਟ੍ਰਾਂਸਪੋਰਟ ਨੂੰ nationalise ਕਰਨ ਦੀ ਵੀ commitment ਹੈ। ਮੈਂ ਸੁਰਜੀਤ ਜੀ ਨਾਲ ਸਹਿਮਤ ਹਾਂ ਕਿ ਦੋ ਤਿੰਨ ਵੱਡੀਆਂ industries ਐਥੇ ਲਾਈਆਂ ਜਾਣ। ਅਜੇ ਥੋੜੇ ਦਿਨ ਹੋਏ ਮੇਰੇ ਕੋਲ ਇਥੇ ਇਕ ਅਹਿਮਦਾਬਾਦ ਦਾ ਵੱਡਾ industrialist ਆਇਆ ਸੀ। ਉਹ ਕਹਿੰਦਾ ਸੀ ਕਿ ਮੈਂ ਇਥੇ ਕੋਈ ਮਕਾਨ ਲੈਣਾ ਚਾਹੁੰਦਾ ਹਾਂ। ਮੈਂ ਉਸ ਨੂੰ ਕਿਹਾ ਕਿ ਤੂੰ ਵੱਡਾ ਆਦਮੀ ਹੈ ਮਕਾਨ ਜਿੰਨੇ

[ਅਰਥ ਮੰਤ੍ਰੀ]

ਮਰਜ਼ੀ ਲੈ। ਪਰ ਅਸੀਂ ਚਾਹੁੰਦੇ ਹਾਂ ਕਿ ਤੂੰ ਇਥੇ ਸੀਮਿੰਟ ਦੀ ਫੈਕਟਰੀ ਲਾਵੇਂ। ਉਸ ਨੇ ਕਿਹਾ ਕਿ ਮੈਂ ਕਿਸੇ ਹੋਰ ਆਦਮੀ ਨਾਲ ਗਲ ਕਰਾਂਗਾ ਕਿਉਂਕਿ ਦੋ ਕ੍ਰੋੜ ਦੇ ਕਰੀਬ ਰੁਪਿਆ ਲੱਗਦਾ ਹੈ ਜੇ ਰੁਪਿਆ ਮਿਲ ਗਿਆ ਤਾਂ ਅਸੀਂ ਫੈਕਟਰੀ ਲਾ ਦਿਆਂਗੇ।

श्रीमती सीता देवी : Private transport companies के workers के बारे में सरकार की क्या नीति है ?

ਅਰਥ ਮੰਤ੍ਰੀ: ਜਿਥੋਂ ਤਾਈਂ ਹੋ ਸਕੇਗਾ ਉਨ੍ਹਾਂ ਨੂੰ ਨੌਕਰੀ ਦਿਤੀ ਜਾਇਗੀ। age limit ਸੰਬੰਧੀ ਨਿਯਮ ਉਨ੍ਹਾਂ ਲਈ ਢਿਲੇ ਕਰ ਦਿਤੇ ਗਏ ਹਨ। ਮੈਂ ਉਨ੍ਹਾਂ ਦੋਸਤਾਂ ਦੇ ਸ਼ੱਕ ਦੂਰ ਕਰਨਾ ਚਾਹੁੰਦਾ ਹਾਂ ਜਿਹੜੇ ਸਮਝਦੇ ਹਨ ਕਿ operators ਨੂੰ ਕੋਈ ਮੁਆਵਜ਼ਾ ਨਹੀਂ ਦਿਤਾ ਜਾਏਗਾ। ਜਿਹੜੇ routes ਲਏ ਜਾਣਗੇ ਉਨ੍ਹਾਂ ਦੇ ਬਦਲੇ ਉਨ੍ਹਾਂ ਨੂੰ ਹੋਰ routes ਦਿਤੇ ਜਾਣਗੇ। ਜਿਹੜੀ ਬਸ ਜ਼ਰਾ ਵੀ working order ਵਿਚ ਹੋਈ, ਉਹਨੂੰ ਲੈ ਲਿਆ ਜਾਏਗਾ ਤੇ ਉਹਦਾ ਮੁਆਵਿਜ਼ਾ ਨਾ ਦਿੱਤਾ ਜਾਏਗਾ। ਇਹ ਕਹਿਣਾ ਗਲਤ ਹੈ ਕਿ operators ਨੂੰ ਮੁਆਵਿਜ਼ਾ ਨਹੀਂ ਦਿੱਤਾ ਜਾਏਗਾ। ਮੈਂ ਉਨ੍ਹਾਂ ਦੋਸਤਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਰਕਾਰ ਦੀ operators ਨੂੰ ਨੁਕਸਾਨ ਪਹੁੰਚਾਣ ਦੀ ਕੋਈ ਨੀਯਤ ਨਹੀਂ। Government ਉਨ੍ਹਾਂ ਤੋਂ routes ਐਵੇਂ ਨਹੀਂ ਖੋਹ ਲਵੇਗੀ ਬਲਕਿ ਪੂਰਾ ਮੁਅਵਿਜ਼ਾ ਦੇਵੇਗੀ। ਹਾਂ, ਜੇ ਦੋ ਸਾਮ੍ਹਣੇ ਬੈਠੇ ਦੋਸਤਾਂ ਦੀ ਕੁਝ ਹੋਰ ਸਲਾਹ ਹੋਵੇ ਤਾਂ ਪਤਾ ਨਹੀਂ। (ਹਾਸਾ)

ਸ਼੍ਰੀ ਦੇਵ ਰਾਜ ਸੇਠੀ ਹੋਰਾਂ P.C.S. ਅਫਸਰਾਂ ਸੰਬੰਧੀ ਜੋ ਕਿਹਾ ਹੈ, ਉਹਦੇ ਬਾਰੇ ਇਹ ਅਰਜ਼ ਹੈ ਕਿ ਸਰਕਾਰ ਦੀ ਨੀਤੀ ਇਹੋ ਹੀ ਹੈ ਕਿ ਤਜਰਬਾਕਾਰ ਆਦਮੀਆਂ ਨੂੰ ਜ਼ਿਮੇਵਾਰੀ ਦੀਆਂ ਪੋਸਟਾਂ ਉਪਰ ਲਗਾਇਆ ਜਾਵੇ। ਅਜਿਹੀਆਂ ਅਸਾਮੀਆਂ ਉਪਰ ਐਸ ਵੇਲੇ 25 ਫੀ ਸਦੀ ਤੋਂ ਵਧ ਅਫ਼ਸਰ P.C.S. ਦੇ ਲਗੇ ਹੋਏ ਹਨ। ਇਸ ਸਿਲਸਿਲੇ ਵਿਚ ਮੈਂ ਇਕ general ਗੱਲ ਕਹਿਣੀ ਚਾਹੁੰਦਾ ਹਾਂ। Mr. Appleby ਜਿਹੜੇ Public Administration ਦੇ ਬੜੇ ਮਾਹਿਰ ਹਨ ਅਜਕਲ ਸਾਡੇ ਦੇਸ਼ ਦਾ ਦੌਰਾ ਕਰ ਰਹੇ ਹਨ। ਉਹ ਇਥੇ ਵੀ ਆਏ ਸਨ ਤੇ ਸਾਨੂੰ ਮਿਲੇ ਸਨ। ਮੁਖ ਮੰਤਰੀ ਅਤੇ ਸੈਕਟਰੀਆਂ ਨਾਲ ਉਨ੍ਹਾਂ ਦੀ ਕਾਫ਼ੀ

ਗੱਲ ਬਾਤ ਹੋਈ ਸੀ। ਅਸੀਂ ਸਾਰੀ Administrative set-up ਨੂੰ reorganise ਕਰਨ ਦੇ ਸਵਾਲ ਉਪਰ ਵਿਚਾਰ ਕਰ ਰਹੇ ਹਾਂ ਅਤੇ ਉਨ੍ਹਾਂ ਆਦਮੀਆਂ ਨੂੰ ਚੁਕਣਾ ਚਾਹੁੰਦੇ ਹਾਂ ਜਿਹੜੇ ਤਜਰਬਾਕਾਰ, ਮਿਹਨਤੀ ਤੇ ਲਾਇਕ ਹਨ।

ਫਿਰ, ਇਹ ਕਿਹਾ ਗਿਆ ਹੈ ਕਿ ਬਜਟ ਦੀ ਕਿਤਾਬ ਤਾਂ 613 ਸਫੇ ਦੀ ਹੈ ਤੇ New Expenditure ਦੀ 766 ਸਫਿਆਂ ਦੀ। ਸਾਡੇ ਦੋਸਤਾਂ ਨੂੰ ਇਹ ਵੀ ਪਤਾ ਨਹੀਂ ਕਿ New Expenditure ਦੀ ਕਿਤਾਬ ਵਿਚ ਨਵੇਂ ਖਰਚ ਦੀ ਹਰ ਮਦ ਦੀ ਤਸ਼ਰੀਹ ਕੀਤੀ ਜਾਂਦੀ ਹੈ ਤੇ ਅਧੇ ਸਫੇ ਇਸ ਤਰ੍ਹਾਂ ਲਗ ਜਾਂਦੇ ਹਨ। ਜੇ ਉਹ ਚਾਹੁੰਦੇ ਹਨ ਕਿ ਨਵੇਂ ਖਰਚ ਦੀ ਤਫਸੀਲ ਨਾ ਦਿਤੀ ਜਾਵੇ, ਤਾਂ ਇਹ ਕਿਤਾਬ 250 ਸਫਿਆਂ ਵਿਚ ਵੀ ਬਣਾਈ ਜਾ ਸਕਦੀ ਹੈ। ਇਹ ਤਫ਼ਸੀਲਾਂ ਤਾਂ ਉਨ੍ਹਾਂ ਦੀ ਸਹੂਲਤ ਲਈ ਦਿੱਤੀਆਂ ਗਈਆਂ ਹਨ।

ਆਰਜ਼ੀ ਅਸਾਮੀਆਂ ਦੇ ਸੰਬਧ ਵਿਚ ਇਹ ਅਰਜ਼ ਹੈ ਕਿ ਜੇ ਉਹ ਤਿੰਨ ਸਾਲ ਲਗਾਤਾਰ ਮਨਜ਼ੂਰ ਹੁੰਦਿਆਂ ਰਹਿਨ, ਤਾਂ ਉਸ ਤੋਂ ਪਿਛੋਂ ਉਨ੍ਹਾਂ ਨੂੰ permanent ਕਰ ਦਿਤਾ ਜਾਂਦਾ ਹੈ ਪਰ ਜਿਸ ਮਹਿਕਮੇ ਦਾ ਕੰਮ ਹੀ ਬਿਲਕੁਲ temporary ਹੋਵੇ ਅਤੇ ਉਸ ਨੇ temporary basis ਤੇ ਹੀ ਰਹਿਣਾ ਹੋਵੇ ਤਾਂ ਉਸ ਹਾਲਤ ਵਿਚ ਉਸ ਦੀਆਂ Posts ਨੂੰ ਕਿਸ ਤਰ੍ਹਾਂ ਪਕਿਆਂ ਕੀਤਾ ਜਾ ਸਕਦਾ ਹੈ।

ਸਰਦਾਰ ਗੁਰਬਤਾ ਸਿੰਘ ਹੋਰਾਂ ਨੂੰ ਪਤਾ ਹੈ ਕਿ Leather Market ਲਈ ਥਾਂ ਦੇਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਹਿਲਾਂ ਜਿਹੜੀ ਥਾਂ ਚੁਣੀ ਗਈ ਸੀ ਉਹ tannery ਲਈ ਮੁਆਫ਼ਿਕ ਨਹੀਂ ਸੀ। ਅਸੀਂ ਡਿਪਟੀ ਕਮਿਸ਼ਨਰ ਨੂੰ ਫਿਰ ਲਿਖੀਆ ਹੈ ਕਿ Leather Market ਦੇ ਬਨਾਉਣ ਲਈ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। tannery ਲਈ building ਨੂੰ ਹੋਰ ਜ਼ਰਾ ਪਰੇ ਜਾ ਕੇ ਬਨਾਇਆ ਜਾਏਗਾ।

ਫ਼ੇਰ ਇਹ ਹਿਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ ਕਿ ਜਿਹੜੀ Waste Land ਬਾਕੀ ਪਈ ਹੈ, ਉਹਨੂੰ ਲੈਣ ਦਾ ਮੌਕਾ ਹਰੀਜਨਾਂ ਨੂੰ ਦਿਤਾ ਜਾਏ। ਭਾਵੇਂ ਉਹ local ਹੋਣ ਤੇ ਭਾਵੇ displaced।

ਸਰਦਾਰ ਗੁਰਬੰਤਾ ਸਿੰਘ ਹੋਰਾਂ ਇਹ ਵੀ ਕਿਹਾ ਹੈ ਕਿ ਹਰੀਜਨਾਂ ਦੀ ਤਾਲੀਮ ਲਈ ਜ਼ਿਆਦਾ funds ਦਿਤੇ ਜਾਣ। ਇਸ ਸਾਲ ਦੇ ਬਜਟ ਵਿਚ ਇਸ

[ਅਰਥ ਮੰਤ੍ਰੀ]

ਮਤਲਬ ਲਈ 8 ਲਖ ਰੁਪੈ ਦਾ provision ਸੀ ਪਰ 4.5 ਲਖ ਰੁਪਿਆ ਵਧ ਖ਼ਰਚ ਕਰ ਦਿਤਾ ਗਿਆ ਸੀ। ਉਹ Contingency Fund ਵਿਚੋਂ ਦੇ ਦਿਤਾ ਗਿਆ ਹੈ। ਅਗਲੇ ਸਾਲ ਦੇ ਬਜਟ ਵਿਚ 9 ਲਖ ਰੁਪਿਆ ਦਿਤਾ ਜਾ ਰਿਹਾ ਹੈ ਤੇ Education Department ਨੂੰ ਕਿਹਾ ਗਿਆ ਹੈ ਕਿ ਜਿਹੜੇ ਲੋਕ afford ਕਰ ਸਕਦੇ ਹਨ, ਉਨ੍ਹਾਂ ਨੂੰ ਇਹਦੇ ਵਿਚੋਂ ਮਾਲੀ ਮਦਦ ਨਾ ਦਿਤੀ ਜਾਵੇ।

ਮੈਂ ਇਹ ਵੀ ਦਸ ਦੇਣਾ ਚਾਹੁੰਦਾ ਹਾਂ ਕਿ Weavers ਤੇ Tanners ਦੀਆਂ Co-operative Societies ਬਨਾਉਣ ਉਪਰ ਖਾਸ ਜ਼ੋਰ ਦਿਤਾ ਜਾ ਰਿਹਾ ਹੈ। Irrigation Minister ਸਾਹਿਬ ਇਸ ਮਾਮਲੇ ਵਿਚ ਖ਼ਾਸ ਦਿਲਚਸਪੀ ਲੈ ਰਹੇ ਹਨ। ਇਹ ਸੋਸਾਇਟੀਆਂ ਇਸੇ ਸਾਲ ਬਣ ਜਾਣਗੀਆਂ।

ਪੰਚਾਇਤਾਂ ਨੂੰ Resettlement ਤੋਂ ਪਿਛੋਂ 30 ਲਖ ਰੁਪਿਆ ਹੋਰ ਵੀ ਮਿਲ ਜਾਏਗਾ। ਮੁੜ ੨ ਇਸ ਗਲ ਨੂੰ ਦੁਹਰਾਣ ਦਾ ਕੋਈ ਫ਼ਾਇਦਾ ਨਹੀਂ ਕਿ ੧੦ ਫ਼ੀਸਦੀ ਮਾਲਿਯੇ ਨਾਲ ਉਨ੍ਹਾਂ ਦਾ ਕੁਝ ਨਹੀਂ ਬਣਦਾ।

ਸਪੀਕਰ ਸਾਹਿਬ, ਮੈਂ ਇਕ ਗਲ ਹੋਰ ਕਹਿ ਕੇ ਬੈਠ ਜਾਂਦਾ ਹਾਂ। ਇਕ ਦੋਸਤ ਨੇ ਕਿਹਾ ਹੈ ਕਿ ਇਸ ਸੂਬੇ ਵਿਚ ਵੀ ਕਾਂਗਰਸ ਦਾ ਉਹੀ ਹਸ਼ਰ ਹੋਵੇਗਾ ਜਿਹੜਾ ਮਸ਼ਰਕੀ ਬਗਾਲ ਵਿਚ ਮੁਸਲਿਮ ਲੀਗ ਦਾ ਹੋਇਆ ਹੈ। ਜੇ ਤਾਂ ਇਹ ਹੀ ਉਨ੍ਹਾਂ ਦੀ ਦਿਲੀ ਖਾਹਸ਼ ਹੈ, ਤਾਂ ਤੇ ਹੋਰ ਗਲ ਹੈ ਪਰ ਜੇ ਉਹ ਸੱਚੀ ਮੁੱਚੀ ਇਹ ਵਿਚਾਰ ਰਖਦੇ ਹਨ ਤਾਂ ਮੈਂ ਉਨ੍ਹਾਂ ਤੋਂ ਪੁਛਨਾ ਚਾਹੁੰਦਾ ਹਾਂ ਕਿ ਇਸ ਗਲ ਦੇ ਕੋਈ ਆਸਾਰ ਉਨ੍ਹਾਂ ਨੂੰ ਇਥੇ ਇਸ ਵੇਲੇ ਨਜ਼ਰ ਆ ਰਹੇ ਹਨ? ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਉਹ ਆਸਾਰ ਉਨ੍ਹਾਂ ਨੂੰ ਕਿਹੜੇ ਹਾਲਾਤ ਦੀ ਬਿਨਾ ਤੇ ਦਿਸਦੇ ਪਏ ਹਨ? ਕੀ ਇਹੋ ਜਿਹੇ ਆਸਾਰ ਉਨ੍ਹਾਂ ਨੂੰ ਇਸ ਕਰਕੇ ਨਜ਼ਰ ਆ ਰਹੇ ਹਨ ਕਿ ਅਸੀਂ ਏਥੇ ਉਹ ਪੰਚਾਇਤ ਰਾਜ ਕਾਇਮ ਕਰ ਦਿਤਾ ਹੈ ਜਿਸਦੀ ਮਿਸਾਲ ਭਾਰਤ ਦੇ ਹੋਰ ਕਿਸੇ ਵੀ ਸੂਬੇ ਵਿਚ ਨਹੀਂ ਮਿਲਦੀ। ਉਜੜ ਪੁਜੜ ਕੇ ਅਸੀਂ ਆਏ ਸੀ, ਨਾ ਘਰ ਸੀ ਨਾ ਘਾਟ, ਦੋ ਤਿਨ ਸਾਲਾਂ ਵਿਚ ਅਸੀਂ ਨਵੀਂ ਰਾਜਧਾਨੀ ਬਣਾ ਲਈ ਹੈ। ਕੀ ਇਸ ਕਰਕੇ ਕਾਂਗਰਸ ਦਾ ਹਸ਼ਰ ਉਨ੍ਹਾਂ ਨੂੰ ਖਰਾਬ ਨਜ਼ਰ ਆ ਰਿਹਾ ਹੈ? ਉਹ ਪੂਰਬੀ ਪੰਜਾਬ, ਜਿਥੇ ਲੋਕਾਂ ਦੇ ਆਪਣੇ ਖਾਣ ਲਈ ਕਾਫੀ ਅਨਾਜ ਨਹੀਂ ਸੀ ਪੈਦਾ ਹੁੰਦਾ, ਅਜ ਲਖ, ਸਵਾ ਲਖ ਟਨ ਅਨਾਜ ਬਾਹਰ ਭੇਜ ਰਿਹਾ ਹੈ।

ਕੀ ਇਸ ਗੱਲ ਵਿਚ ਉਨ੍ਹਾਂ ਨੂੰ ਕਾਂਗਰਸ ਦੇ ਭੈੜੇ ਹਸ਼ਰ ਦੇ ਆਸਾਰ ਦਿਖਾਈ ਦਿੰਦੇ ਹਨ ? ਇਕ ਦੋ ਸਾਲਾਂ ਪਿਛੋਂ ਜਿਤਨੀ ਬਿਜਲੀ ਏਥੇ ਲੋਕਾਂ ਨੂੰ ਮਿਲੇਗੀ ਉਤਨੀ Joint Punjab ਵਿਚ ਨਹੀਂ ਸੀ ਹੁੰਦੀ, ਕੀ ਇਹ ਭੈੜੇ ਆਸਾਰ ਹਨ ?

ਸੜਕਾਂ ਦੇ programme ਲਈ ਜਿਥੇ ਪਿਛਲੇ 8 ਸਾਲਾਂ ਵਿਚ ਕੋਈ ਖਾਸ ਪੈਸਾ ਨਹੀਂ ਸੀ ਰਖਿਆ ਗਿਆ, ਇਸ ਸਾਲ, 1954-55 ਲਈ ਅਸੀਂ 3 ਕਰੋੜ ਰੁਪੈ ਦੀ ਰਕਮ ਰਖ ਰਹੇ ਹਾਂ । 1948 49 ਵਿਚ ਜਿਥੇ primary schools ਦੀ ਤਾਦਾਦ 4,000 ਸੀ, ਉਹ ਅਜ 7,000 ਹੈ । ਪਾਠਕਾਂ ਦੀ ਗਿਣਤੀ ਵੀ ਅਜ ਬਹੁਤ ਵਧ ਗਈ ਹੈ । ਕੀ ਇਹ, ਸਭ ਕਾਂਗਰਸ ਦੀ ਬਰਬਾਦੀ ਦੇ ਆਸਾਰ ਹਨ ?

ਮਲੇਰੀਏ ਤੇ ਤਪ ਮੁਹਰਕਾ ਨੂੰ ਪੰਜਾਬ ਵਿਚੋਂ ਦੂਰ ਕਰਨ ਲਈ, ਅਸੀਂ ਜਿਹੜੀ ਸਕੀਮ ਚਲਾਈ ਹੈ, ਕੀ ਉਹਦੇ ਨਾਲ ਕਾਂਗਰਸ ਨੂੰ ਨੁਕਸਾਨ ਪਹੁੰਚੇਗਾ ?

ਦਸਤਕਾਰੀਆਂ ਉਪਰ ਖਰਚ ਦੁਗਣਾ ਕਰ ਕੇ ਅਤੇ Financial Corporation ਬਣਾ ਕੇ ਅਸੀਂ ਜਿਹੜੀ ਲੋਕਾਂ ਦੀ ਮਦਦ ਕੀਤੀ ਹੈ, ਕੀ ਇਸ ਤੋਂ ਇਹ ਪਤਾ ਲਗਦਾ ਹੈ ਕਿ ਕਾਂਗਰਸ ਦਾ ਹਸ਼ਰ ਉਹ ਹੀ ਹੋਣ ਵਾਲਾ ਹੈ ਜਿਹੜਾ ਈਸਟ ਬੰਗਾਲ ਵਿਚ ਮੁਸਲਿਮ ਲੀਗ ਦਾ ਹੋਇਆ ਹੈ ? (ਤਾੜੀਆਂ)

ਜੇ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਸਾਡੇ ਦੋਸਤਾਂ ਦਾ ਇਹੋ ਹੀ ਖ਼ਿਆਲ ਹੈ, ਤਾਂ ਇਹ ਖ਼ਿਆਲ ਉਨ੍ਹਾਂ ਨੂੰ ਮੁਬਾਰਕ ਹੋਵੇ । (ਹੋਰ ਤਾੜੀਆਂ) ਸਾਨੂੰ ਯਕੀਨ ਹੈ ਕਿ ਪੰਜਾਬ ਦਾ ਕੋਈ ਆਦਮੀ ਉਨ੍ਹਾਂ ਦੇ ਇਸ ਖ਼ਿਆਲ ਵਿਚ ਸ਼ਰੀਕ ਨਹੀਂ ਹੋ ਸਕਦਾ ਅਤੇ ਨਾ ਹੀ ਇਸ ਨੂੰ ਸਚ ਸਮਝਦਾ ਹੈ । ਅਸੀਂ ਪੰਜਾਬ ਨੂੰ ਪੂਰੇ ਜ਼ੋਰ ਨਾਲ ਅੱਗੇ ਲੈ ਜਾ ਰਹੇ ਹਾਂ ਤੇ ਕਿਸੇ ਵੀ ਰੁਕਾਵਟ ਨੂੰ ਰਸਤੇ ਵਿਚ ਖੜਾ ਨਹੀਂ ਹੋਣ ਦਿਆਂਗੇ । (ਪਰਸ਼ੰਸਾ ਤੇ ਤਾੜੀਆਂ)

Mr. Speaker: Question is—

That the Punjab Appropriation (No.2) Bill be taken into consideration at once

The motion was carried.

Mr. Speaker: Now the House will proceed to consider the Bill clause by clause.

CLAUSE 2

Mr. Speaker: Question is—

That Clause 2 stand part of the Bill.

The motion was carried.

CLAUSE 3

Mr. Speaker: Question is—

That Clause 3 stand part of the Bill.

The motion was carried.

SCHEDULE

Mr. Speaker: Question is—

That the Schedule stand part of the Bill.

The motion was carried.

CLAUSE 1

Mr. Speaker: Question is—

That Clause 1 stand part of the Bill.

The motion was carried.

TITLE

Mr. Speaker: Question is—

That Title be the Title of the Bill.

The motion was carried.

Mr. Speaker: I will put the next motion from the Chair. Question is—

That the Punjab Appropriation (No.2) Bill be passed.

After ascertaining the votes of the House by voices, Mr. Speaker said, "I think the Ayes have it". This opinion was challenged and division was claimed. Mr. Speaker, after calling upon those Members who challenged the decision and supported the claim for a division, to rise in the their places declared that the division was unnecessarily claimed.

The motion was declared carried.

The Assembly then adjourned till 2 p.m. on Monday the 29th March 1954.

630 P. S. L. A. —283—15-11-54—C.P. & S. Pb, Chandigarh

PUNJAB LEGISLATIVE ASSEMBLY

DEBATES

29th March, 1954

VOL. I- No 16

OFFICIAL REPORT



CONTENTS.

Monday, 29th March, 1954

Printed by the Controller of Printing & Stationery Punjab at the East Punjab Press.

Price -/7/-

Punjab Legislative Assembly

Monday, 29th March, 1954.

The Assembly met in the Assembly Hall, Sector 10, Chandigarh Capital at 2 P.M. of the Clock. Mr. Speaker (Dr. Satyapal) in the Chair.

STARRED QUESTIONS AND ANSWERS

PROGRESS IN SHIFTING GOVERNMENT OFFICES FROM SIMLA TO CHANDIGARH.

***3189 Shri Dharam Vir Vasisht**: Will the Chief Minister be pleased to state the progress so far made in shifting various Government offices from Simla to Chandigarh and whether this progress is upto the schedule fixed by the Goverment last year; if not, the reasons therefor ?

Shri Prabodh Chandra (Chief Parlimentary Secretary) : Out of the eighteen offices, which were to move down according to the schedule fixed last year, all, except one, namely the P.W.D. Irrigation Branch, have actually moved down to Chandigarh. It has not been possible to bring down the Irrigation Branch on account of shortage of accommodation at Chandigarh.

ARREST MADE UNDER SECURITY OF STATE ACT.

***3228. Shri Wadhawa Ram** : Will the Chief Minister be pleased to state the total number of arrests effected in the State under the Security of State Act during the years 1953 and 1954 along with the section of the Act under which the said arrests were made and reasons therefor in each case ?

Shri Prabodh Chandra (Chief Parlimentary Secretary): Forty-four arrests were made under section 9 of the Security of State Act during the years 1953 and 1954 as under :

1953	27
1954 (upto 20.3.54)	17

The reason for which these arrests were made are given below :—

1953	For delivering objectionable speeches.	6
	For publishing objectionable and defamatory matter in the Press.	11
	For raising objectionable slogans during processions.	10
	Total	27
1954	For delivering objectionable speeches.	6
	For publishing objectionable and defamatory matter in the Press.	5
	For raising objectionable slogans during processions.	5
	For releasing false statement to the Press.	1
	Total	17

Sardar Sarup Singh : How many of these persons were convicted by the courts ?

Mr. Speaker : This question does not arise.

POLICE STAFF DEGRADED OR DISMISSED IN THE STATE.

***3295. Sardar Ajmer Singh :** Will the Chief Minister be pleased to state :—

(a) the total number of persons from the police cadre who were degraded or dismissed in the State during the years 1952 and 1953 along with full particulars relating to them and the reasons for their punishment in each case;

(b) the total number of persons who filed appeals together with the dates thereof in each case;

(c) whether the appeals referred to in part (b) above have been disposed of; if not, the reasons therefor ?

Shri Prabodh Chandra (Chief Parliamentary Secretary): The information is being collected and will be supplied to the Member when ready.

ELECTION PROPAGANDA BY THE MINISTERS IN PEPSU STATE

***3296. Sardar Ajmer Singh:** Will the Chief Minister be pleased to state :—

(a) the total number of days spent by each Minister in Pepsu during the election in that State during the months of January and February, 1954:

(b) whether the Ministers used their State cars during their visits to the said State ?

Shri Prabodh Chandra (Chief Parliamentary Secretary): A statement containing the requisite information is given below :

Part (a) : Total number of days spent by each Minister in Pepsu during Electrions there during Januarv and February, 1954.

Part (b) : whether the Ministers used their State cars during their visits to the said State.

	Minister.	Days.	
1.	Chief Minister.	3½ approximately.	No.
2.	Development Minister	11	Yes. He paid for petrol, etc. from his own pocket, as the visit was private.
3.	Irrigation & Power Minister.	9	Do Do
4.	Finance Minister	Nil.	Does not arise.
5.	Education Minister.	No record was kept, as all Journeys were private.	No.
6.	Public Works Minister.	4	No.
7,	Labour Minister.	9	The State car was, at times, used for private journays to Pepsu, petrol, etc., being paid for by the Minister.

POSTPONEMENT OF THE P C S. (EXECUTIVE BRANCH) EXAMINATION.

***3306. Principal Iqbal Singh**: Will the Chief Minister be pleased to state whether the P.C.S. (Executive Branch) Examination announced in the month of December, 1953 to be held in March, 1954 has been postponed to July, 1954; if so, the reasons therefor ?

Shri Prabodh Chandra (Chief Parliamentary Secretary) : Yes. The Public Service Commission were unable to make necessary arrangements to hold the examination in March. July has now been selected for this purpose to avoid this examination and the University examinations overlapping

---

RESERVATION OF SEATS FOR SCHEDULED CASTES IN GRAM PANCHAYATS.

***3309. Shri Chand Ram Ahlawat**: Will the Chief Minister be pleased to state :—

(a) whether any seats for member of the Scheduled Castes have been reserved in the *Gram Panchayats*; if so, the basis of such reservation;

(b) the total number of *Gram Panchayats* in each district together with their names where no seats have been reserved for the Scheduled Castes;

(c) wherher the Government have received any representation from the Scheduled Caste with regard to the reservation of seats according to their population ; if so, the action, if any. taken by the Government thereon?

Shri Prabodh Chandra (Chief Parliamentary Secretary) :

The required information is being collected and will be supplied to the Member when ready.

CASES OF COW SLAUGHTER IN GURGAON DISTRICT.

*2755. **Shri Ram Kishan** : Will the Minister for Development be pleased to state whether the Government has received any reports from Gurgaon District regarding cases of cow slaughter; if so, the action, if any, taken or Government intends taking for stopping this cow slaughter ?

Sardar Partap Singh Kairon : Reports of six cases of cow slaughter in the Gurgaon District were received by Government for the period 28.2.52 to 6.3.54. Appropriate action was taken under the law in each case, as under :—

Minister for Education. Sir, I beg to move—

That the Punjab Motor Vehicles Taxation (Amendment) Bill be taken into consideration at once.

Mr. Speaker. Motion moved—

That the Punjab Motor Vehicles Taxation (Amendment) Bill be taken into consideration at once.

ਸਰਦਾਰ ਸਰੂਪ ਸਿੰਘ (ਅੰਮ੍ਰਿਤਸਰ ਸ਼ਹਿਰ, ਪੂਰਬੀ ਹਲਕਾ) : ਸਪੀਕਰ ਸਾਹਿਬ, ਇਹ ਪਤਾ ਨਹੀਂ ਕੀ ਗੱਲ ਹੈ ਕਿ ਜਦ ਵੀ ਸਾਡੀ ਸਰਕਾਰ ਨੇ ਕੋਈ ਨਵਾਂ ਟੈਕਸ ਲਾਉਣਾ ਹੁੰਦਾ ਹੈ ਜਾਂ ਰੁਪਿਆ ਹਾਸਲ ਕਰਨਾ ਹੁੰਦਾ ਹੈ ਤਾਂ ਉਹ ਜ਼ਮੀਨਾਂ ਤੇ ਜਾਂ ਮੋਟਰਾਂ ਤੇ ਟੈਕਸ ਵਧਾਉਣ ਬਾਰੇ ਹੀ ਸੋਚਦੀ ਹੈ, ਹੋਰ ਕੁਝ ਨਹੀਂ ਕਰਦੀ । ਹੁਣ ਜਦ ਕਿ ਗਵਰਨਮੈਂਟ ਨੇ ਆਪਣੀ ਪਾਲਿਸੀ announce ਕਰ ਦਿੱਤੀ ਹੈ ਕਿ ਮੋਟਰ ਟ੍ਰਾਂਸਪੋਰਟ ਨੂੰ Nationalize ਕਰ ਦਿੱਤਾ ਜਾਣਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ amendment ਬੜੀ ਬੇਮੌਕਾ ਜਿਹੀ ਹੈ । ਜਿਥੋਂ ਤੱਕ ਸਰਕਾਰ ਦੀ ਸਕੀਮ ਦਾ ਤਅਲੁਕ ਹੈ, ਉਹ ਟ੍ਰਾਂਸਪੋਰਟ ਵਾਲਿਆਂ ਨੂੰ ਹੋਣ ਵਾਲੀ ਆਮਦਨੀ ਤੋਂ ਪੁੱਟ ਕੇ ਕੱਚੇ ਤੇ ਪਾ ਦੇਣਾ ਅਤੇ ਘਰ ਬਿਠਾ ਦੇਣਾ ਹੈ । ਇਸ ਲਈ ਉਨ੍ਹਾਂ ਤੇ ਵਧੇਰੇ ਟੈਕਸ ਲਾਉਣਾ ਉਨ੍ਹਾਂ ਨਾਲ ਬੇਇਨਸਾਫ਼ੀ ਅਤੇ ਜ਼ਿਆਦਤੀ ਹੈ ।

ਸਰਕਾਰ ਦਾ ਮਾਮਲਾ ਤਾਂ ਉਸ ਸੋਨੇ ਦੇ ਅੰਡੇ ਦੇਣ ਵਾਲੀ ਮੁਰਗੀ ਦੇ ਮਾਲਕ ਵਾਲਾ ਹੈ ਜ ਇਹ ਸਮਝਦਾ ਸੀ ਕਿ ਕਿਉਂਕਿ ਇਹ ਮੁਰਗੀ ਇਕ ਸੋਨੇ ਦਾ ਅੰਡਾ ਰੋਜ਼ ਦੇਣ ਨਾਲ ਅੰਡੇ ਦੇਣ ਵਿਚ ਬਹੁਤ ਦੇਰ ਲਾਉਂਦੀ ਹੈ ਇਸ ਲਈ ਕਿਉਂ ਨਾ ਇਕੋ ਦਿਨ ਹੀ ਇਸ ਨੂੰ ਮਾਰ ਕੇ ਇਸ ਦੇ ਸਾਰੇ ਅੰਡੇ ਕੱਢ ਲਏ ਜਾਣ ਪਰ ਨਤੀਜਾ ਕੀ ਹੋਇਆ ? ਇਸ ਤਰ੍ਹਾਂ ਮੁਰਗੀ ਵੀ ਗਈ ਤੇ ਅੰਡੇ ਵੀ । ਇਸ ਤਰ੍ਹਾਂ ਟ੍ਰਾਂਸਪੋਰਟ ਵਾਲਿਆਂ ਤੋਂ ਇਕੋ ਸਮੇਂ ਭਾਰੀ ਟੈਕਸ ਲੈ ਕੇ ਗਵਰਨਮੈਂਟ ਨੂੰ ਆਪਣੀ ਪਾਲਿਸੀ ਤੇ ਸਕੀਮ ਵਿਚ ਸਫਲਤਾ ਨਹੀਂ ਹੋ ਸਕਦੀ । ਜੇਕਰ ਇਹ ਟੈਕਸ ਲਾਉਣਾ ਜ਼ਰੂਰੀ ਹੈ ਤਾਂ ਜਦੋਂ ਤੱਕ ਗਵਰਨਮੈਂਟ ਇਹ ਵੇਖ ਨਹੀਂ ਲੈਂਦੀ ਕਿ ਮੋਟਰ ਬਿਜ਼ਨਸ ਦਾ ਹਾਲ ਕੀ ਹੈ ਉਦੋਂ ਤੱਕ ਇਸ ਨੂੰ ਟੈਕਸ ਵਧਾਉਣਾ ਨਹੀਂ ਚਾਹੀਦਾ ।

ਦੂਸਰਾ ਇਤਰਾਜ਼ ਮੇਰਾ ਇਹ ਹੈ ਕਿ tax ਦਾ rate ਨਹੀਂ ਦੱਸਿਆ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਸਾਡੇ ਕੋਲੋਂ power ਮੰਗ ਲਈ ਪਰ rate ਦਾ ਕਿਸੇ ਨੂੰ ਵੀ ਕੁਝ ਪਤਾ ਨਹੀਂ। ਅਗਰ schedule ਵਿਚ ਕੋਈ amendment ਲਿਆਉਂਦੇ ਤਾਂ ਹਾਊਸ ਦੇਖ ਲੈਂਦਾ ਕਿ ਇਨ੍ਹਾਂ ਦਾ ਕੀ ਇਰਾਦਾ ਹੈ ਅਤੇ ਉਸ ਤੋਂ ਬਾਦ ਸੋਚ ਸਮਝ ਕੇ ਆਪਣੀ ਰਾਇ ਦਿੰਦਾ। ਮਗਰ ਇਨ੍ਹਾਂ ਨੇ ਹਾਊਸ ਨੂੰ confidence ਵਿਚ ਹੀ ਨਹੀਂ ਲਿਆ। ਮੇਰੀ ਅਰਜ਼ ਹੈ ਕਿ ਜੇ rate ਨੂੰ revise ਕਰਨਾ ਚਾਹੁੰਦੇ ਹੋ ਤਾਂ ਸਾਨੂੰ ਦੱਸੋ ਤੁਸੀਂ ਕੀ rate ਰੱਖਣਾ ਚਾਹੋਗੇ ਤਾਂ ਜੋ ਹਾਊਸ ਗੌਰ ਕਰ ਕੇ ਅਪਣੀ ਰਾਇ ਪ੍ਰਗਟ ਕਰ ਸਕੇ।

ਸਰਦਾਰ ਦਰਸ਼ਨ ਸਿੰਘ (ਤਰਨਤਾਰਨ) : ਪ੍ਰਧਾਨ ਜੀ, ਅਸਾਂ 26 ਤਾਰੀਖ ਨੂੰ ਬਜਟ ਪਾਸ ਕੀਤਾ ਹੈ। ਉਸ ਵੇਲੇ ਵੀ ਅਸਾਂ ਆਖਿਆ ਸੀ ਕਿ ਸਰਕਾਰ ਟੈਕਸ ਤੇ ਟੈਕਸ ਲਗਾ ਰਹੀ ਹੈ ਅਤੇ ਹੁਣ ਇਥੇ 6 ਬਿੱਲ ਹੋਰ ਆ ਗਏ ਹਨ ਜਿਹੜੇ ਸਾਰੇ ਦੇ ਸਾਰੇ ਟੈਕਸਾਂ ਵਾਲੇ ਹਨ। ਇਹ ਜਿਹੜਾ ਮੋਟਰ ਗੱਡੀਆਂ ਦੇ ਟੈਕਸ ਦਾ ਬਿੱਲ ਹੈ ਇਸ ਤੋਂ ਮਲੂਮ ਹੁੰਦਾ ਹੈ ਕਿ ਸਰਕਾਰ ਕਿਸ ਤਰ੍ਹਾਂ ਟੈਕਸ ਤੇ ਟੈਕਸ ਲਗਾਈ ਤੇ ਵਧਾਈ ਜਾਂਦੀ ਹੈ।

ਬਿੱਲ ਵਿਚ ਦੱਸਿਆ ਗਿਆ ਹੈ ਕਿ ਪੁਰਾਣਾ schedule 1925 ਦਾ ਹੈ ਅਤੇ ਹੁਣ ਹਾਲਾਤ ਬਦਲ ਗਏ ਹਨ, ਇਸ ਵਾਸਤੇ ਨਵੇਂ rate ਲਗਾਉਣ ਵਾਸਤੇ ਇਹ ਬਿੱਲ ਲਿਆਂਦਾ ਗਿਆ ਹੈ। ਲੇਕਿਨ ਸਾਨੂੰ ਕੋਈ ਨਵਾਂ schedule ਜਾਂ rate ਤੇ ਦੱਸਿਆ ਹੀ ਨਹੀਂ ਗਿਆ। ਹੁਣ ਇਸ ਵੇਲੇ Assembly ਬੈਠੀ ਹੈ, ਇਸ ਬਾਰੇ ਰੋਸ਼ਨੀ ਪਾਈ ਜਾਏ ਤਾਂ ਜੋ ਸਭ ਆਪਣੀ ਆਪਣੀ ਰਾਇ ਦੱਸ ਸਕਣ ਪਰ ਸਰਕਾਰ ਤਾਂ ਸਭ ਕੁਝ ਆਪਣੇ ਹੱਥ ਵਿਚ ਰੱਖਣਾ ਚਾਹੁੰਦੀ ਹੈ। Nationalization ਦੀ ਤਲਵਾਰ ਜਿਸ ਤਰ੍ਹਾਂ ਮੋਟਰਾਂ ਵਾਲਿਆਂ ਤੇ ਲਟਕਦੀ ਹੈ ਅਤੇ ਲਾਲਾ ਜੀ ਜਿਸ ਤਰ੍ਹਾਂ ਉਨ੍ਹਾਂ ਕੋਲੋਂ ਆਪਣੇ ਅਖਬਾਰ ਲਈ ਇਸ਼ਤਿਹਾਰ ਲੈਂਦੇ ਹਨ ਉਹ ਸਭ ਜਾਣਦੇ ਹਨ। ਇਸ ਵਾਸਤੇ ਸਰਕਾਰ ਇਸੇ ਮੌਕੇ ਤੇ schedule ਦੱਸ ਦੇਵੇ। ਇਹ ਜਿਹੜਾ ਤਰੀਕਾ ਇਖਤਿਆਰ ਕੀਤਾ ਗਿਆ ਹੈ ਗ਼ਲਤ ਹੈ।

ਪ੍ਰੋਫੈਸਰ ਮੋਤਾ ਸਿੰਘ ਅਨੰਦਪੁਰੀ (ਆਦਮ ਪੁਰ) : ਸਪੀਕਰ ਸਾਹਿਬ, taxation ਦੇ ਮੁਤਅਲਕ ਬਜਟ ਦੀ ਬਹਿਸ ਵਿਚ ਬਹੁਤ ਕੁਝ ਆਖਿਆ ਜਾ ਚੁੱਕਾ ਹੈ। ਉਸ ਤੋਂ ਮਗਰੋਂ ਸਾਨੂੰ ਉਮੀਦ ਨਹੀਂ ਸੀ ਕਿ ਇਸ ਤਰ੍ਹਾਂ ਦਾ ਇਕ ਹੋਰ ਬਿੱਲ ਆ ਜਾਵੇਗਾ। ਪੁਰਾਣੇ ਐਕਟ ਵਿਚ, ਜੋ 30 ਜਨਵਰੀ 1924 ਦਾ ਹੈ, ਜਿਹੜਾ schedule ਬਣਾਇਆ ਸੀ ਉਸ ਵਿਚ rate ਦੱਸੇ ਹੋਏ ਹਨ। ਹੁਣ ਇਹ ਆਖਿਆ ਜਾ ਰਿਹਾ ਹੈ ਕਿ schedule ਉੜਾ ਦਿਓ ਅਤੇ rate ਵੀ ਕੋਈ ਨਹੀਂ ਦੱਸਿਆ। ਇਸ democracy state ਵਿਚ ਇਹ autocratic powers ਮੰਗ ਰਹੇ ਹਨ। Statement of objects and reasons ਵਿਚ ਲਿਖਿਆ ਹੈ ਕਿ—

> The object of making this amendment is to empower the State Govenment to vary the rate of motor vechicles tax in accordance with the prevailing conditions and requirements consistent with the State finances.

ਤੁਸੀਂ ਆਪ ਦੇਖ ਸਕਦੇ ਹੋ ਕਿ ਇਹ ਕਿਤਨੀ vague ਚੀਜ਼ ਹੈ। ਇਸ ਵਾਸਤੇ ਹਾਊਸ ਨੂੰ ਚਾਹੀਦਾ ਹੈ ਕਿ ਇਸ ਬਿੱਲ ਨੂੰ condemn ਕਰੇ।

ਸ੍ਰੀ ਸੋਮ ਦੱਤ (ਸ਼ਿਮਲਾ) : ਸਪੀਕਰ ਸਾਹਿਬ, ਮੈਂ ਇਸ ਬਿੱਲ ਬਾਰੇ ਕਾਨੂੰਨੀ ਨੁਕਤਾ ਨਜ਼ਰ ਨਾਲ ਕੁਝ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਸ਼ਕਲ ਵਿਚ ਬਿੱਲ ਪੇਸ਼ ਕੀਤਾ ਗਿਆ ਹੈ ਉਹ legally ਜਾਇਜ਼ ਹੈ ਜਾਂ ਨਹੀਂ । 1924 ਦੇ ਬਿੱਲ ਵਿਚ ਇਕ schedule ਦਿੱਤਾ ਗਿਆ ਸੀ ਜਿਸ ਵਿਚ rate ਦਰਜ ਸਨ । ਉਹ ਚੀਜ਼ ਜਾਇਜ਼ ਸੀ ਅਤੇ ਕਾਨੂੰਨ ਦੇ ਮੁਤਾਬਕ ਸੀ ਕਿਉਂਕਿ ਉਹ ਗੱਲਾਂ Legislature ਨੇ ਕੀਤੀਆਂ ਸਨ ਅਤੇ Legislature ਨੂੰ ਹੀ ਇਹ ਕਰਨ ਦਾ ਇਖਤਿਆਰ ਹੈ । ਲੇਕਿਨ ਨਵੇਂ ਬਿੱਲ ਵਿਚ Legislature ਦੀਆਂ ਸਾਰੀਆਂ ਤਾਕਤਾਂ Executive ਨੂੰ ਦੇ ਦਿੱਤੀਆਂ ਗਈਆਂ ਹਨ । ਅਗਰ ਇਸ ਵਿਚ ਇਕ ਹਦ ਮਸਲਨ 30 ਰੁਪਏ ਮੁਕੱਰਰ ਕਰ ਦਿੱਤੀ ਜਾਂਦੀ ਤਾਂ ਵੀ ਗਲ ਬਣ ਜਾਂਦੀ ਲੇਕਿਨ ਇੱਥੇ ਤਾਂ ਸਾਰੀ ਤਾਕਤ Executive ਨੂੰ ਦੇ ਦਿੱਤੀ ਗਈ ਹੈ । ਕਾਨੂੰਨਨ ਇਹ ਠੀਕ ਨਹੀਂ । Legislature ਆਪਣੇ ਕੁਝ ਇਖਤਿਆਰ ਤਾਂ delegate ਕਰ ਸਕਦੀ ਹੈ ਲੇਕਿਨ ਸਾਰੀ powers ਨਹੀਂ ਦੇ ਸਕਦੀ । ਇਸ ਵਾਸਤੇ ਮੈਂ ਵਜ਼ੀਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਇਸ ਬਾਰੇ ਕਾਨੂੰਨੀ ਮਸ਼ਵਰਾ ਹਾਸਲ ਕਰਨ ।

ਸ਼ਿਖਸ਼ਾ ਮੰਤ੍ਰੀ (ਲਾਲਾ ਜਗਤ ਨਾਰਾਇਣ) : ਸਪੀਕਰ ਸਾਹਿਬ, Government ਇਸ ਬਿਲ ਦਾ schedule ਦਿੱਤੇ ਬਗੈਰ ਇਖਤਿਆਰ ਲੈ ਸਕਦੀ ਹੈ । ਜਿਹੜਾ ਸਵਾਲ ਉਠਾਇਆ ਗਿਆ ਹੈ ਉਸ ਬਾਰੇ ਵਿਚ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੁਰਾਣਾ ਐਕਟ 1924 ਵਿਚ ਬਣਿਆ ਸੀ । ਹੁਣ ਤੁਸੀਂ ਪੰਜਾਬ rates ਦਾ ਮੁਕਾਬਲਾ ਦੂਜੇ ਸੂਬਿਆਂ ਨਾਲ ਕਰ ਕੇ ਦੇਖੋ ਤਾਂ ਪਤ ਲਗੇਗਾ ਕਿ 18 seater ਵਾਸਤੇ ਜਿਥੇ ਪੰਜਾਬ ਵਿਚ 50 ਰੁਪਏ ਹਨ ਪੈਪਸੂ ਵਿਚ 160, ਯੂ. ਪੀ. ਵਿਚ 187, ਬਿਹਾਰ ਵਿਚ 402/8/-, ਮਧਯ ਪ੍ਰਦੇਸ਼ ਵਿਚ 432 ਰੁਪਏ, ਬੰਬਈ ਵਿਚ 344, ਮਦਰਾ ਵਿਚ 2160, ਮੈਸੂਰ ਵਿਚ 512, ਟਰਾਵਨ ਕੋਰ ਵਿਚ 2160, ਕੁਰਗ ਵਿਚ 450 ਅਤੇ ਉੜੀਸਾ ਵਿਚ 1360 ਰੁਪਏ ਹੈ । ਇਸਤੋਂ ਅੰਦਾਜ਼ਾ ਕਰ ਸਕਦੇ ਹੋ ਕਿ ਪੰਜਾਬ ਵਿਚ ਰੇਟ ਕਿਤਨਾ ਘਟ ਹੈ । 20 seater ਵਾਸਤੇ ਪੰਜਾਬ ਵਿਚ 50, ਯੂ.ਪੀ. ਵਿਚ 255, ਪੈਪਸੂ ਵਿਚ 160, ਬਿਹਾਰ ਵਿਚ 445 ਮਧਯ ਪ੍ਰਦੇਸ਼ ਵਿਚ 480, ਬੰਬਈ ਵਿਚ 376, ਮਦਰਾਸ ਵਿਚ 2400 ਮੈਸੂਰ ਵਿਚ 568, ਟਰਾਵਨ ਕੋਰ ਵਿਚ 2400, ਕੁਰਗ ਵਿਚ 1900 ਤੇ ਉੜੀਸਾ ਵਿਚ 1520 ਰੁਪਏ ਸੀ । ਇਸ ਸੂਰਤ ਵਿਚ amendment ਕਰਨ ਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ । ਇਹ ਸਾਡਾ rate 1924 ਵਿਚ ਮੁਕੱਰਰ ਹੋਇਆ ਸੀ । ਹੁਣ schdule ਉਡਾਉਣ ਤੋਂ ਬਾਦ ਅਸੀਂ ਮਸ਼ਵਰਾ ਕਰਕੇ ਦੇਖਾਂਗੇ ਕਿ ਕਿਤਨਾ ਵਧਾਉਣਾ ਚਾਹੀਦਾ ਹੈ ।

Mr. Speaker : The hon. Minister can meet the objection of Shri Som Datt Bahri by fixing the upper limit of the rate of the tax.

Minister for Education : Sir, it is very difficult to fix such a limit at this stage.

Shri Som Datt Bahri. If you do not fix the limit, you will be divesting the Legislature of its powers and instead empowering the Government to impose any rate of taxation.

Mr. Speaker : May I know what has the Education Minister to say in regard to the argument advanced by Shri Som Datt

Bahri ? I think the upper limit can be fixed.

Shri Som Datta Bahri : Sir, in my view the uppper limit must be fixed. If it is not done, then this taxation proposal might be turned down as *ultra vires*.

Minister for Education : The Government will fix the upper limit of the rate of tax to be charged at Rs. 2000.

Mr. Speaker : Question is—

That the Punjab Motor Vehicles Taxation (Amendment) Bill be taken into consideration at once.

The motion was carried.

Mr. Speaker : The House will now consider the Bill clause by clause.

Clause 2

Mr. Speaker : Question is—

That Clause 2 stand part of the Bill.

The motion was carried.

Clause 3

Mr. Speaker : Question is—

That Clause 3 stand part of the Bill.

The motion was carried.

Clause 1

Mr. Speaker : Question is—

That Clause 1 stand part of the Bill.

The motion was carried.

Title

Mr. Speaker : Question is—

That Title be the Title of the Bill.

The motion was carried.

Minister for Education : Sir, I beg to move—

That the Punjab Motor Vechicles Taxation (Amendment) Bill be passed.

Mr. Speaker : Motion moved.

That the Punjab Motor Vehicles Taxation (Amendment) Bill be passed.

ਸਰਦਾਰ ਚੰਨਣ ਸਿੰਘ ਧੂਤ (ਟਾਂਡਾ) : ਸਪੀਕਰ ਸਾਹਬ, schedule ਵਿਚ ਦੋ ਹਜ਼ਾਰ ਦੀ provision ਬੜੇ vague ਤੌਰ ਤੇ ਕੀਤੀ ਗਈ ਹੈ । Mlinister ਸਾਹਿਬ ਨੇ ਜਿੰਨੀਆਂ ਜ਼ਬਾਨੀ ਗੱਲਾਂ ਕੀਤੀਆਂ ਹਨ ਜੇ ਉਹ ਵੀ ਸ਼ਾਮਲ ਕਰ ਲਈਆਂ ਜਾਣ ਤਦ ਵੀ ਅਸਲ ਮਨਸ਼ਾ ਦਾ ਕੁਝ ਪਤਾ ਨਹੀਂ ਲਗਦਾ । ਮੈਂ ਇਸ ਗਲ ਉਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਲੋਕ Transport Minister ਸਾਹਿਬ ਦੀ ਪਾਲਸੀ ਨਾਲ ਮੁਤਮਇਨ ਨਹੀਂ । ਕਿਧਰੇ ਹੜਤਾਲਾਂ ਹੋ ਰਹੀਆਂ ਹਨ ਤੇ ਕਿਧਰੇ deputation ਮਿਲ ਰਹੇ ਹਨ । ਬੜੀ ਹੀ ਹਾਹਾਕਾਰ ਮੱਚੀ ਹੋਈ ਹੈ । ਇਨ੍ਹਾਂ ਨੂੰ ਇਸ ਗਲ ਦਾ ਪਤਾ ਹੋਣਾ ਚਾਹੀਦਾ ਹੈ ਕਿ partition ਤੋਂ ਬਾਅਦ ਲੋਕਾਂ ਨੇ ਆਪਣੀਆਂ ਜ਼ਮੀਨਾਂ ਵੇਚ ਕੇ transport ਤੇ ਰੁਪਿਆ ਲਗਾਇਆ ਹੈ ਅਤੇ ਇਥੋਂ ਦੇ transport ਨੂੰ ਮਜ਼ਬੂਤ ਕੀਤਾ ਹੈ । ਇਸ ਕੰਮ ਤੋਂ ਸਰਕਾਰ ਨੂੰ 21 ਲਖ

[Sardar Chanan Singh Dhut]

ਰੁਪਏ ਦੀ ਆਮਦਨ ਹੈ । ਇਨ੍ਹਾਂ operators ਕੋਲੋਂ ਸਰਕਾਰ ਨੂੰ ਵੀ ਫ਼ਾਇਦਾ ਪਹੁੰਚਿਆ ਹੈ ਤੇ public ਨੂੰ ਵੀ । ਇਨ੍ਹਾਂ ਸਿਰਫ਼ ਪੱਕੀਆਂ ਸੜਕਾਂ ਉਤੇ ਹੀ ਕੰਮ ਨਹੀਂ ਕੀਤਾ । ਕੱਚੀਆਂ ਸੜਕਾਂ ਛੋੜ ਇਨ੍ਹਾਂ ਚੋ ਤੇ ਪਹਾੜ ਵੀ ਚੀਰ ਸੁੱਟੇ ਹਨ । ਖੇਤੀ ਬਾੜੀ ਛੱਡ ਕੇ transport ਹੀ ਇਕ ਐਸੀ ਸਨਅਤ ਹੈ ਜਿਸ ਉਤੇ ਪੰਜਾਬ ਦੇ ਲੋਕਾਂ ਨੇ ਰੁਪਿਆ ਲਾਇਆ ਹੈ । ਜਿਵੇਂ Finance Minister ਸਾਹਿਬ ਨੂੰ ਉਸ ਦਿਨ ਦਸਿਆ ਸੀ ਸਾਡਾ ਸੂਬਾ border province ਹੋਣ ਕਰਕੇ ਲੋਕ ਹੋਰਨਾਂ ਸਨਅਤਾਂ ਉਤੇ private capital ਲਗਾਉਂਦੇ ਹੀ ਨਹੀਂ । ਇਨ੍ਹਾਂ ਹਾਲਤਾਂ ਵਿਚ operators ਦੇ ਸਿਰ ਉਤੇ Nationalization ਦੀ ਤਲਵਾਰ ਲਟਕਾ ਦੇਣਾ ਕੋਈ ਚੰਗੀ ਗਲ ਨਹੀਂ । ਜੇ ਸਰਕਾਰ ਇਹ ਸਮਝਦੀ ਹੈ ਕਿ ਇਹ ਸਨਅਤ ਵਡੇ ਵਡੇ ਟਾਟਿਆਂ ਤੇ ਬਿਰਲਿਆਂ ਦੇ ਹਥ ਵਿਚ ਹੈ ਤਾਂ ਬੜੀ ਗਲਤੀ ਤੇ ਹੈ । ਇਹ ਸਨਅਤ ਤਾਂ ਬੜੇ ਛੋਟੇ ਛੋਟੇ ਲੋਕਾਂ ਦੇ ਹਥ ਵਿਚ ਹੈ । ਸਰਕਾਰ ਦੀ ਇਸ ਮੌਜੂਦਾ ਪਾਲਿਸੀ ਨਾਲ ਇਹ ਲੋਕ ਤੇ ਇਹ ਸਨਅਤ ਦੋਵੇਂ ਤਬਾਹ ਹੋ ਜਾਣਗੇ । Minister ਸਾਹਿਬ ਸਮਝਦੇ ਹਨ ਕਿ operator ਬੜੇ ਮੁਨਾਫ਼ੇ ਤੇ ਜਾ ਰਹੇ ਹਨ ਅਤੇ ਇਨ੍ਹਾਂ ਉਤੇ ਟੈਕਸ ਘਟ ਹੈ । ਇਹ ਉਨ੍ਹਾਂ ਦੀ ਗ਼ਲਤੀ ਹੈ । ਮੇਰੇ ਖਿਆਲ ਵਿਚ ਤਾਂ ਇਹ ਲੋਕ ਘਾਟੇ ਤੇ ਹਨ । ਫਿਰ ਇਨ੍ਹਾਂ ਨੂੰ ਇਸ ਗਲ ਦੇ ਸਮਝਣ ਦੀ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਟੈਕਸ ਥੋੜੇ ਹੋਣਗੇ ਤਾਂ private ਲੋਕਾਂ ਵਿਚ transport ਦਾ ਕੰਮ ਵਧੇਗਾ ਤੇ ਸਰਕਾਰ ਦੀ ਆਮਦਨ ਵੀ ਵਧੇਗੀ । ਇਹ ਜ਼ਰੂਰੀ ਨਹੀਂ ਕਿ ਜ਼ਿਆਦਾ ਟੈਕਸ ਲਗਾ ਦੇਣ ਨਾਲ ਸਰਕਾਰ ਦੀ ਆਮਦਨ ਵੀ ਵਧ ਜਾਏਗੀ । ਦੁਕਾਨਦਾਰੀ ਦਾ ਤਾਂ ਇਹ ਆਮ ਅਸੂਲ ਹੈ ਕਿ ਥੋੜੇ ਮੁਨਾਫ਼ੇ ਨਾਲ ਆਮਦਨ ਵਧਦੀ ਹੈ । ਮਾਨਯੋਗ ਮੈਂਬਰ ਜਾਣਦੇ ਹਨ ਕਿ partition ਤੋਂ ਬਾਅਦ ਜਦ West Punjab ਵਿਚੋਂ ਲੋਕ ਇਸ ਪਾਸੇ ਆਏ ਤਾਂ ਦੁਕਾਨਦਾਰ ਬਹੁਤ ਮੁਨਾਫ਼ਾ ਖੱਟਿਆ ਕਰਦੇ ਸਨ । Refugees ਛਾਬੜੀਆਂ ਲਾ ਕੇ ਦੁਕਾਨਾਂ ਦੇ ਬਾਹਰ ਬਹਿ ਗਏ ਤੇ ਮੁਨਾਫ਼ਾ ਘਟ ਲੈਣਾ ਸ਼ੁਰੂ ਕਰ ਦਿਤਾ । ਜਿੱਥੇ ਦੁਕਾਨਦਾਰ ਰੁਪਏ ਨਾਲ 12 ਆਨੇ ਜਾ 8 ਆਨੇ ਮੁਨਾਫ਼ਾ ਲੈਂਦੇ ਸਨ ਇਨ੍ਹਾਂ ਇਕ ਆਨਾ ਰੁਪਿਆ ਜਾਂ ਦੋ ਪੈਸੇ ਰੁਪਿਆ ਮੁਨਾਫ਼ਾ ਲੈਣਾ ਸ਼ੁਰੂ ਕਰ ਦਿਤਾ । ਨਤੀਜਾ ਇਹ ਹੋਇਆ ਕਿ ਇਸ ਪਾਸੇ ਦੇ ਦੁਕਾਨਦਾਰਾਂ ਦਾ business fail ਹੋ ਗਿਆ । ਇਸ ਤੋਂ ਪਤਾ ਲਗਦਾ ਹੈ ਕਿ ਚੰਗਾ businessman ਜ਼ਿਆਦਾ ਮੁਨਾਫ਼ਾ ਨਹੀਂ ਲੈਂਦਾ ਅਤੇ ਇਸ ਲਈ ਜ਼ਿਆਦਾ ਕਾਮਯਾਬ ਰਹਿੰਦਾ ਹੈ । ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਕ ਚੰਗੇ businessman ਦੀ ਤਰ੍ਹਾਂ ਥੋੜੇ tax ਲਾਏ । ਉਸ ਲਾਲਚੀ ਆਦਮੀ ਦੀ ਤਰ੍ਹਾਂ ਨ ਕਰੇ ਜਿਸ ਨੇ ਮੁਰਗੀ ਚੋਂ ਸਾਰੇ ਸੋਨੇ ਦੇ ਅੰਡੇ ਇਕੋ ਵੇਰੇ ਕਢਣ ਦੀ ਕੋਸ਼ਿਸ਼ ਕੀਤੀ ਸੀ । ਇਨ੍ਹਾਂ ਦਿਨਾਂ ਵਿਚ ਜਦ ਬੇਕਾਰੀ ਐਨੀ ਵਧੀ ਹੋਈ ਹੈ । operators ਤੇ 2,000 ਤਕ ਟੈਕਸ ਲਾ ਦੇਣਾ ਬੜੀ ਜ਼ਿਆਦਤੀ ਹੈ । ਕੀ ਅਗੇ ਇਨ੍ਹਾਂ ਉਤੇ ਘਟ ਟੈਕਸ ਲਗੇ ਹੋਏ ਹਨ ? ਇਹ ਲੋਕ Road Tax Permit Tax, Income Tax ਤੇ ਹੋਰ ਕਈ tax ਦਿੰਦੇ ਹਨ । ਇਹ ਹੋਰ ਬੋਝ ਨਹੀਂ ਸਹਿ ਸਕਦੇ । ਇਹ ਕਹਿਣਾ ਕਿ ਇੱਥੇ tax ਇਸ ਲਈ ਜ਼ਿਆਦਾ ਹੋਣਾ ਚਾਹੀਦਾ ਹੈ ਕਿਉਂ ਜੋ ਦੂਜਿਆਂ ਸੂਬਿਆਂ ਵਿਚ ਜ਼ਿਆਦਾ ਹੈ ਠੀਕ ਨਹੀਂ । ਦੂਜਿਆਂ ਸੂਬਿਆਂ ਵਿਚ tax ਇਸ ਲਈ ਜ਼ਿਆਦਾ ਹੈ ਕਿ ਉਥੇ transport ਦਾ ਕੰਮ ਮਜ਼ਬੂਤ ਨਹੀਂ । ਪਰ ਸਾਡੇ ਸੂਬੇ ਵਿਚ ਇਹ ਕੰਮ ਬਹੁਤ ਮਜ਼ਬੂਤ ਹੈ ਤੇ tax ਘਟਾਉਣ ਨਾਲ ਹੋਰ ਵੀ ਮਜ਼ਬੂਤ ਹੋ ਸਕਦਾ ਹੈ । ਪਤਾ ਨਹੀਂ ਸਰਕਾਰ tax ਵਧਾਉਣ ਤੇ ਕਿਉਂ ਤੁਲੀ ਹੋਈ ਹੈ । ਗਲ ਇਹ ਹੈ ਕਿ ਜੋ ਕੁਝ ਵੀ Transport Minister ਸਾਹਿਬ ਦੇ ਦਿਮਾਗ਼ ਵਿਚ ਆ ਜਾਵੇ ਉਹ ਉਸ ਨੂੰ ਪੂਰਾ ਕਰਕੇ ਹੀ ਦਮ ਲੈਂਦੇ ਹਨ ਚਾਹੇ ਕੋਈ ਮਰੇ

ਤੇ ਚਾਹੇ ਕੋਈ ਜੀਵੇ । ਇਹ ਹੁਣ ਲਕਾਂ ਕੋਲੋਂ transport ਦਾ ਕੰਮ ਖੋਹਣ ਤੇ ਤੁਲ ਗਏ ਹਨ । ਇਸ ਤਰ੍ਹਾਂ ਇਹ ਖੂਬ favouritism ਕਰ ਸਕਿਆ ਕਰਣਗੇ । Omnibuses ਵਿਚ conductor ਤੇ ਹੋਰ ਕਈ ਕਾਰਿੰਦੇ ਆਪਣੀ ਮਰਜ਼ੀ ਨਾਲ ਰਖਿਆ ਕਰਨਗੇ । ਪਰ ਮੈਂ ਉਨ੍ਹਾਂ ਨੂੰ ਦਸ ਦਿਆਂ ਕਿ ਇਹ policy ਚੰਗੀ ਨਹੀਂ । ਇਨ੍ਹਾਂ ਨੂੰ operators ਕੋਲੋਂ ਕੰਮ ਨਹੀਂ ਖੋਹਣਾ ਚਾਹੀਦਾ ਤੇ ਓਨ੍ਹਾਂ ਉਤੇ vague ਤਰੀਕਿਆਂ ਨਾਲ tax ਲਗਾ ਕੇ ਉਨ੍ਹਾਂ ਨੂੰ ਤੰਗ ਨਹੀਂ ਕਰਨਾ ਚਾਹੀਦਾ । ਸਚੀ ਗਲ ਇਹ ਹੈ ਕਿ ਇਸ ਵੇਲੇ ਇਨ੍ਹਾਂ ਨੂੰ ਆਪ ਨਹੀਂ ਪਤਾ ਕਿ ਕੀ tax ਹੋਣਾ ਚਾਹੀਦਾ ਹੈ । ਜੇ ਇਸੇ ਤਰ੍ਹਾਂ ਇਨ੍ਹਾਂ tax ਲਾਇਆ ਤਾਂ ਅਫ਼ਸਰਾਂ ਲਈ ਰਿਸ਼ਵਤ ਲੈਣ ਦਾ ਕਾਫੀ ਇਮਕਾਨ ਹੈ । ਜੇ ਸਰਕਾਰ ਆਪਣੀ ਆਮਦਨੀ ਵਧਾਉਣਾ ਚਾਹੁੰਦੀ ਹੈ ਤਾਂ tax ਘਟ ਲਗਾਏ ਤੇ ਲੋਕਾਂ ਨੂੰ ਕੰਮ ਕਰਨ ਦਾ ਮੌਕਾ ਦੇਵੇ । ਸਰਕਾਰ ਦੀ ਆਮਦਨ ਵਧਾਉਣ ਲਈ ਮੈਂ ਇਕ ਮਸ਼ਵਰਾ ਦਿੰਦਾ ਹਾਂ । operators ਤੇ ਵਾਧੂ tax ਲਗਾਉਣ ਦੀ ਬਜਾਇ ਉਨ੍ਹਾਂ ਲੋਕਾਂ ਨੂੰ control ਕਿਉਂ ਨ ਕੀਤਾ ਜਾਵੇ ਜਿਹੜੇ ਇਕ ਇਕ motor ਦੇ ਵਿਕਣ ਉਤੇ ਪੰਜ ਪੰਜ ਹਜ਼ਾਰ commission ਲੈ ਲੈਂਦੇ ਹਨ । Operators ਤਾਂ ਲੋਕਾਂ ਦਾ ਫਾਇਦਾ ਕਰਨਾ ਚਾਹੁੰਦੇ ਹਨ । ਉਹ ਕਿਰਾਏ ਘਟਾਉਣਾ ਚਾਹੁੰਦੇ ਹਨ । ਪਰ ਉਨ੍ਹਾਂ ਉਤੇ ਹੋਰ ਟੈਕਸ ਲਗਾਏ ਜਾ ਰਹੇ ਹਨ ।

ਸਪੀਕਰ ਸਾਹਿਬ ਜਿਸ ਸ਼ਕਲ ਵਿਚ ਇਹ ਬਿਲ ਆਇਆ ਹੈ ਜੇ ਇਸ ਤਰ੍ਹਾਂ ਹੀ ਪਾਸ ਕਰ ਦਿਤਾ ਗਿਆ ਤਾਂ ਇਸ ਨਾਲ ਨਾ ਸਰਕਾਰ ਦਾ ਫਾਇਦਾ ਹੋਵੇਗਾ ਤੇ ਨਾ ਹੀ ਲੋਕਾਂ ਦਾ । ਰਿਸ਼ਵਤ ਖੂਬ ਵਧ ਜਾਏਗੀ ਤੇ ਸਰਕਾਰ ਦੇ ਤੇ oprators ਦੇ ਤੁਅਲਕਾਤ ਖਰਾਬ ਹੋ ਜਾਣਗੇ । ਜੇ ਸਚ ਮੁਚ ਹੋਰ ਜ਼ਿਆਦਾ tax ਲਗਾਉਣ ਦੀ ਲੋੜ ਹੈ ਤਾਂ ਇਸ ਬਿਲ ਨੂੰ ਵਾਪਸ ਲੈ ਲਿਆ ਜਾਏ ਤੇ ਇਕ ਨਵਾਂ ਚੰਗਾ ਬਿਲ ਸਭਾ ਵਿਚ ਲਿਆਂਦਾ ਜਾਏ ।

ਸਰਦਾਰ ਸਰੂਪ ਸਿੰਘ (ਅੰਮ੍ਰਿਤਸਰ ਸ਼ਹਿਰ ਪੂਰਬੀ ਹਲਕਾ) : ਇਹ ਜਿਹੜੀ ਤਰਮੀਮ ਸਰਕਾਰ ਵਲੋਂ ਪੇਸ਼ ਕੀਤੀ ਗਈ ਹੈ ਕਿ ਸਰਕਾਰ 2000 ਰੁਪਏ ਤਕ ਟੈਕਸ ਲਾ ਸਕਦੀ ਹੈ ਬਿਲ ਨੂੰ ਇਕ ਮੋਹਮਲ ਜਿਹਾ ਬਣਾ ਦਿੰਦੀ ਹੈ । ਜਿਥੋਂ ਤਕ rate ਮੁਕਰੱਰ ਕਰਨ ਦਾ ਸਵਾਲ ਹੈ ਸ਼ਾਇਦ ਵਜ਼ੀਰ ਸਾਹਿਬ ਨੇ ਪਾੜ੍ਹਿਆ ਨਹੀਂ ਕਿ ਬਿਲ ਦੇ Statement of Objects and Reasons ਵਿਚ ਲਿਖਿਆ ਹੋਇਆ ਹੈ ਕਿ—

Such rates as the State Goverment may by notification direct

ਮੈਂ ਵਜ਼ੀਰ ਸਾਹਿਬ ਕੋਲੋਂ ਪੁਛਦਾ ਹਾਂ ਕਿ ਇਹ 2000 ਰੁਪਿਆ ਕੀ ਹੈ ?

(ਗਵਰਨਮੈਂਟ ਬੈਂਚਾਂ ਤੋਂ ਆਵਾਜ਼ਾਂ It is only an assurance.) ਮੈਂ ਸਮਝਦਾ ਹਾਂ ਕਿ ਵਜ਼ੀਰ ਸਾਹਿਬ ਇਸ ਹਾਉਸ ਨਾਲ ਮਜ਼ਾਕ ਕਰਨ ਤੇ ਤੁਲੇ ਹੋਏ ਹਨ । ਜੇ ਕੋਈ ਮਾਨ-ਯੋਗ ਮੈਂਬਰ ਇਸ tyrannical measure ਤੇ ਚੰਗੀ ਤਰਾਂ ਵਿਚਾਰ ਕਰੇ ਤਾਂ ਉਹ ਇਸ ਦੇ ਹਕ ਵਿਚ ਕਦੀ ਆਪਣਾ ਵੋਟ ਨਹੀਂ ਦੇਣ ਲਗਾ । ਪੱਕੇ route ਤੇ ਚਲਨ ਵਾਲਿਆਂ ਤੇ ਕਚੇ route ਤੇ ਚਲਨ ਵਾਲਿਆਂ ਨੂੰ ਕੋਈ ਵਿਸ਼ਵਾਸ਼ ਨਹੀਂ ਦਿਤਾ ਗਿਆ: ਲਾਰੀ ਚਲਾਉਣ ਵਾਲਿਆਂ operators ਨੂੰ uproot ਕਰਕੇ ਗਵਰਨਮੈਂਟ ਬਰਬਾਦ ਕਰਨ ਦੀ ਕੋਸ਼ਸ਼ ਕਰ ਰਹੀ ਹੈ । ਮੈਂ ਸਮਝਦਾ ਹਾਂ ਕਿ ਇਹ trade ਛੇਤੀ ਖ਼ਤਮ ਹੋ ਜਾਏਗੀ ਤੇ ਇਸ ਦਾ ਚੰਗਾ ਨਤੀਜਾ ਨਹੀਂ ਨਿਕਲਣ ਲਗਾ ।

शिक्षा मन्त्री (श्री जगत नारायण) : अध्यक्ष महोदय ! इस तरमीमी बिल पर दो तीन एतराज़ उठाये गये हैं। एक तो यह कहा गया है कि टैक्स दो हज़ार रुपये तक लगाया जायेगा। इस के मुतअल्लिक मैं अर्ज़ करूँगा कि 2000 रुपये की तो हद मुकर्रर की जा रही है कि इस से ज़्यादा टैक्स नहीं लगाया जा सकता। वह इस लिहाज़ से मुकर्रर की गई है कि कई गाड़ियां 38 seating capacity की हैं, कई 40 की और कई इस से भी ज़्यादा। मद्रास में जो इन पर टैक्स लगाया जाता है वह 4560/- रुपया है, ट्रावनकोर में 4560/-, कुर्ग में 1896/- और उड़ीसा में 2960/- रुपये। यह आंकड़े मैंने इस लिये पेश किये हैं कि हम ने 2000/- रुपये की हद कितनी कम मुकर्रर की हैं।

ਸਰਦਾਰ ਵੰਨਣ ਸਿੰਘ ਧੁਤ : On a point of order, Sir. ਜਿਹੜੀ ਤਰਮੀਮ ਬਾਕਾਇਦਾ ਪੇਸ਼ ਨ ਕੀਤੀ ਜਾਏ ਕੀ ਉਸ ਦਾ ਜਵਾਬ ਵਜ਼ੀਰ ਸਾਹਿਬ ਦੇ ਸਕਦੇ ਹਨ ?

Mr. Speaker : There is no amendment before the House.

Principal Iqbal Singh : The Hon. Minister is taking shelter behind his suggestion.

शिक्षा मन्त्री : श्रीमान जी ! मेरे माननीय मित्रों ने कहा है कि हम ट्रांसपोर्ट ओपरेटरों की अच्छी तरह से तसल्ली नहीं कर सकते। मैं कहूंगा कि इस किस्म का प्रचार करना तो उन के अपने हित में है।

इस के अलावा यह कहा गया है कि गवर्नमेण्ट को आसामियों को पुर करने में इस तरह पक्ष-पात करने का मौका मिल जायेगा। मैं उन्हें बता दूं कि पक्ष-पात करने का सवाल ही पैदा नहीं होता क्योंकि कंडक्टर ड्राईवर और दूसरे स्टाफ की नियुक्ति Subordinate Services Selection Board के इख्तियार में है और इस मामले में गवर्नमेण्ट का कोई ताल्लुक नहीं। यह बिल तो गवर्नमेण्ट ने इसलिये पेश किया है क्योंकि 1924 से लेकर अब तक हालात में बहुत तबदीली आ चुकी है। अब टैक्स एक रुपया भी हो सकता है और 2,000 रुपये भी। हद मुकर्रर करने का यह मतलब नहीं कि टैक्स ज़रूर ही 2000/- रुपये लगेगा। यह हद मुकर्रर करके हाऊस को विश्वास दिलाया गया है कि टैक्स इस से ज़्यादा किसी हालत में नहीं लगाया जा सकता। इस के अलावा यह बार बार दोहराया गया है कि इस किसम के टैक्स लगा कर पंजाब के लोगों को तबाह करने की कोशिश की जा रही है। जहां तक गवर्नमेण्ट का ताल्लुक है मैं हाऊस को विश्वास दिलाता हूँ कि गवर्नमेण्ट की मन्शा ऐसे टैक्स लगा कर लोगों को तबाह करने की हरगिज़ नहीं। हम तो गवर्नमेण्ट की आमदन बढ़ाने के लिये यह टैक्स लगा रहे हैं ताकि ऐसी आमदनी लोगों की भलाई के कामों पर खर्च की जा सके। इस के विपरीत मेरे माननीय मित्र लोगों को भड़काते हैं और कहते हैं कि हम इस के खिलाफ अंदोलन जारी करेंगे। आप देखेंगे कि दस पंद्रहा दिन के बाद सब लोग मुतमयन हो जायेंगे और

Transport की Nationalization उन की मर्ज़ी के मुताबिक हो जायेगी। ट्रांसपोर्ट कम्पनियों के मुलाज़म जो इस स्कीम से विस्थापित हो जायेंगे उन्हें absorb करने की हर मुमकिन कोशिश की जायेगी और ट्रांसपोर्ट ओपरेटरों को भी मुनासिब मुआवज़ा दिया जायेगा।

Mr. Speaker: Question is—

That the Punjab Motor Vehicles Taxation (Amendment) Bill be passed.

The Assembly then divided:

AYES: 47
NOES: 10

The motion was declared carried.

AYES

Name

1. Abdul Ghaffar Khan, Khan.
2. Balwant Rai Tayal, Shri.
3. Benarsi Dass Gupta, Shri.
4. Bhim Sen Sachar, Shri.
5. Chandi Ram Verma, Shri.
6. Darbara Singh, Sardar.
7. Daulat Ram, Shri.
8. Daulat Ram Sharma, Shri.
9. Gurbachan Singh, Sardar.
10. Gurbanta Singh, Sardar.
11. Gurdial Singh Dhillon, Sardar.
12. Harbans Singh, Principal.
13. Hari Ram, Shri.
14. Hari Singh, Sardar.
15. Harnam Singh Sethi, Shri.
16. Jagat Narain, Shri.
17. Jagat Ram Bhardwaj, Shri.
18. Jagdish Chander, Shri.
19. Jagdish Chandra, Dewan.
20. Joginder Singh, Sardar.
21. Kasturi Lal Goel, Shri.
22. Khem Singh, Sardar.
23. Khushi Ram Gupta, Shri.
24. Lal Chand Prarthi, Shri.

Name

25. Mam Raj, Shri.
26. Mehar Singh, Shri.
27. Mohan Singh Jathedar, Sardar.
28. Naranjan Dass Dhiman, Shri.
29. Parkash Kaur, Shrimati.
30. Rajinder Singh Gyani, Sardar.
31. Rala Ram, Shri.
32. Ram Dayal Vaid, Shri.
33. Ram Kishen, Shri.
34. Ram Sarup, Shri.
35. Ranjit Singh Captain, Shri.
36. Rattan Amol Singh, Captain.
37. Sadhu Ram, Shri.
38. Samar Singh, Shri.
39. Sant Ram, Shri.
40. Sarup Singh, Shri.
41. Shib Singh, Sardar.
42. Sita Devi, Shrimati.
43. Sohan Singh, Sardar.
44. Som Dutt, Shri.
45. Sunder Singh, Chaudhri.
46. Teg Ram, Shri.
47. Uttam Singh, Sardar.

NOES

Name.	Name.
1. Achhar Singh Chhina, Sardar.	6. Iqbal Singh, Principal.
2. Bachan Singh, Sardar.	7. Mota Singh Anandpuri, Professor.
3. Chanan Singh Dhut, Sardar.	8. Mukhtiar Singh, Sardar.
4. Darshan Singh, Sardar.	9. Sarup Singh, Sardar.
5. Hari Chand, Rai.	10. Wadhawa Ram, Shri.

THE EAST PUNJAB GENERAL SALES TAX (AMENDMENT) BILL.

Minister for Labour (Chaudhri Sundar Singh): Sir, I beg to introduce the East Punjab General Sales Tax (Amendment) Bill.

Minister for Labour: Sir, I beg to move-

> That the East Punjab General Sales Tax (Amendment) Bill be taken into consideration at once.

स्पीकर साहिब ! मैं आप के द्वारा सभा को यह बताना चाहता हूं कि यह बिल क्या चीज़ है ताकि यह नुक्ताचीनी का सबब न बने। इस बिल के द्वारा कोई नया टैक्स नहीं लगाया जा रहा। पहले जो टैक्स लगा हुआ है उस में जो evasion होता है उस को रोकने के लिये यह बिल लाया गया है। जो माल पंजाब में बाहर से आता है और जो यहां से बाहर जाता है उस पर Sales Tax लगाया जाता है। जो माल दिल्ली जैसी जगहों से रेल के ज़रीए पंजाब में आता है उस को तो हमारे सब इन्सपैक्टर स्टेशन पर जा कर check कर लेते हैं और उस पर Sales Tax लग जाता है। लेकिन जो माल ट्रक पर या घोड़े पर पंजाब में लाया जाता है उस को आसानी से check नहीं किया जा सकता। उस से evasion होता है। इस evasion को रोकने के लिये हम मुख्तलिफ जगहों पर barriers बनाना चाहते हैं। यह evasion ज़्यादा था इस लिये यह बिल लाया गया है। इस के ज़रीए कोई नया टैक्स नहीं लगाया जा रहा। सिर्फ evasion की रोक थाम के लिये यह बिल लाया गया है।

Mr. Speaker: Motion moved:

> That the East Punjab General Sales Tax (Amendment) Bill be taken into consideration at once.

ਪ੍ਰਿੰਸੀਪਲ ਇਕਬਾਲ ਸਿੰਘ (ਜਗਰਾਉਂ) : ਸ਼੍ਰੀਮਾਨ ਜੀ ! ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਸ ਬਿਲ ਨਾਲ ਕੋਈ ਨਵਾਂ ਟੈਕਸ ਨਹੀਂ ਲਾਇਆ ਜਾ ਰਿਹਾ। ਇਹ ਠੀਕ ਹੈ ਕਿ ਇਹ ਕੋਈ ਨਵਾਂ ਟੈਕਸ ਨਹੀਂ ਲਾਉਂਦਾ। ਪਰ ਇਸ ਟੈਕਸ ਦੀ ਇਕ ਬੜੀ ਲੁਕਵੀਂ form ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਮਨਿਸਟਰ ਸਾਹਿਬ ਪਾਸ ਬਹੁਤ ਸਾਰੇ ਆਦਮੀ ਹਨ ਜਿਨ੍ਹਾਂ ਨੂੰ ਉਹ ਨੌਕਰੀਆਂ ਦੇਣੀਆਂ ਚਾਹੁੰਦੇ ਹਨ। ਉਨ੍ਹਾਂ ਨੂੰ employment

ਦਣ ਲਈ ਇਹ ਬਿਲ ਲਿਆਂਦਾ ਗਿਆ ਹੈ। ਇਸ ਤਰ੍ਹਾਂ ਇਸ ਵਿਚ ਟੈਕਸ ਲੁਕਿਆ ਹੈ। ਚੈਕ ਪੋਸਟਾਂ ਦੀ ਰਾਹੀਂ ਹੋਰ ਆਦਮੀਆਂ ਨੂੰ ਨੌਕਰੀਆਂ ਦੇਣ ਦਾ ਇਹ ਬਿਲ ਇਕ ਜ਼ਰੀਆ ਨਜ਼ਰ ਆਉਂਦਾ ਹੈ।

ਪਹਿਲਾਂ ਹੀ ਕਾਫ਼ੀ barriers ਹਨ ਜਿਨ੍ਹਾਂ ਦੇ ਜ਼ਰੀਏ checking ਹੋ ਸਕਦੀ ਹੈ। ਅਸਲ ਗੱਲ ਇਹ ਹੈ ਕਿ ਉਹ barriers ਪੂਰੇ ਤੌਰ ਤੇ ਕੰਮ ਨਹੀਂ ਕਰ ਰਹੇ। ਜੇ ਉਨ੍ਹਾਂ ਨੂੰ ਮਜ਼ਬੂਤ ਕੀਤਾ ਜਾਏ ਤਾਂ ਹੋਰ barriers ਕਾਇਮ ਕਰਨ ਦੀ ਲੋੜ ਹੀ ਨਹੀਂ ਰਹੇਗੀ। ਸਿਵਾਏ ਇਸ ਦੇ ਕਿ ਨਵੀਆਂ posts create ਕੀਤੀਆਂ ਜਾਣ, ਹੋਰ barrier ਤੇ ਚੌਕੀਆਂ ਕਾਇਮ ਕਰਨ ਦੀ ਸਾਨੂੰ ਕੋਈ ਵਜ੍ਹਾ ਨਜ਼ਰ ਨਹੀਂ ਆਉਂਦੀ।

Shri Ram Kishan (Jullundur City, North West): Sir, I beg to move-

> That the East Punjab General Sales Tax (Amendment) Bill, 1954, be referred to a Select Committee consisting of—
>
> 1. Chaudhri Sundar Singh, Minister for Labour.
> 2. Chaudhri Lahri Singh, Minister for Irrigation.
> 3. Shrimati Sita Devi, M L.A.
> 4. Shri D.D Puri, M L.A.
> 5. Master Gurbanta Singh, M.L.A.
> 6. Jathedar Mohan Singh, M L.A.
> 7. Dewan Jagdish Chandra, M.L.A.
> 8. Sardar Ajmer Singh, M.L.A
> 9. Shri Narinjan Das Dhiman M.L.A.
> 10. Sardar Hari Singh, M.L.A.
> 11. Shri Amir Chand Gupta, M.L.A.
> 12. Sardar Achhar Singh Chhina, M L.A.
> 13. Shri Benarsi Das Gupta, M.L.A.
> 14. Shri Ram Kishan, M.L.A.
>
> with a direction to submit its report to the House by the 2nd April, 1954.

स्पीकर साहिब ! इस में शक नहीं कि हमारा पंजाब चारों ओर से PEPSU Union हिमाचल प्रदेश और राजस्थान के इलाकों से घिरा हुआ है। अगर हम अमृतसर से गुड़गावां तक सफर करें तो रास्ते में कई मकामात कपूरथला फगवाड़ा, सुचेतगढ़, महिंद्रगढ़, सरहंद, राजपुरा आदि ऐसे आते हैं जो पैप्सू के इलाके में शामिल हैं। इधर पंजाब का कुछ इलाका नाहन के इलाके से और उस तरफ चम्बे के इलाके से घिरा हुआ है। नाहन और चम्बा दोनों हिमाचल में हैं। check posts और barriers लगाने का ख्याल तो अच्छा है मगर देखना यह है कि इस को अमली शकल भी दी जा सकती है या नहीं। मैं इस बात से मुतफिक हूं कि हमें revenue के हर मुमकिन source को tap करना चाहिये मगर इस बात को मद्दे नजर रखना भी जरूरी है कि कहीं इस बिल को पास करने से उलटा नुकसान तो न होगा। कोई नया तरीका रायज करने से पहले यह देखना जरूरी होता है कि उस से टैक्स की वसूली वास्तव में ज्यादा होगी या नहीं या कि उस का नतीजा सिवाए

[श्री राम किशन]

इस के कि लोगों में सरकार के खिलाफ नफरत फैले और कुछ भी होगा ।

स्पीकर साहिब ! इस बिल में बड़ी drastic provisions तजवीज़ की जा रही हैं जिन की वजह से व्यापारियों की hardships में इज़ाफा हो जायेगा । इस के पास होने से Ministry और व्यापारियों के बीच जो बातचीत चल रही है उस पर बहुत बुरा असर पड़ेगा और उन के आपसी तालुकात बहुत खराब हो जायेंगे ।

स्पीकर साहिब ! आप ने देखा होगा कि इस में एक provision ऐसी रखी गई है जिस के मातहत सारा इख्तियार Taxation Sub Inspector को होगा ।

Mr. Speaker: When the hon Member is moving an amendment for reference of the Bill to a Select Committee he should not discuss the underlying principles or details of its clauses. His own motion debars him from considering it. It means that he does not want it to beconsidered just now.

श्री राम किशन : मैं अर्ज़ कर रहा था कि इस बिल द्वारा Taxation Sub Inspector को पूरे अधिकार देने की तजवीज़ की जा रही है । पिछले साल जब व्यापारियों ने यह मांग की थी कि importing और manufacturing stages पर tax लगाना चाहिए तो Finance Minister साहिब ने फरमाया था कि इस तरह tax लगाने लगें तो इतने barriers और check posts लगाने पड़ेंगे........

Mr. Speaker: I again call the hon Member to order. If he starts a discussion just now what would be the use of sending it to a select committee ?

श्री राम किशन : अच्छा जनाब, इस बात को देखते हुए कि इस बिल में कई चीज़ें ऐसी हैं जिन पर Select Committee में ही अच्छी तरह विचार किया जा सकता है, मैं अपने प्रस्ताव को पेश करता हूँ और आशा करता हूँ कि इस तरह व्यापारियों के दृष्टिकोण पर भी पूरा पूरा विचार किया जा सकेगा ।

Mr. Speaker: Motion moved—

That the East Punjab General Sales Tax (Amendment) Bill 1954, be referred to a Select Committee consisting of :—

1. Chaudhri Sundar Singh, Minister for Labour.
2. Chaudhri Lahri Singh, Minister for Irrigation.
3. Shrimati Sita Devi, M.L.A
4. Shri D.D. Puri, M L.A.
5. Master Gurbanta Singh M L.A.
6. Jathedar Mohan Singh M.L A.
7. Dewan Jagdish Chandra, M.L.A.
8. Sardar Ajmer Singh, M.L.A.
9. Shri Narinjan Das Dhiman, M.L.A.
10. Shri Amir Chand Gupta, M.L A.
11. Sardar Achhar Singh Chhina, M.L.A.
12. Shri Benarsi Das Gupta, M L.A.
13. Sardar Hari Singh M L.A.
14. Shri Ram Kishan, M L.A.

with a direction to submit its report to the House by the 2nd April, 1954.

Mr. Speaker. Question is –

That the East Punjab General Sales Tax (Amendment) Bill, 1954, be referred to a Select Committee consisting of—

1. Chaudhri Sundar Singh, Minister for Labour.
2. Chaudhri Lahri Singh, Minister for Irrigation.
3. Shrimati Sita Devi, M L A.
4. Shri D. D. Puri, M.L A.
5. Master Gurbanta Singh, M.L A.
6. Jathedar Mohan Singh, M. L. A.
7. Dewan Jagdish Chandra, M. L. A.
8. Sardar Ajmer Singh, M. L. A.
9. Shri Narinjan Dass Dhiman, M. L. A.
10. Shri Amir Chand Gupta, M. L. A
11. Sardar Achhar Singh Chhina, M. L. A.
12. Shri Banarsi Dass Gupta, M. L. A.
13. Sardar Hari Singh, M.L.A.
14. Shri Ram Kishan, M.L.A.

with a direction to submit its report to the House by the 2nd April, 1954.

The motion was carried.

THE PUNJAB PASSENGERS AND GOODS TAXATION (AMENDMENT) BILL.

Minister For Labour (Chaudhri Sundar Singh) : Sir, I beg to introduce the Punjab Passengers and Goods Taxation (Amendment) Bill.

Minister For Labour : Sir, I beg to move —

That the Punjab Passengers and Goods Taxation (Amendment) Bill be taken into consideration at once.

Mr. Speaker : Motion moved—

That the Punjab Passengers and Goods Taxation (Amendment) Bill be taken into consideration at once.

ਸਰਦਾਰ ਚੰਨਣ ਸਿੰਘ ਧੂਤ (ਟਾਂਡਾ) : ਪ੍ਰਧਾਨ ਜੀ ! ਇਹ ਠੀਕ ਹੈ ਕਿ ਸਰਕਾਰ ਨੂੰ passengers ਅਤੇ goods ਉੱਪਰ ਲਗਾਏ ਗਏ ਟੈਕਸ ਤੋਂ ਆਮਦਨ ਹੋਈ ਹੋਣੀ ਹੈ ਲੇਕਿਨ ਜਿਹੜੀ agitation ਲੋਕਾਂ ਵਿਚ ਇਸ ਦੇ ਮੁਤਅੱਲਕ ਪਾਈ ਜਾਂਦੀ ਹੈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਸ ਨੂੰ ਵੀ ਮਹਿਸੂਸ ਕਰੇ। ਲੋਕ 12 ਆਨੇ ਕਿਰਾਇਆ ਦੇਣ ਨੂੰ ਤਾਂ ਤਿਆਰ ਹੁੰਦੇ ਹਨ ਪਰ ਟੈਕਸ ਦੇ ਦੋ ਪੈਸੇ ਦੇਂਦਿਆਂ ਬਹੁਤ ਤਕਲੀਫ ਮਹਿਸੂਸ ਕਰਦੇ ਹਨ ਤੇ ਪੈਸੇ ਪੈਸੇ ਤੇ ਝਗੜੇ ਹੋ ਜਾਂਦੇ ਹਨ ।

ਦੂਜੀ ਗੱਲ ਇਹ ਹੈ ਕਿ ਕੰਪਨੀਆਂ ਲਈ ਬਹੁਤ ਸਾਰਾ ਕੰਮ ਵਧ ਗਿਆ ਹੈ ਤੇ ਉਨ੍ਹਾਂ ਨੂੰ ਬਹੁਤ ਸਾਰੇ ਮੁਲਾਜ਼ਿਮ ਵਾਧੂ ਰੱਖਣੇ ਪਏ ਹਨ। ਕਈ ਵਾਰੀ ਸਵਾਰੀਆਂ ਕੋਲ ਟੁੱਟੇ ਹੋਏ ਪੈਸੇ ਨਾ ਹੋਣ ਕਰ ਕੇ ਝਗੜੇ ਹੋ ਜਾਂਦੇ ਹਨ ।

ਫੇਰ ਸਪੀਕਰ ਸਾਹਿਬ ! ਇਸ ਵੇਲੇ ਸਾਡੇ ਪੰਜਾਬ ਵਿਚ ਕੁਝ ਗਿਣਤੀ ਦੀਆਂ ਟੈਕਸੀਆਂ

(ਸਰਦਾਰ ਚੰਨਣ ਸਿੰਘ ਧੂਤ)

ਹਨ । ਜਿਨ੍ਹਾਂ ਉੱਪਰ ਇਸ ਬਿੱਲ ਦਾ ਅਸਰ ਹੋਣਾ ਹੈ। ਜਿਹੜੀ lumpsum ਸਰਕਾਰ ਨੇ ਉਨ੍ਹਾਂ ਦੇ ਬਾਰੇ ਵਿਚ ਮੁਕਰੱਰ ਕੀਤੀ ਹੈ ਉਸ ਦਾ ਕੋਈ rate ਵਗੈਰਾ ਨਹੀਂ ਦੱਸਿਆ । ਮੈਂ ਵੇਖਦਾ ਹਾਂ ਕਿ ਜਿੰਨੇ ਬਿੱਲ ਵੀ ਸਰਕਾਰ ਲਿਆਉਂਦੀ ਹੈ ਉਹ ਸਾਰੇ ਗੋਲਮੋਲ ਹੀ ਹੁੰਦੇ ਹਨ । ਇਸੇ ਤਰ੍ਹਾਂ ਇਸ ਬਿੱਲ ਵਿਚ ਵੀ ਕੁਝ ਨਹੀਂ ਦਸਿਆ ਗਿਆ ਕਿ ਕਿਸ ਢੰਗ ਨਾਲ ਟੈਕਸ assess ਕੀਤਾ ਜਾਵੇਗਾ । ਸਿਰਫ ਇਹ ਕਹਿ ਦਿੱਤਾ ਗਿਆ ਹੈ ਕਿ 'lumpsum' ਲੈਣੀ ਹੈ । ਉਸ ਨੂੰ ਸਪਸ਼ਟ ਕਰ ਕੇ ਨਹੀਂ ਦਸਿਆ ਗਿਆ । ਇਸ ਦੇ ਨਾਲ ਹੀ ਉਹ ਆਪਣੇ ਆਦਮੀਆਂ ਨੂੰ provide ਕਰਨਾ ਚਾਹੁੰਦੇ ਹਨ । ਇਹ ਭੀ ਇਕ ਰਾਹ ਹੈ ਜਿਸ ਨਾਲ ਲਿਹਾਜ਼ਦਾਰੀ ਅਤੇ ਰਿਸ਼ਵਤ ਜਾਰੀ ਰਹੇਗੀ । ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਲਈ ਕੋਈ schedule ਨਹੀਂ ਬਣਾਇਆ ਗਿਆ । ਇਹ ਗੋਲ ਮੋਲ ਬਿੱਲ ਟੈਕਸੀਆਂ ਦੇ ਚਲਾਉਣ ਵਾਲਿਆਂ ਲਈ ਬੜਾ ਖਤ੍ਰਨਾਕ ਹੈ ਅਤੇ ਸਰਕਾਰ ਦੇ ਵਾਸਤੇ ਭੀ ਨੁਕਸਾਨਦਿਹ ਹੈ । ਗਵਰਨਮੈਂਟ ਆਪਣੀ ਆਮਦਨੀ ਨੂੰ ਵਸੂਲ ਕਰਨ ਲਈ ਠੀਕ ਪ੍ਰਬੰਧ ਨਹੀਂ ਕਰ ਸਕੇਗੀ । ਆਪਣੇ ਵੱਲੋਂ ਤਾਂ ਸਰਕਾਰ ਕਹਿੰਦੀ ਹੈ ਕਿ corruption ਘੱਟ ਰਹੀ ਹੈ । ਲੇਕਿਨ ਇਹ ਬਿੱਲ ਤਾਂ ਮੁਲਾਜ਼ਮਾਂ ਨੂੰ ਰਿਸ਼ਵਤ ਖੋਰੀ ਦਾ ਹੋਰ ਵੀ ਜ਼ਿਆਦਾ ਮੌਕਾ ਦੇਵੇਗਾ ।

ਤੀਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਰਕਾਰ ਨੇ ਚੰਦ ਲੋਕਾਂ ਤੇ operators ਨਾਲ ਗੱਲ ਬਾਤ ਕਰ ਕੇ ਬਾਕੀ ਸਾਰਿਆਂ ਉੱਪਰ ਬੋਝ ਪਾ ਦਿੱਤਾ ਹੈ। ਟੈਕਸੀਆਂ ਦੇ ਮਾਮਲੇ ਵਿਚ ਵੀ ਸਰਕਾਰ ਇਹੋ ਕੁਝ ਕਰ ਰਹੀ ਹੈ। ਜੇਕਰ ਉਹ ਸਮਝਦੇ ਹਨ ਕਿ ਉਹ ਠੀਕ ਤਰੀਕਾ ਅਪਨਾ ਰਹੇ ਹਨ ਤਾਂ ਮੋਟਰ ਕੰਪਨੀਆਂ ਦੇ ਕੇਸ ਵਿਚ ਵੀ ਕੋਈ limit ਮੁਕਰੱਰ ਕਰ ਦੇਣ ਜਿਸ ਦੇ ਨਾਲ ਸਰਕਾਰੀ ਆਮਦਨੀ ਵਿਚ ਵੀ ਇਜ਼ਾਫਾ ਹੋਵੇ ਅਤੇ passengers ਨੂੰ ਆਸਾਨੀਆਂ ਅਤੇ ਸਹੂਲਤਾਂ ਹੋਣ । ਪ੍ਰਧਾਨ ਜੀ, ਇਹ ਠੀਕ ਨਹੀਂ ਲੱਗਦਾ ਕਿ ਤੀਸਰੇ ਦਿਨ ਉਹ ਨਵੇਂ ਤੋਂ ਨਵੇਂ amending measures ਲੈ ਆਉਣ । ਪਹਿਲੇ ਕੁਝ ਕਰਦੇ ਹਨ, ਫਿਰ ਕੁਝ ਹੋਰ ਕਰਦੇ ਹਨ । ਮੇਰੀ ਅਰਜ਼ ਹੈ ਕਿ ਉਨ੍ਹਾਂ ਨੂੰ ਪਹਿਲੇ ਹੀ ਸੋਚ ਵਿਚਾਰ ਕੇ ਬਿੱਲ ਲਿਆਉਣਾ ਚਾਹੀਦਾ ਹੈ ਤਾਂ ਜੋ ਰਿਸ਼ਵਤ ਖੋਰੀ ਬੰਦ ਹੋਵੇ ਅਤੇ ਜਿਹੜਾ ਰੁਪਿਆ ਨਿਤ ਨਵਾਂ staff ਰੱਖਣ ਉੱਪਰ ਖ਼ਰਚ ਹੁੰਦਾ ਹੈ ਬੱਚ ਜਾਵੇ ਅਤੇ ਉਹ ਦੂਸਰੇ ਭਲਾਈ ਦੇ ਮਹਿਕਮਿਆਂ ਉੱਪਰ ਖ਼ਰਚ ਹੋ ਸਕੇ ।

ਸਰਦਾਰ ਸਰੂਪ ਸਿੰਘ (ਅੰਮ੍ਰਿਤਸਰ ਸ਼ਹਿਰ, ਪੂਰਬੀ) : ਸਪੀਕਰ ਸਾਹਿਬ ! ਜਦ Punjab Passengers and Goods Taxation Act ਸੰਨ 1952 ਵਿਚ ਪਾਸ ਹੋਇਆ ਸੀ ਤਾਂ ਇਕ ਤੋਂ ਜ਼ਿਆਦਾ ਵਜ਼ੀਰ ਸਾਹਿਬਾਨ ਨੇ ਇਹ assurance ਦਿਵਾਈ ਸੀ ਕਿ ਇਹ tax passengers ਦੀ pocket ਵਿਚੋਂ ਨਹੀਂ ਲਿਆ ਜਾਵੇਗਾ ਬਲਕਿ ਮੋਟਰ ਕੰਪਨੀਆਂ ਪਾਸੋਂ ਲਿਆ ਜਾਵੇਗਾ । ਹਾਲਾਂਕਿ ਉਸ ਦਾ title Punjab Passengers and Goods Taxation Bill ਸੀ । ਨਤੀਜਾ ਇਹ ਹੋਇਆ ਕਿ ਕਿਰਾਇਆ ਟੈਕਸ ਲਗਾਣ ਕਰ ਕੇ ਵਧ ਗਿਆ ਹੈ । ਇਥੋਂ ਤਕ ਕਿ ਇਹ ਰੇਲ ਦੇ ਕਿਰਾਏ ਨਾਲੋਂ ਵੀ ਵਧ ਗਿਆ ਹੈ । ਗਵਰਨਮੈਂਟ ਕਿਰਾਏ ਨੂੰ ਘਟਾਉਣ ਵੀ ਨਹੀਂ ਦੇਂਦੀ ਅਤੇ ਗਰੀਬ ਮੁਸਾਫ਼ਰਾਂ ਨੂੰ ਬੜੀ ਮੁਸ਼ਕਿਲ ਹੋ ਰਹੀ ਹੈ । ਹੁਣ ਜਿਹੜੀ amendment ਵਜ਼ੀਰ ਸਾਹਿਬ ਲਿਆਏ ਹਨ ਉਹ ਟੈਕਸੀਆਂ ਤਕ ਹੀ ਮਹਿਦੂਦ ਨਹੀਂ ਰਹਿਣੀ ਚਾਹੀਦੀ । ਇਸੇ ਤਰ੍ਹਾਂ ਹੀ ਮੋਟਰ ਕੰਪਨੀਆਂ ਕੋਲੋਂ ਵੀ 'lumpsum' ਰੇਟ ਚਾਰਜ ਕੀਤਾ ਜਾਣਾ ਚਾਹੀਦਾ ਹੈ ਤਾਕਿ passengers ਨੂੰ ਸਹੂਲਤ ਹੋ ਜਾਵੇ । ਮੈਨੂੰ ਉਮੀਦ

ਹੈ ਕਿ ਵਜ਼ੀਰ ਸਾਹਿਬ ਮੇਰੀ suggestion ਉਪਰ ਗੌਰ ਕਰਨਗੇ ।

ਸਰਦਾਰ ਵਜ਼ੀਰ ਸਿੰਘ (ਡੇਹਲੋਂ) : ਪ੍ਰਧਾਨ ਜੀ ! ਜਿਸ ਵਕਤ ਪਹਿਲੀ ਵਾਰ Punjab Passengers and Goods Taxation Bill ਹਾਊਸ ਵਿਚ ਪੇਸ਼ ਹੋਇਆ ਤਾਂ ਜਿਹੜੀ Amendment ਅਜ ਪੇਸ਼ ਹੋਈ ਹੈ, ਇਹ Opposition ਵਲੋਂ ਪੇਸ਼ ਕੀਤੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਟੈਕਸ ਨੂੰ ਵਸੂਲ ਕਰਨ ਦਾ ਤਰੀਕਾ ਗ਼ਲਤ ਹੈ । ਇਸ ਦੇ ਮਾਤਹਿਤ ਗਵਰਨਮੈਂਟ ਨੂੰ ਖ਼ਾਹ ਮਖ਼ਾਹ staff ਰਖਣਾ ਪਵੇਗਾ ਅਤੇ ਰੁਪਿਆ ਬਹੁਤ ਖ਼ਰਚ ਹੋਵੇਗਾ । ਇਸ ਚੀਜ਼ ਨੂੰ ਰੋਕਣ ਲਈ 'lump sum' ਰਕਮ ਮੁਕੱਰਰ ਕਰ ਦਿਓ । ਜਿਹੜੀ statement ਕੰਪਨੀਆਂ ਵਾਲੇ ਸਾਲ ਪਿਛੋਂ Income Tax Department ਨੂੰ ਦਿੰਦੇ ਹਨ ਉਸ ਰਕਮ ਦੇ ਹਿਸਾਬ ਨਾਲ ਉਨ੍ਹਾਂ ਕੋਲੋਂ ਟੈਕਸ ਲੈ ਲਿਆ ਕਰੋ; ਪਰ ਸਰਕਾਰ ਨਹੀਂ ਮੰਨੀ ਸੀ । ਪ੍ਰਧਾਨ ਜੀ, Oposition ਨੂੰ ਸਦਾ ਹੀ ਗਵਰਨਮੈਂਟ ਦੇ ਖ਼ਿਲਾਫ਼ ਇਹ ਸ਼ਿਕਾਇਤ ਰਹੀ ਹੈ ਕਿ ਜਿਹੜੇ ਵੀ ਐਕਟ ਪਾਸ ਹੁੰਦੇ ਹਨ ਅਧੂਰੇ ਹੁੰਦੇ ਹਨ । ਮਾਲੂਮ ਇਹ ਹੁੰਦਾ ਹੈ ਕਿ ਜਾਂ ਤਾਂ ਮਨਿਸਟਰ ਸਾਹਿਬਾਨ ਕੋਲ ਇਤਨਾ ਵਕਤ ਨਹੀਂ ਹੈ ਕਿ ਉਹ ਬਿਲਾਂ ਨੂੰ ਸੋਚ ਵਿਚਾਰ ਕੇ ਪੇਸ਼ ਕਰਨ ਤੇ ਜਾਂ ਸੈਕ੍ਰੇਟਰੀ ਸਾਹਿਬਾਨ ਜਿਹੜੇ ਕਿ ਬਿਲ ਤਿਆਰ ਕਰਦੇ ਹਨ ਮਨਿਸਟਰ ਸਾਹਿਬਾਨ ਦੀ ਗੱਲ ਨੂੰ ਨਹੀਂ ਮੰਨਦੇ ਅਤੇ ਅਪਣੀ ਮਰਜ਼ੀ ਵਰਤ ਕੇ ਬਿਲ ਨੂੰ ਅਧੂਰਾ ਰਖਦੇ ਹਨ । 2 ਸਾਲ ਹੋਏ ਹਨ ਕਿ Punjab Passengers and Goods Taxation Act ਬਣਿਆ ਸੀ । ਉਸ ਤੋਂ ਅਗਲੇ Session ਵਿਚ, ਉਸ ਵਿਚ Amendment ਕੀਤੀ ਗਈ ਅਤੇ ਉਸ ਤੋਂ ਅਗਲੇ Session ਵਿਚ ਇਕ ਹੋਰ ਕੀਤੀ ਗਈ । ਇਸੇ ਤਰ੍ਹਾਂ ਹੀ Gram Panchayat Bill ਪਾਸ ਹੋਇਆ ਤਾਂ ਅਗਲੇ Session ਵਿਚ ਉਸ ਵਿਚ amendment ਕੀਤੀ ਗਈ । ਇਹ ਸਾਰੀਆਂ ਗੱਲਾਂ ਸਾਬਤ ਕਰਦੀਆਂ ਹਨ ਕਿ ਬਿਲਾਂ ਨੂੰ ਪੇਸ਼ ਕਰਨ ਤੋਂ ਪਹਿਲਾਂ ਉਨ੍ਹਾਂ ਉਪਰ ਗੌਰ ਨਹੀਂ ਕੀਤਾ ਜਾਂਦਾ । ਰੁਪਿਆ ਖ਼ਰਚ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਰੁਪਿਆ waste ਕੀਤਾ ਜਾ ਰਿਹਾ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਬਿਲ ਲੈ ਆਉਣ ਵਿਚ ਜਲਦੀ ਨਾ ਕੀਤੀ ਜਾਵੇ ਬਲਕਿ ਇਸ ਕੰਮ ਲਈ Select Committee ਮੁਕੱਰਰ ਕੀਤੀ ਜਾਵੇ ਜਿਹੜੀ ਕਿ ਬਿਲ ਨੂੰ ਪੇਸ਼ ਕਰਨ ਤੋਂ ਪਹਿਲਾਂ ਉਸ ਉਪਰ ਪੂਰਾ ਗੌਰ ਕਰੇ । Secretaries ਅਤੇ ਦੂਸਰੇ ਅਫ਼ਸਰਾਂ ਨੂੰ ਵੀ ਬਿਲ ਉਪਰ ਗੌਰ ਕਰਨ ਦਾ ਪੂਰਾ ਪੂਰਾ ਸਮਾਂ ਦਿਤਾ ਜਾਵੇ ਤਾਕਿ ਬਾਅਦ ਵਿਚ amendments ਪੇਸ਼ ਕਰਨ ਦਾ ਵਕਤ ਅਤੇ ਖ਼ਰਚ ਬਚ ਜਾਵੇ ।

ਫਿਰ ਪ੍ਰਧਾਨ ਜੀ, ਇਨ੍ਹਾਂ ਨੇ 'lump sum' ਰਕਮ ਮੁਕੱਰਰ ਕੀਤੀ ਹੈ ਅਤੇ ਵਜ੍ਹਾ ਇਹ ਦੱਸੀ ਹੈ ਕਿ ਟੈਕਸੀਆਂ ਦੇ routes ਦਾ ਪਤਾ ਨਹੀਂ ਹੈ ਅਤੇ ਉਨ੍ਹਾਂ ਦੇ drivers illiterate ਹੁੰਦੇ ਹਨ ਜੋ ਪੂਰਾ ਹਿਸਾਬ ਨਹੀਂ ਰਖ ਸਕਦੇ । ਪਹਿਲਾਂ ਇਹੋ ਗਲ Opposition ਵਲੋਂ ਕਹੀ ਗਈ ਸੀ ਤਾਂ ਸਰਕਾਰ ਨਹੀਂ ਮੰਨੀ ਸੀ । ਅਸੀਂ ਹੁਣ ਵੀ ਕਹਿੰਦੇ ਹਾਂ ਕਿ ਇਹ ਬਿਲ ਅਜੇ ਵੀ ਅਧੂਰਾ ਹੈ । ਇਹ ਕਾਨੂੰਨ ਦੂਜੀਆਂ ਕੰਪਨੀਆਂ ਉਪਰ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ । ਜੇਕਰ ਸਰਕਾਰ ਸਮਝਦੀ ਹੈ ਕਿ ਉਹ ਲੋਕ Income Tax ਦੇ ਬਾਰੇ ਵਿਚ ਗ਼ਲਤ statements ਦਿੰਦੀਆਂ ਹਨ ਤਾਂ Income Tax Act ਦੇ ਮਾਤਹਿਤ ਉਨ੍ਹਾਂ ਉਪਰ ਮੁਕੱਦਮਾ ਚਲ ਸਕਦਾ ਹੈ । ਉਨ੍ਹਾਂ ਦੇ ਕੇਸ ਵਿਚ ਵੀ ਇਕ 'lump sum' ਰਕਮ ਮੁਕੱਰਰ ਕਰ ਦੇਣੀ ਚਾਹੀਦੀ ਹੈ ਅਤੇ Inspector, Sub-Inspector ਅਤੇ ਦੂਸਰੇ ਸਾਰੇ ਹੀ ਅਫ਼ਸਰ ਜਿਹੜੇ ਕਿ ਮੁਕੱਰਰ ਕੀਤੇ ਹੋਏ ਹਨ ਉਨ੍ਹਾਂ ਨੂੰ ਹਟਾ ਦੇਣਾ ਚਾਹੀਦਾ ਹੈ । ਸਾਨੂੰ ਇਸ ਗਲ ਦਾ ਰੰਜ

[ਸਰਦਾਰ ਵਜ਼ੀਰ ਸਿੰਘ

ਹੈ ਕਿ ਮਨਿਸਟਰ ਸਾਹਿਬਾਨ ਆਪਣੇ ਅਤੇ ਕਾਂਗਰਸ ਪਾਰਟੀ ਦੇ ਮੈਂਬਰਾਂ ਦੇ ਰਿਸ਼ਤੇਦਾਰਾਂ ਨੂੰ ਕੰਮ ਤੇ ਲਗਾਉਣ ਵਾਸਤੇ ਇਸ ਤਰੀਕੇ ਨਾਲ posts create ਕਰਦੇ ਹਨ। ਇਹ ਕਾਰਵਾਈ ਨਾ ਤੇ ਉਨ੍ਹਾਂ ਲਈ ਅਤੇ ਨਾ ਪਬਲਿਕ ਲਈ ਫ਼ਾਇਦੇਮੰਦ ਹੈ। ਇਸ ਕਰ ਕੇ ਪ੍ਰਧਾਨ ਜੀ, ਮੈਂ Minister Incharge ਨੂੰ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ 'lumpsum' ਰਕਮ ਵਾਲਾ ਤਰੀਕਾ ਦੂਸਰੀਆਂ ਕੰਪਨੀਆਂ ਉਪਰ ਭੀ ਲਾਗੂ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਜਿਹੜਾ ਰੁਪਿਆ ਸਟਾਫ਼ ਨੂੰ ਹਟਾਉਣ ਨਾਲ ਬਚੇਗਾ ਉਹ ਦੂਸਰੇ ਭਲਾਈ ਦੇ ਕੰਮਾਂ ਉਪਰ ਖ਼ਰਚਿਆ ਜਾ ਸਕਦਾ ਹੈ।

ਲੇਬਰ ਮੰਤ੍ਰੀ (ਚੌਧਰੀ ਸੁੰਦਰ ਸਿੰਘ) : ਪ੍ਰਧਾਨ ਜੀ ! ਮੇਰੇ ਦੋ ਤਿੰਨ ਭਰਾਵਾਂ ਨੇ ਕੁਝ ਇਤਰਾਜ਼ ਕੀਤੇ ਹਨ। ਖਾਸ ਤੌਰ ਤੇ ਸਰਦਾਰ ਵਜ਼ੀਰ ਸਿੰਘ ਅਤੇ ਸਰਦਾਰ ਸਰੂਪ ਸਿੰਘ ਜੀ ਨੇ ਜਿਵੇਂ ਇਸ ਨੂੰ interpret ਕੀਤਾ ਹੈ, ਉਸ ਨੂੰ ਸੁਣ ਕੇ ਤਾਂ ਮੈਨੂੰ ਬੜੀ ਹੈਰਾਨੀ ਹੋਈ ਹੈ। ਮੈਂ ਨਹੀਂ ਸਮਝਦਾ ਕਿ ਉਨ੍ਹਾਂ ਨੂੰ ਲੰਪ-ਸਮ (Lumpsum) ਦੇ ਤੌਰ ਤੇ ਇਹ ਟੈਕਸ ਵਸੂਲ ਕਰਨ ਵਿਚ ਕੋਈ ਇਤਰਾਜ਼ ਹੋਵੇਗਾ। ਜਦ ਹੁਣ ਲੰਪਸਮ ਦੇ ਤਰੀਕੇ ਨੂੰ ਅਪਨਾਇਆ ਗਿਆ ਹੈ ਤਾਂ ਸ਼ਿਕਾਇਤ ਦਾ ਕੋਈ ਮੌਕਾ ਹੀ ਨਹੀਂ ਰਹਿਣਾ ਚਾਹੀਦਾ। ਜਿਵੇਂ ਅਸੀਂ ਟਰੱਕਾਂ ਵਾਲਿਆਂ ਨੂੰ ਅਨਪੜ੍ਹ ਸਮਝ ਕੇ ਅਤੇ ਉਨ੍ਹਾਂ ਨੂੰ ਸਹੂਲਤਾਂ ਦੇਣ ਲਈ ਲੰਪ-ਸਮ ਦਾ ਤਰੀਕਾ ਇਖਤਿਆਰ ਕੀਤਾ ਸੀ ਉਸੇ ਤਰ੍ਹਾਂ ਹੁਣ ਇਸ ਮਾਮਲੇ ਵਿਚ ਵੀ ਉਨ੍ਹਾਂ ਟੈਕਸੀ ਕੈਬਜ਼ (taxi cabs) ਵਾਲਿਆਂ ਨੂੰ ਵੀ ਇਹ ਸਹੂਲਤ ਦਿੱਤੀ ਜਾ ਰਹੀ ਹੈ।

ਪ੍ਰਧਾਨ ਜੀ ! ਸ਼ਿਮਲਾ-ਕਾਲਕਾ ਜਿਹੇ ਰੂਟਸ ਪੁਰ ਤਾਂ timings fix ਕੀਤੇ ਹੋਏ ਹੁੰਦੇ ਹਨ ਪਰ ਸ਼ਹਿਰਾਂ ਵਿਚ ਕੋਈ ਪਾਬੰਦੀ ਨਹੀਂ। ਮਿਸਾਲ ਦੇ ਤੌਰ ਤੇ ਜੇ ਸਰਦਾਰ ਵਜ਼ੀਰ ਸਿੰਘ ਜੀ, ਕੋਈ ਟੈਕਸੀ ਲੈ ਕੇ ਮਾਲ ਲਿਆਉਣ ਦਾ ਫੈਸਲਾ ਕਰ ਲੈਣ ਤਾਂ ਉਨ੍ਹਾਂ ਲਈ ਕੋਈ ਖ਼ਾਸ timing ਮੁਕਰਰ ਨਹੀਂ। ਇਸ ਲਈ ਇਹ ਉਨ੍ਹਾਂ ਦੀ ਸਹੂਲਤ ਲਈ ਹੀ ਕੀਤਾ ਗਿਆ ਹੈ ਕਿ ਲੰਪ-ਸਮ ਰਕਮ ਲਗਾਈ ਗਈ ਹੈ।

ਪ੍ਰਧਾਨ ਜੀ ! ਮੇਰਾ ਤਾਂ ਖਿਆਲ ਸੀ ਕਿ ਮੇਰੇ ਇਹ ਭਰਾ ਕਹਿਣਗੇ ਕਿ ਗਵਰਨਮੈਂਟ ਨੇ ਚੰਗਾ ਕੰਮ ਕੀਤਾ ਪਰ ਉਲਟਾ ਇਨ੍ਹਾਂ ਨੇ ਇਸ ਨੂੰ criticise ਕੀਤਾ ਹੈ। ਅਖੀਰ ਵਿਚ ਮੈਂ ਇਹੋ ਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਨਾਲ ਲੋਕਾਂ ਨੂੰ ਕਾਫੀ ਸਹੂਲਤ ਦਿੱਤੀ ਜਾ ਰਹੀ ਹੈ। ਇਸ ਲਈ ਇਸ ਬਿੱਲ ਨੂੰ ਪਾਸ ਕੀਤਾ ਜਾਣਾ ਚਾਹੀਦਾ ਹੈ।

Mr. Speaker : Question is—

That the Punjab Passengers and Goods Taxation (Amendment) Bill be taken into consideration at once.

The motion was carried.

Mr. Speaker : Now the House will proceed to consider the Bill clause by clause.

CLAUSE 2

Mr. Speaker : Question is—

That Clause 2 stand part of the Bill.

The motion was carried.

CLAUSE 3

Mr. Speaker: Question is—

That Clause 3 stand part of the Bill.

The motion was carried.

CLAUSE 1

Mr. Speaker: Question is—

That Clause 1 stand part of the Bill

The motion was carried.

TITLE

Mr. Speaker: Question is—

That Title be the Title of the Bill.

The motion was carried.

Minister for Labour (Chaudhri Sundar Singh) : Sir, I beg to move :—

That the Punjab Passengers and Goods Taxation (Amendment) Bill be passed.

Mr. Speaker: Motion moved—

That the Punjab Passengers and Goods Taxation (Amendment) Bill be passed.

ਸ੍ਰੀ ਵਧਾਵਾ ਰਾਮ (ਫ਼ਾਜ਼ਿਲਕਾ) : ਪ੍ਰਧਾਨ ਜੀ ! ਅਜ ਦੇ ਦਿਨ ਨੂੰ ਟੈਕਸਾਂ ਦਾ ਦਿਹਾੜਾ ਕਿਹਾ ਗਿਆ ਹੈ । ਸਚ ਮੁਚ ਇਹ ਟੈਕਸਾਂ ਦਾ ਦਿਹਾੜਾ ਹੀ ਹੈ । ਜਿਹੜੇ ਵੀ ਵਜ਼ੀਰ ਸਾਹਿਬ ਉਠਦੇ ਹਨ, ਉਹ ਇਕ ਨਵੇਂ ਟੈਕਸ ਦਾ ਬਿਲ ਪੇਸ਼ ਕਰ ਕੇ ਬੈਠ ਜਾਂਦੇ ਹਨ । ਇਸੇ ਤਰ੍ਹਾਂ ਸਾਡੇ ਚੌਧਰੀ ਸਾਹਿਬ ਨੇ ਇਹ ਸੋਚਿਆ ਕਿ ਉਹ ਕਿਉਂ ਪਿਛੇ ਰਹਿਣ । ਪ੍ਰਧਾਨ ਜੀ, ਇਹ ਕਹਿੰਦਿਆਂ ਮੈਨੂੰ ਇਕ ਗੱਲ ਯਾਦ ਆ ਗਈ ਹੈ । ਇਕ ਵਿਚਾਰਾ ਮੰਗਤਾ ਇਕ ਵਾਰੀ ਮੰਗਣ ਗਿਆ । ਰਸਤੇ ਵਿਚ ਉਸ ਨੂੰ ਦਸ ਪੰਦਰਾਂ ਆਦਮੀ ਹੋਰ ਮਿਲ ਗਏ । ਉਸ ਨੇ ਸੋਚਿਆ ਕਿ ਉਸ ਨੂੰ ਵੱਖਰਿਆਂ ਕੀ ਮਿਲਣਾ ਹੈ ਇਨ੍ਹਾਂ ਦੇ ਨਾਲ ਹੀ ਹੋ ਚਲੋ । ਅਗੇ ਜਾ ਕੇ ਜਿਸ ਵੇਲੇ ਉਨ੍ਹਾਂ ਨੇ ਜ਼ੋਰ ਨਾਲ ਕਿਹਾ, "ਅਲਖ ਜਾਗੇ ਭਾਗ ਲਾਗੇ" ਤਾਂ ਉਸ ਨੇ ਕਿਹਾ, "ਮੇਰਾ ਇਨ੍ਹਾਂ ਦੇ ਭਾਗੇ" । ਇਸੇ ਤਰ੍ਹਾਂ ਸਾਡੇ ਚੌਧਰੀ ਸਾਹਿਬ ਦੀ ਹਾਲਤ ਹੈ । ਇਨ੍ਹਾਂ ਨੇ ਕਿਹਾ ਕਿ ਜਦੋਂ ਬਾਕੀ ਮਨਿਸਟਰਾਂ ਨੇ ਇਤਨੇ ਟੈਕਸ ਲਗਾਏ ਤਾਂ ਕਿਉਂ ਨਾ ਮੈਂ ਵੀ ਇਨ੍ਹਾਂ ਦੇ ਨਾਲ ਰਲ ਜਾਵਾਂ । ਸੋ, ਪ੍ਰਧਾਨ ਜੀ, ਜਦੋਂ ਉਨ੍ਹਾਂ ਨੇ ਕਿਹਾ "ਅਲਖ ਜਾਗੇ ਭਾਗ ਲਾਗੇ" ਤਾਂ ਇਨ੍ਹਾਂ ਨੇ ਵੀ ਕਿਹਾ "ਮੇਰਾ ਇਨ੍ਹਾਂ ਦੇ ਭਾਗੇ" । (ਹਾਸਾ)

ਇਨ੍ਹਾਂ ਨੇ ਕਿਹਾ ਹੈ ਕਿ ਇਸ ਨਾਲ ਲੋਕਾਂ ਨੂੰ ਫ਼ਾਇਦਾ ਹੋਵੇਗਾ । ਮੈਂ ਪੁਛਦਾ ਹਾਂ ਕਿ ਇਸ ਨਾਲ ਕੀ ਫ਼ਾਇਦਾ ਹੋਵੇਗਾ ? ਆਖਿਰ ਹੈ ਤਾਂ ਇਹ ਵੀ ਟੈਕਸ ਹੀ । ਕਦੀ ਕੋਈ ਟੈਕਸ ਲੈ ਆਉਂਦੇ ਹਨ ਕਦੀ ਕੋਈ । ਪਹਿਲੇ ਤਾਂ ਵਖਰਾ ਵਖਰਾ ਟੈਕਸ ਲਗਾਇਆ ਸੀ, ਹੁਣ ਉਸ ਨੂੰ ਲੰਪਸਮ ਦੀ ਸ਼ਕਲ ਵਿਚ ਵਸੂਲ ਕੀਤਾ ਜਾਵੇਗਾ । ਇਸ ਤਰ੍ਹਾਂ ਲੋਕਾਂ ਨੂੰ ਰੀਲੀਫ਼ ਕੀ ਹੋਇਆ ? ਮੈਂ ਸਮਝਦਾ

[ਸ਼੍ਰੀ ਵਧਾਵਾ ਰਾਮ]

ਹਾਂ ਕਿ ਇਸ ਤਰ੍ਹਾਂ ਦੇ ਬਿਲ ਲਿਆ ਕੇ ਤੁਸੀਂ ਖੁਦ ਆਪਣੀ ਗਵਰਮੈਂਟ ਨੂੰ condemn ਕਰ ਰਹੇ ਹੋ । ਅੰਤ ਵਿਚ ਮੈਂ ਚੌਧਰੀ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਹ ਗਾਲ੍ਹਾਂ ਤੋਂ ਬਚਣ । ਜੇ ਦੂਜੇ ਮਨਿਸਟਰਾਂ ਨੂੰ ਇਕ ਸੇਰ ਗਾਲ੍ਹਾਂ ਪੈਂਦੀਆਂ ਹਨ ਤਾਂ ਉਨ੍ਹਾਂ ਨੂੰ ਪੰਜ ਸੇਰ ਪੈਣਗੀਆਂ ।

ਪ੍ਰੋਫੈਸਰ ਮੋਤਾ ਸਿੰਘ ਅਨੰਦਪੁਰੀ (ਆਦਮਪੁਰ) : ਸਪੀਕਰ ਸਾਹਿਬ ! ਅਜ ਇਸ ਹਾਊਸ ਵਿਚ ਜਿੰਨੇ ਵੀ ਬਿਲ ਪੇਸ਼ ਕੀਤੇ ਗਏ ਹਨ ਸਾਰੇ ਹੀ ਕਾਨੂੰਨੀ ਨੁਕਤੇ ਪੁਰ ਦੇਖੇ ਜਾ ਸਕਦੇ ਹਨ । Generally ਕੋਈ ਵੀ ਇਸ ਤਰ੍ਹਾਂ ਦਾ ਬਿਲ ਨਹੀਂ ਜਿਸ ਵਿਚ Law ਦੀ ਸਹੀ interpretation ਕੀਤੀ ਗਈ ਹੋਵੇ । ਇਹੋ ਕਾਰਨ ਹੈ ਕਿ ਇਹ ਬਿਲ ਜਿਹੜਾ ਅਜ ਹਾਊਸ ਦੇ ਸਾਹਮਣੇ ਹੈ ਹਰ ਸੈਸ਼ਨ ਵਿਚ ਕਿਸੇ ਨਾ ਕਿਸੇ ਤਰਮੀਮ ਦੀ ਸ਼ਕਲ ਵਿਚ ਸਾਡੇ ਸਾਹਮਣੇ ਲਿਆ-ਇਆ ਜਾਂਦਾ ਹੈ । ਇਨ੍ਹਾਂ ਪਿਛਲੇ ਦੋ ਸਾਲਾਂ ਵਿਚ Sales Tax ਅਤੇ Passengers and Goods Taxation ਦੇ ਬਿਲ ਕਈ ਵਾਰੀ ਤਰਮੀਮ ਲਈ ਆਏ ।

ਸਪੀਕਰ ਸਾਹਿਬ ! ਮੈਨੂੰ ਇਹ ਖ਼ੁਸ਼ੀ ਹੈ ਕਿ ਆਖਿਰ ਇਨ੍ਹਾਂ ਨੇ ਇਹ ਤਾਂ ਮੰਨਿਆ ਹੈ ਕਿ ਇਸ Provision ਵਿਚ ਕੁਝ inconsistency ਸੀ । ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਅਜ ਵੀ inconsistency ਹੈ । ਬਾਕੀ ਜਿਹੜਾ Lump sum ਟੈਕਸ ਲੈਣ ਵਾਲਾ ਤਰੀਕਾ ਹੈ ਉਸ ਵਿਚ ਨੁਕਸ ਹੈ । ਜਿਹੜੇ taxi-cabs ਦੇ owners ਹਨ ਉਨ੍ਹਾਂ ਨੂੰ check ਕਰਨ ਲਈ ਕੋਈ ਵੀ ਚੀਜ਼ ਇਸ ਬਿਲ ਵਿਚ ਨਹੀਂ । ਇਸ ਲਈ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਸਿਸਟਮ ਦੇ ਚਾਲੂ ਹੋਣ ਵਿਚ ਵੀ ਬੜੀਆਂ ਔਕੜਾਂ ਆਉਣਗੀਆਂ ਤੇ ਨਾ taxi-cabs ਦੇ arrival ਦਾ ਕੋਈ time ਹੋਵੇਗਾ ਤੇ ਨਾ ਹੀ departure ਦਾ । ਇਸ ਲਈ ਮੈਂ ਸਮਝਦਾ ਹਾਂ ਕਿ ਜੇ ਇਕ ਸ਼ਹਿਰ ਵਿਚ 15 ਜਾਂ 20 taxi-cabs ਹਨ ਤਾਂ ਉਨ੍ਹਾਂ ਦੇ owners ਨਾਲ ਮਿਲ ਕੇ regular ਪ੍ਰੋਗਰਾਮ ਬਣਾ ਲਿਆ ਜਾਵੇ–ਉਨ੍ਹਾਂ ਦੇ ਆਉਣ ਤੇ ਜਾਣ ਦਾ । ਇਸ ਲਈ ਮੈਂ ਸਮਝਦਾ ਹਾਂ ਕਿ ਬਜਾਇ ਕੋਈ ਫ਼ਾਇਦਾ ਹੋਣ ਦੇ ਇਸ provsion ਨਾਲ ਟੈਕਸ ਦੀ payment ਦੀ ਹੋਰ ਵੀ evasion ਹੋਣੀ ਸ਼ੁਰੂ ਹੋ ਜਾਵੇਗੀ ।

ਫਿਰ Lump sum ਵਿਚ ਗਵਰਨਮੈਂਟ ਨੂੰ ਬੜੀ ਤਕਲੀਫ ਹੋਵੇਗੀ । ਜਦ ਪਤਾ ਹੀ ਨਹੀਂ ਕਿ taxi ਦਾ ਮਾਲਿਕ ਕਿਸ ਵੇਲੇ ਆਇਆ ਤੇ ਕਿਸ ਵੇਲੇ ਗਿਆ, ਤਾਂ ਕਿਵੇਂ ਉਸ ਪੁਰ ਇਹ ਟੈਕਸ ਲਗਾਇਆ ਜਾ ਸਕੇਗਾ । ਆਪ ਨੂੰ ਕੀ ਪਤਾ ਲਗ ਸਕੇਗਾ ਕਿ taxi ਨੇ mileage ਕਿੰਨੀ ਕੀਤੀ । ਇਸ ਲਈ ਇਹ ਮੰਨਣਾ ਪਵੇਗਾ ਕਿ Taxation ਦਾ ਇਹ ਤਰੀਕਾ ਬੜਾ ਨੁਕਸ ਵਾਲਾ ਹੋਵੇਗਾ ।

ਇਸ ਤੋਂ ਇਲਾਵਾ ਉਨ੍ਹਾਂ ਦੇ fares ਵੀ fixed ਨਹੀਂ ਹਨ । ਇਸ ਤਰ੍ਹਾਂ ਇਹ measure ਇਕ vague ਜਿਹਾ ਸਿਸਟਮ ਬਣਾ ਦੇਵੇਗਾ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਚੀਜ਼ਾਂ ਨਾਲ ਅਵਾਮ ਵਿਚ ਬੇ-ਚੈਨੀ ਪੈਦਾ ਹੋਵੇਗੀ । ਖ਼ਾਸ ਕਰ ਕੇ ਉਸ ਵੇਲੇ ਜਦੋਂ ਉਨ੍ਹਾਂ ਪੁਰ penalty ਜਾਂ tax impose ਕਰੋਗੇ । ਕੀ ਇਹ ਇਕ ਸਖ਼ਤੀ ਨਹੀਂ ? ਅਪੀਲ ਤਾਂ ਹੀ ਸੁਣੀ ਜਾਵੇਗੀ ਜੇਕਰ ਟੈਕਸ ਜਾਂ penalty ਦੀ ਰਕਮ ਪਹਿਲਾਂ ਜਮ੍ਹਾਂ ਕਰਾ ਦਿੱਤੀ ਗਈ ਹੋਵੇ । ਇਹ ਬਿਲ ਉਨ੍ਹਾਂ ਦੇ ਰਸਤੇ ਵਿਚ ਬਹੁਤ ਦਿਕਤਾਂ ਪੈਦਾ ਕਰ ਸਕਦਾ ਹੈ । ਇਸ ਨੂੰ ਪਾਸ

ਕਰਨ ਤੋਂ ਪਹਿਲਾਂ ਸਾਨੂੰ ਇਸ ਸਾਰੇ ਸਵਾਲ ਤੇ ਸੋਚ ਲੈਣਾ ਚਾਹੀਦਾ ਹੈ। ਇਸ ਲਈ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ ਪਾਸ ਕਰਨ ਤੋਂ ਪਹਿਲਾਂ ਇਸ ਨੂੰ reconsider ਕੀਤਾ ਜਾਵੇ।

श्रीमती सीता देवी (जालन्धर-दक्षिण पूर्वी) : स्पीकर साहिब, मेरा अपना यह ख्याल था कि इस बिल पर Opposition की तरफ से भी खुले दिल से मिनिस्टर साहिब को मुबारकबाद पेश की जायेगी। इस बिल पर अपने दूसरे भाइयों की स्पीचिज़ को तो मैं सुन नहीं सकी लेकिन प्रोफैसर मोता सिंह जी का भाषण सुनकर तो मैं बहुत हैरान हुई। खास कर यह सुन कर कि गवर्नमैंएट को पता ही नहीं लगेगा कि मोटर कितने बजे आई और कितने बजे गई। इससे तो मैं यही निष्कर्ष निकाल सकती हूँ कि अभी तक उन्हें इस बात का भी पता नहीं कि आखिर यह टैक्स है क्या? उनको तो शायद यह भी पता नहीं कि यह कैसे वसूल किया जाएगा, lump sum की proposal क्यों आई, कहां से आई किस लिए आई, किन हालात में आई और गवर्नमैंट ने इसे किन हालात में स्वीकार किया?

मैं आपकी वसातत से हाऊस को बता देना चाहती हूँ कि जिस वक्त यह Punjab Passengers and Goods Tax लगाया गया था तो हमारी Transport कम्पनियों के मालिकान ने बहुत वावेला मचाया था कि जिस तरीके से गवर्नमैंएट ने टैक्स लगाया है उस से उन को बहुत तकलीफ होती है, इस tax के लिए उन्हें अलग Stamp लगाने पड़ते हैं और उस के लिए अलग स्टाफ रखना पड़ता है जो कि उन के लिए तकलीफ का कारण है और इस से उन का खर्च भी बढ़ जाएगा। इस सिलसिले में वह लोग एक agitation चला रहे थे और कई दफा उन लोगों के अलहदा deputation चीफ मिनिस्टर साहिब से transport Minister साहिब और सरदार उज्जल सिंह साहिब से मिलते रहे। उस के बाद जब ट्रक वालों ने खास तौर से protest किया और कहा कि आम तौर पर तबका अनपढ़ है, हम हिसाब कैसे रख सकते हैं, इस लिए हमारी साल की आमदनी के हिसाब से जो गवर्नमैंएट का हिस्सा बनता हो वह lump sum की शक्ल में ले लिया जाए इस से हमें बहुत सहूलियत हो जाएगी, तो गवर्नमैंएट ट्रक वालों से यह tax को रकम lump-sum लेने लगी। उसके बाद बस वालों की भी यही demand चली आ रही थी। वह भी कहने लगे कि जिस तरीके से आपने ट्रकवालों से टैक्स लेना शुरू किया है उसी तरह से हम से यह tax lump sum लिया जाए। स्पीकर साहिब, क्योंकि मेरी Constituency में भी बहुत सारी Transport कम्पनियां हैं इस लिए मैं भी इन के deputations के साथ मिनिस्टर सहिबान को मिलती रहीं हूं। जब उन्हों ने भी यह demand की तो पहिले तो हमारी वित्त मन्त्री सरदार उज्जल सिंह मानते नहीं थे

[श्रीमती सीता देवी]

क्योंकि वह कहते थे कि जो transport का काम है उस से किसी वक्त आमदनी कम होती है तो किसी वक्त ज्यादा हो जाती है। लेकिन उन को बार बार मिल कर हम ने गवर्नमैंट को इस के लिए मनाया है। इस के लिए शिक्षा और यातायात के मन्त्री और श्रम मन्त्री को बधाई मिलनी चाहिए थी क्योंकि उन्हों ने transport operators की जो यह बहुत बड़ी demand थी इस को मान लिया है। लेकिन बजाए बधाई देने के उस तरफ के माननीय सदस्य अजीब बातें और स्पीचज़ करते हैं। प्रोफैसर मोता सिंह जी ने कहा है कि यह नहीं नोट किया जाता कि कोई taxi owner कितने बजे गया है और कितने बजे आया है। इन बातों का कोई फायदा नहीं। अगर इन्होंने बिल को पढ़ा होता या इन्हों ने सारे मामले को समझने की कोशिश की होती कि किस तरह से transport operators ने गवर्नमैन्ट को approach किया था और किस तरह से गवर्नमैन्ट ने इसे मन्ज़ूर किया है तो यह फज़ूल बातें न करते। बाकी अगर मुखालफत करना ही किसी का उद्देश्य हो तो उस का कोई इलाज नहीं हो सकता। मेरे ख्याल में इस बिल को सारे हाऊस को unanimously pass करना चाहिए क्योंकि इस में transport वालों का एक बड़ा मतालबा था उसे माना गया है।

श्रम मन्त्री (चौधरी सुन्दर सिंह): स्पीकर साहिब! मेरी बहिन सीता देवी ने उन चीज़ों पर काफी रोशनी डाल दी है जिन के बारे में मेरा ख्याल था कि मैं अपने दोस्तों को बताऊं। प्रोफैसर साहिब ने इस बिल पर बहिस करते हुए जो कुछ कहा है उसे सुन कर मुझे बड़ी हैरानी इस लिए हुई है कि इस तरह की बातें श्री बघावा राम तो कर सकते हैं जिन का काम ही ऐसी बातें करना है लेकिन प्रोफैसर साहिब से यह तवक्को नहीं की जा सकती थी। इस लिए मैं हाऊस से दरखास्त करता हूँ कि वह इस बिल को पास कर दें।

Mr. Speaker: Question is —

> That the Punjab Passengers and Goods Taxation (Amendment) Bill be passed.

The motion was carried.

THE PUNJAB URBAN IMMOVABLE PROPERTY TAX (AMENDMENT) BILL.

Minister for Labour (Chaudhri Sundar Singh): Sir, I beg to introduce the Punjab Urban Immovable Property Tax (Amendment) Bill.

Minister for Labour: Sir, I beg to move —

> That the Punjab Urban Immovable Property Tax (Amendment) Bill be taken into consideration at once.

ਪ੍ਰਧਾਨ ਜੀ ਮੈਂ ਇਸ ਬਿਲ ਬਾਰੇ ਹਾਊਸ ਨੂੰ ਕੁਝ ਦਸਣਾ ਚਾਹੁੰਦਾ ਹਾਂ ਤਾਕਿ ਮੇਰੇ ਦੋਸਤਾਂ ਨੂੰ ਨੁਕਤਾਚੀਨੀ ਕਰਨ ਦੀ ਤਕਲੀਫ਼ ਨਾ ਕਰਨੀ ਪਵੇ । ਇਹ ਬਿਲ ਸ਼ਹਿਰਾਂ ਦੀ immovable property ਦੇ ਬਾਰੇ ਹੈ । ਪਹਿਲਾਂ immovable property ਦੀ valuation ਲਗਾਈ ਜਾਂਦੀ ਸੀ ਪਿਛੋਂ ਇਸ ਦੀਆਂ ਲਿਸਟਾਂ ਨੂੰ ਨੋਟਿਸ ਬੋਰਡ ਤੇ ਲਾ ਦਿਤਾ ਜਾਂਦਾ ਸੀ । ਉਸ ਦਾ ਇਹ ਨਤੀਜਾ ਹੁੰਦਾ ਸੀ ਕਿ ਜਿਹੜਾ ਆਦਮੀ ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਇਤਰਾਜ਼ ਨਹੀਂ ਕਰ ਸਕਦਾ ਸੀ, ਉਸ ਨੂੰ revision ਲਈ Excise and Taxation Commissioner ਦੇ ਪਾਸ ਹੀ ਜਾਣਾ ਪੈਂਦਾ ਸੀ । ਇਸ ਨਾਲ ਮਹਿਕਮੇ ਦਾ ਕੰਮ ਵਧ ਜਾਂਦਾ ਸੀ ਨਾਲੇ ਲੋਕਾਂ ਨੂੰ ਬੜੀ ਤਕਲੀਫ਼ ਹੁੰਦੀ ਸੀ । ਉਨ੍ਹਾਂ ਦੀ ਤਕਲੀਫ਼ ਨੂੰ ਦੂਰ ਕਰਨ ਲਈ ਉਨ੍ਹਾਂ ਨੂੰ ਇਸ ਬਿਲ ਰਾਹੀਂ value assess ਕਰਨ ਵਾਲੀ authority ਪਾਸੋਂ ਵੀ revision ਕਰਾਉਣ ਦਾ ਇਕ ਹੋਰ chance ਦਿਤਾ ਜਾ ਰਿਹਾ ਹੈ । ਅਜਿਹਾ ਕਰਨ ਨਾਲ ਮਹਿਕਮੇ ਦਾ Judicial work ਨਹੀਂ ਵਧੇਗਾ । ਨਾਲੇ ਲੋਕਾਂ ਨੂੰ revision ਕਰਾਉਣ ਵਿਚ ਤਕਲੀਫ਼ ਵੀ ਨਹੀਂ ਹੋਵੇਗੀ ਅਤੇ ਉਨ੍ਹਾਂ ਨੂੰ ਬਹੁਤ ਸਹੂਲਤ ਹੋ ਜਾਵੇਗੀ । ਇਸ ਕਰ ਕੇ ਮੇਰਾ ਖ਼ਿਆਲ ਹੈ ਕਿ ਮੇਰੇ ਭਾਈ ਇਸ ਬਿਲ ਉਤੇ ਨੁਕਤਾਚੀਨੀ ਨਹੀਂ ਕਰਨਗੇ ਅਤੇ ਇਸ ਨੂੰ ਪਾਸ ਕਰ ਦੇਣਗੇ ।

Mr. Speaker : Motion moved :—

That the Punjab Urban Immovable Property Tax (Amendment) Bill be taken into consideration at once.

Mr. Speaker : Question is :—

That the Punjab Urban Immovable Property Tax (Amendment) Bill be taken into consideration at once.

The motion was carried.

Mr. Speaker : Now the House will proceed to consider the Bill clause by clause.

CLAUSE 2

Mr. Speaker : Question is —

That Clause 2 stand part of the Bill.

The motion was carried.

CLAUSE 1

Mr. Speaker : Question is —

That Clause 1 stand part of the Bill.

The motion was carried.

TITLE

Mr. Speaker : Question is —

That Title be the Title of the Bill.

The motion was carried.

Minister for Labour (Chaudri Sundar Singh): Sir, I beg to move |

That the Punjab Urban Immovabe Property Tax (Amendment) Bill be passed.

Mr. Speaker. Motion moved :—

That the Punjab Urban Immovable Property Tax (Amendment) Bill be passed.

Mr. Speaker. Question is :—

That the Punjab Urban Immovable Property Tax (Amendment) Bill be passed.

The motion was carried.

THE PUNJAB TOBACCO VEND FEES BILL.

Minister for Labour. (Chaudhri Sundar Singh) : Sir, I introduce the Punjab Tobacco Vend Fees Bill.

Minister for Labour : Sir, I beg to move :

That the Punjab Tobacco Vend Fees Bill be taken into consideration at once.

ਪ੍ਰਧਾਨ ਜੀ, ਮੈਂ ਇਸ ਬਿਲ ਬਾਰੇ ਹਾਊਸ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਵਪਾਰੀਆਂ ਨੇ ਸਾਨੂੰ ਪਹਿਲਾਂ ਹੀ ਕਿਹਾ ਸੀ ਕਿ ਅਸੀਂ ਤਮਾਕੂ ਤੋਂ ਅਤੇ ਤਮਾਕੂ ਦੀਆਂ ਚੀਜ਼ਾਂ ਤੋਂ Sales Tax ਹਟਾ ਦੇਈਏ ਤੇ ਇਹ Tobacco Vend Fee ਲਗਾ ਲਈਏ ਕਿਉਂਕਿ Sales Tax ਜ਼ਰੂਰਤ ਤੋਂ ਜ਼ਿਆਦਾ ਹੈ। ਇਸ ਬਾਰੇ ਵਿਚ ਮੇਰੇ ਪਾਸ ਵਪਾਰੀਆਂ ਦੇ ਕਾਫ਼ੀ representations ਆਏ ਸਨ ਕਿ Sales Tax ਨੂੰ ਹਟਾਇਆ ਜਾਵੇ ਅਤੇ ਉਸ ਦੀ ਥਾਂ ਤੇ ਇਸ ਫ਼ੀਸ ਨੂੰ ਲਗਾਇਆ ਜਾਏ ਕਿਉਂਕਿ ਇਸ ਦੇ ਨਾਲ ਸਰਕਾਰ ਦੀ ਆਮਦਨੀ ਵਿਚ ਵੀ ਕੋਈ ਫ਼ਰਕ ਨਹੀਂ ਪੈਂਦਾ। ਇਸ ਲਈ ਗਵਰਨਮੈਂਟ ਨੇ ਉਨ੍ਹਾਂ ਦੀ ਇਹ ਗੱਲ ਮੰਨ ਲਈ ਹੈ। ਅਸੀਂ ਤਮਾਕੂ ਤੋਂ Sales Tax ਹਟਾ ਦਿੱਤਾ ਹੈ ਅਤੇ Tobacco Vend Fee ਨੂੰ ਮੁੜ ਕੇ ਲਗਾ ਰਹੇ ਹਾਂ ਜਿਹੜਾ ਕਿ Sales Tax ਲਗਾਉਣ ਵੇਲੇ ਹਟਾਇਆ ਗਿਆ ਸੀ। ਇਸ ਦੇ ਨਾਲ ਜਿਥੇ ਲੋਕਾਂ ਨੂੰ ਸਹੂਲਤ ਹੋਵੇਗੀ, ਉਥੇ ਸਰਕਾਰ ਦੀ ਆਮਦਨੀ ਵਿਚ ਵੀ ਕੋਈ ਫ਼ਰਕ ਨਹੀਂ ਪਵੇਗਾ।

Mr. Speaker : Motion moved :

That the Punjab Tobacco Vend Fees Bill be taken into consideration at once.

ਸਰਦਾਰ ਚੰਨਣ ਸਿੰਘ (ਟਾਂਡਾ) : ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਚੌਧਰੀ ਸਾਹਿਬ ਨੇ ਪੇਸ਼ ਕੀਤਾ ਹੈ ਇਸ ਦੇ ਮੁੜ ਕੇ ਪੇਸ਼ ਹੋਣ ਤੇ ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਹੈ ਕਿ ਪਿੱਛਲੇ ਸਾਲ ਜਦੋਂ Tobacco Vend Fees ਨੂੰ ਹਟਾ ਕੇ ਤਮਾਕੂ ਉਤੇ Sales Tax ਲਗਾਉਣ ਲਈ ਇਸ ਹਾਊਸ ਵਿਚ ਬਿੱਲ ਪੇਸ਼ ਕੀਤਾ ਗਿਆ ਸੀ ਤਾਂ ਅਸੀਂ ਇਸ ਬਾਰੇ ਵਿਚ ਸਰਕਾਰ ਨੂੰ ਉਸੇ ਵੇਲੇ ਕਿਹਾ [ਸੀ ਕਿ ਇਸ ਤਰ੍ਹਾਂ ਨਾ ਕੀਤਾ ਜਾਵੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਵਪਾਰੀਆਂ ਨੂੰ ਤਕਲੀਫ ਹੋਵੇਗੀ ਪਰ ਇਨ੍ਹਾਂ ਨੇ ਸਾਡੀ ਗੱਲ ਨਹੀਂ ਸੀ ਮੰਨੀ। ਹੁਣ ਇਹ ਉਹੋ ਗੱਲ ਆਪ ਹੀ ਕਰ ਰਹੇ ਨੇ। ਇਸ ਤੋਂ ਇਹ ਪਰਤੀਤ ਹੁੰਦਾ ਹੈ ਕਿ ਨਾ ਤਾਂ ਇਨ੍ਹਾਂ ਨੂੰ ਆਪ ਕੁਝ ਪਤਾ ਲੱਗਦਾ ਹੈ ਤੇ ਨਾ ਹੀ ਇਨ੍ਹਾਂ ਨੂੰ ਕਾਨੂੰਨ ਜਾਨਣ ਵਾਲੇ ਹੀ ਕੁਝ ਦਸਦੇ ਹਨ।

ਕੀ ਵਜ੍ਹਾ ਹੈ ਕਿ ਸਰਕਾਰ ਦੀ ਆਮਦਨੀ ਘੱਟ ਗਈ ਹੈ ਅਤੇ ਹੁਣ ਇਹ ਲਾਇਸੰਸ ਦੇਣ ਵਲ ਚਲ ਪਈ ਹੈ ? ਇਹ ਸਹੀ ਹੈ ਕਿ ਬਿਕਰੀ ਟੈਕਸ ਪੂਰੀ ਤਰ੍ਹਾਂ ਵਸੂਲ ਨਹੀਂ ਹੋਇਆ ਅਤੇ ਹੋਰ ਵੀ malpractices ਹਨ, ਪਰ ਇਕ ਹੋਰ ਚੀਜ਼ ਹੈ। ਲੋਕਾਂ ਦੀ ਖਰੀਦ ਸ਼ਕਤੀ ਘੱਟ ਗਈ

ਹੈ । ਇਹ ਕਹਿੰਦੇ ਹਨ ਕਿ ਬਿਕਰੀ ਟੈਕਸ ਘੱਟ ਗਿਆ ਹੈ । ਅਸਲ ਵਿਚ ਲੋਕਾਂ ਦੀ ਖਰੀਦ ਸ਼ਕਤੀ ਹੀ ਘੱਟ ਗਈ ਹੈ ਤਾਂ ਬਿਕਰੀ ਟੈਕਸ ਦੀ ਆਮਦਨ ਕਿਥੋਂ ਵਧੇ ।

ਗਵਰਨਮੈਂਟ ਆਪਣੀ ਤਾਕਤ ਦਸਦੀ ਹੈ ਅਤੇ ਇਕ ਚੀਜ਼ ਨੂੰ ਹਟਾ ਕੇ ਦੂਜੀ ਲੈ ਆਉਂਦੀ ਹੈ । ਇਹ ਅਸੈਂਬਲੀ ਨਾਲ ਮਖੌਲ ਹੈ ਅਤੇ ਗਲਤ ਤਰੀਕਾ ਹੈ ।

ਪਹਿਲਾਂ ਲਾਇਸੰਸ ਫੀਸ ਬੰਦ ਕਰਕੇ ਬਿਕਰੀ ਟੈਕਸ ਲਗਾਇਆ ਅਤੇ ਹੁਣ ਮੁੜ ਲਾਇਸੰਸ ਦੇਣੇ ਹਨ । ਆਪ ਨੂੰ ਪਤਾ ਹੈ ਕਿ 31 ਰੁਪਏ ਟੈਕਸ ਕਿਸਾਨ ਤੇ ਪਹਿਲਾਂ ਹੀ ਲਗਾਇਆ ਹੋਇਆ ਹੈ । ਟੈਕਸ ਜ਼ਰੂਰ ਲਗ ਜਾਂਦਾ ਹੈ ਭਾਵੇਂ ਖੇਤ ਵਿਚ ਤਮਾਕੂ ਹੋਵੇ ਜਾਂ ਨਾਂ । ਪੰਜਾਬ ਵਿਚ ਤਾਂ ਬਹੁਤ ਸਾਰੇ ਲੋਕ ਨਹੀਂ ਪੀਂਦੇ ਪਰ ਬੰਬਈ ਅਤੇ ਕਲਕੱਤੇ ਵਿਚ ਇਹ ਮਜ਼ਦੂਰਾਂ ਦੀ ਖੁਰਾਕ ਹੈ, ਉਨ੍ਹਾਂ ਲਈ ਇਹ ਇਕ necessity ਹੈ, luxury ਨਹੀਂ । ਗਵਰਨਮੈਂਟ ਦੇ ਆਪਣੇ ਰਿਕਾਰਡ ਮੁਤਾਬਕ ਇਹ ਇਕ necessity ਹੈ । ਕਿਸਾਨ ਦੇ ਖੇਤ ਵਿਚ ਇਸ ਤੇ ਇਕ ਵਾਰ ਪਹਿਲਾਂ ਹੀ ਟੈਕਸ ਲੱਗ ਚੁੱਕਾ ਹੈ ਅਤੇ ਹੁਣ ਇਹ ਲਾਇਸੰਸ ਦੂਜੀ ਵਾਰ ਟੈਕਸ ਹੋਵੇਗਾ । ਲਾਇਸੰਸ ਵਿਚ ਇਕ ਗੜ ਬੜ ਇਹ ਹੈ ਕਿ ਜਿਨ੍ਹਾਂ ਪਾਸ ਪਹਿਲਾਂ ਲਾਇਸੰਸ ਸਨ ਸ਼ਾਇਦ ਹੁਣ ਉਨ੍ਹਾਂ ਨੂੰ ਲਾਇਸੰਸ ਨਾ ਦਿੱਤੇ ਜਾਣ ਅਤੇ ਨਵਿਆਂ ਆਦਮੀਆਂ ਨੂੰ ਮਿਲ ਜਾਣ । ਸਾਨੂੰ ਸਰਕਾਰ ਦੀ ਨੀਯਤ ਤੇ ਸ਼ਕ ਹੈ । ਪਹਿਲਾਂ ਸਾਡੀ ਮੁਖਾਲਫਤ ਦੇ ਬਾਵਜੂਦ ਲਾਇਸੰਸਾਂ ਦਾ ਤਰੀਕਾ ਬੰਦ ਕੀਤਾ ਗਿਆ ਅਤੇ ਹੁਣ ਬਿਕਰੀ ਟੈਕਸ ਨੂੰ ਹਟਾ ਕੇ ਮੁੜ ਲਾਇਸੰਸ ਜਾਰੀ ਕੀਤੇ ਜਾ ਰਹੇ ਹਨ ।

ਫਿਰ ਲਾਇਸੰਸ ਫੀਸ ਗਵਰਨਮੈਂਟ ਮੁਕੱਰਰ ਕਰੇਗੀ । ਤਲਾਸ਼ੀਆਂ ਅਤੇ ਗ੍ਰਿਫਤਾਰੀਆਂ ਹੋਇਆਂ ਕਰਨਗੀਆਂ । ਇਹ ਲਾਇਸੰਸ ਨਵੀਆਂ ਦੁਕਾਨਦਾਰਾਂ ਨੂੰ ਮਿਲਣਗੇ ਅਤੇ ਬਾਕੀਆਂ ਨੂੰ ਤੰਗ ਕੀਤਾ ਜਾਵੇਗਾ ।

ਪਹਿਲਾਂ ਦੁਕਾਨਦਾਰਾਂ ਨੇ ਲਾਇਸੰਸ ਦੇ ਰਜਿਸਟਰ ਵਗੈਰਾ ਰੱਖੇ ਹੋਏ ਹਨ । ਫਿਰ ਉਨ੍ਹਾਂ ਨੂੰ ਬਿਕਰੀ ਟੈਕਸ ਦੇ ਕਾਗਜ਼ਾਤ ਵਗੈਰਾ ਸੰਭਾਲ ਕੇ ਰੱਖਣੇ ਪਏ ਅਤੇ ਹੁਣ ਮੁੜ ਨਵੇਂ ਸਿਰੋਂ ਰਜਿਸਟਰ ਲਾਇਸੰਸਾਂ ਬਾਰੇ ਬਣਾਉਣੇ ਪੈਣਗੇ । ਇਹ ਦੁਕਾਨਦਾਰਾਂ ਨਾਲ ਮਖੌਲ ਹੈ । ਮੈਂ ਸਮਝਦਾ ਹਾਂ ਕਿ ਇਸ ਮਹਿਕਮੇ ਦੇ ਵਜ਼ੀਰ ਸਾਹਿਬ ਨਾਅਹਿਲ ਹਨ । ਕਦੇ ਲਾਇਸੰਸ ਅਤੇ ਕਦੇ ਬਿਕਰੀ ਟੈਕਸ ਲਾਇਆ ਜਾਂਦਾ ਹੈ ।

Mr. Speaker : Question is :—

That the Punjab Tobacco Vend Fees Bill be taken into consideration at once.

The motion was carried.

Mr. Speaker : Now the House will proceed to consider the Bill clause by clause.

CLAUSE 1

SUB CLAUSES (2) & (3)

Mr. Speaker : Question is ;—

That sub-clause (2) and (3) of clause 1 stand part of the Bill.

The motion was carried.

CLAUSE 2

Mr. Speaker : Question is —

That Clause 2 stand part of the Bill.

The motion was carried.

CLAUSE 3

Mr. Speaker : Question is —

That Clause 3 stand part of the Bill.

The motion was carried.

CLAUSE 4

Mr. Speaker : Question is —

That Clause 4 stand part of the Bill.

The motion was carried.

CLAUSE 5

Mr. Speaker : Question is —

That Clause 5 stand part of the Bill.

The motion was carried.

CLAUSE 6

Mr. Speaker : Question is —

That Clause 6 stand part of the Bill.

The motion was carried.

CLAUSE 7

Mr. Speaker : Question is —

That Clause 7 stand part of the Bill.

The motion was carried.

CLAUSE 8

Mr. Speaker : Question is —

That Clause 8 stand part of the Bill.

The motion was carried.

CLAUSE 9

Mr. Speaker : Question is —

That Clause 9 Stand part of the Bill.

The motion was carried.

CLAUSE 10

Mr. Speaker : Question is—

That Clause 10 stand part of the Bill.

The motion was carried,

CLAUSE 11

Mr. Speaker : Question is —

That Clause 11 stand part of the Bill.

The motion was carried.

CLAUSE 12

Mr. Speaker : Question is —

That Clause 12 stand part of the Bill.

The motion was carried.

CLAUSE 13

Mr. Speaker : Question is—

That Clause 13 stand part of the Bill.

The motion was carried.

CLAUSE 14

Mr Speaker : Question is —

That Clause 14 stand part of the Bill.

The motion was carried.

CLAUSE 15

Mr. Speaker : Question is —

That Clause 15 stand part of the Bill.

The motion was carried.

CLAUSE 16

Mr. Speaker : Question is —

That Clause 16 stand part of the Bill.

The motion was carried.

CLAUSE 17

Mr. Speaker : Question is —

That Clause 17 stand part of the Bill.

The motion was carried.

CLAUSE 18

Mr. Speaker : Question is —

That Clause 18 stand part of the Bill.

The motion was carried.

CLAUSE 1

SUB CLAUSE (1)

Mr. Speaker : Question is —

That sub-clause (1) of Clause 1 stand part of the Bill.

The motion was carried.

TITLE

Mr. Speaker : Question is —

That Title be the Title of the Bill.

The motion was carried.

MINISTER FOR LABOUR. (Chandhri Sundar Singh)

Sir, I beg to move —

That the Punjab Tobacco Vend Fees Bill be passed.

Mr. Speaker : Motion moved —

That the Punjab Tobacco Vend Fees Bill be passed.

ਸਰਦਾਰ ਵਜ਼ੀਰ ਸਿੰਘ (ਫ਼ੈਲਹੋਂ) : ਸਪੀਕਰ ਸਾਹਿਬ, ਇਸ ਬਿਲ ਵਿਚ ਇਕੋ ਚੀਜ਼ ਹੈ ਜੋ ਅਸੂਲੀ ਤੌਰ ਤੇ ਗਲਤ ਹੈ । ਸਾਡੀ ਗਵਰਨਮੈਂਟ ਅਤੇ ਹਿੰਦ ਗਵਰਨਮੈਂਟ ਦੀ ਪਾਲਿਸੀ ਇਹ ਹੈ ਕਿ commodity ਤੇ ਜਿਨਸ ਤੇ ਘੱਟੋ ਘੱਟ ਕੰਟ੍ਰੋਲ ਰਖਿਆ ਜਾਵੇ ਤਾਂ ਜੋ ਕਿਸੇ ਮਹਿਕਮੇ ਨੂੰ ਵੀ favouritism ਕਰਨ ਦਾ ਮੌਕਾ ਨਾ ਮਿਲੇ । ਇਸੇ ਪਾਲਿਸੀ ਤੇ ਅਮਲ ਕਰਦੇ ਹੋਏ ਸਭ ਤਰ੍ਹਾਂ ਦੇ ਅਨਾਜ ਅਤੇ ਹੋਰ ਜਿਨਸਾਂ ਤੇ ਕੰਟ੍ਰੋਲ ਹਟਾ ਦਿੱਤਾ ਗਿਆ ਹੈ ਅਤੇ ਹੁਣ ਇਹ ਚੀਜ਼ਾਂ ਖੁਲ੍ਹੇ ਬਜ਼ਾਰ ਵਿਚ ਮਿਲ ਸਕਦੀਆਂ ਹਨ ਪਰ ਇਸ ਬਿਲ ਵਿਚ ਇਸ Commodity ਨੂੰ ਜੋ deal ਕਰਦੇ ਹਨ ਉਨ੍ਹਾਂ ਲਈ ਲਾਇਸੰਸ ਲੈਣਾ ਜ਼ਰੂਰੀ ਕਰ ਦਿੱਤਾ ਗਿਆ ਹੈ । ਇਸ ਨੂੰ ਪੇਸ਼ ਕਰਨ ਸਮੇਂ ਸਭਾ ਵਿਚ ਇਹ ਕਿਹਾ ਗਿਆ ਸੀ ਕਿ ਜੋ ਇਸ ਨੂੰ ਕਬਜ਼ੇ ਵਿਚ ਰਖੇ ਉਸ ਨੂੰ ਵੀ ਲਾਇਸੰਸ ਲੈਣ ਦੀ ਲੋੜ ਹੈ । ਮੈਂ ਸਮਝਦਾ ਹਾਂ ਕਿ ਇਸ ਕੰਮ ਲਈ ਜੋ ਅਫ਼ਸਰ ਲਾਏ ਜਾਣਗੇ ਉਹ ਖਾਸ ਆਦਮੀਆਂ ਨੂੰ ਲਾਇਸੰਸ ਦੇਣਗੇ ਅਤੇ ਇਸ ਦੇ ਵੇਚਣ ਵਿਚ ਰੁਕਾਵਟਾਂ ਖੜੀਆਂ ਕਰਨਗੇ । ਜੋ ਗੱਲ ਮੇਰੇ ਕਮਯੂਨਿਸਟ ਦੋਸਤ ਨੇ ਕਹੀ ਹੈ ਮੈਂ ਉਸ ਨਾਲ ਸਹਿਮਤ ਹਾਂ ਕਿ ਅਫਸਰ ਖਾਸ ਆਦਮੀਆਂ ਨੂੰ ਖ਼ੁਸ਼ ਕਰਨਗੇ ਅਤੇ oblige ਕਰਨਗੇ, ਅਫਸਰ ਲੋਕਾਂ ਤੇ ਨਜਾਇਜ਼ ਰੋਹਬ ਪਾਉਣਗੇ । ਇਸ ਨੂੰ ਲਾਇਸੰਸ ਦੇ ਅੰਦਰ ਰਖ ਕੇ ਇਕ ਤਾਂ ਇਸ ਦੇ ਵੇਚਣ ਵਿਚ ਰੁਕਾਵਟ ਪਵੇਗੀ ਅਤੇ ਦੂਜੇ corruption ਅਤੇ favouritism ਦੀ ਗੁੰਜਾਇਸ਼ ਹੋਵੇਗੀ ।

ਸ਼੍ਰੀ ਵਧਾਵਾ ਰਾਮ (ਫ਼ਾਜ਼ਲਕਾ): ਸਪੀਕਰ ਸਾਹਿਬ ਜਦੋਂ ਵਜ਼ੀਰ ਪਿੰਡਾਂ ਵਿਚ ਜਾਂਦੇ ਹਨ ਤਾਂ ਲੋਕਾਂ ਨੂੰ ਕਹਿੰਦੇ ਹਨ "ਕੀ ਕਦੀ ਤੁਸੀਂ ਕੋਈ ਹਰੀਜਨ ਵਜ਼ੀਰ ਵੀ ਵੇਖਿਆ ਸੀ" ਇਹ ਹੈ ਹਰੀਜਨ ਵਜ਼ੀਰ ।

Mr. Speaker : No reflection, please.

ਸ਼੍ਰੀ ਵਧਾਵਾ ਰਾਮ—ਸਪੀਕਰ ਸਾਹਿਬ, ਪਹਿਲੋਂ ਕਿਹਾ ਗਿਆ ਸੀ ਕਿ Sales Tax ਨਾਲ ਕੰਮ ਚਲੇਗਾ ਪਰ ਹੁਣ ਇਸ ਦੀ ਥਾਂ ਫਿਰ Vend fees introduce ਕੀਤੀ ਜਾ ਰਹੀ ਹੈ । ਅਸਲ ਗੱਲ ਇਹ ਹੈ ਕਿ ਇਨ੍ਹਾਂ ਨੂੰ ਪੈਸਾ ਚਾਹੀਦਾ ਹੈ । ਤਮਾਕੂ ਭਾਵੇਂ ਭੈੜਾ ਹੈ ਜਾਂ ਚੰਗਾ ਆਮ ਤੌਰ ਤੇ ਗਰੀਬ ਲੋਕ ਵਰਤਦੇ ਹਨ ਅਤੇ ਪੰਜਾਬ ਵਿਚ ਬਾਹਲੀ ਆਬਾਦੀ ਹਰੀਜਨਾਂ ਦੀ ਹੈ ਜੋ ਤਮਾਕੂ ਵਰਤਦੇ ਹਨ । ਇਸ Vend fees ਦੇ ਲਗਾਉਣ ਨਾਲ ਬਹੁਤ ਕੀਮਤ ਤੇ ਤਮਾਕੂ ਖਰੀਦ ਕੇ ਪੀਣਾ ਉਹ ਬਰਦਾਸ਼ਤ ਨਹੀਂ ਕਰ ਸਕਦੇ । ਇਸ ਲਈ ਇਸ ਤੇ ਲਾਇਸੰਸ ਨਹੀਂ ਹੋਣਾ

ਚਾਹੀਦਾ ਅਤੇ Vend fees ਵੀ ਨਹੀਂ ਹੋਣੀ ਚਾਹੀਦੀ। ਇਸ ਨਾਲ ਹਰੀਜਨਾਂ ਤੇ ਅਸਰ ਪੈਂਦਾ ਹੈ।

दीवान जगदीश चन्द्र (लुधियाना शहर उत्तर) : मानीय स्पीकर साहिब इस बिल के सम्बन्ध में दो तीन बातें कही गई हैं। जहां तक इस बात का स्वाल है कि गवर्नमैंन्ट अपने चहेतों को Licence दे सकती है इस सिलसिले में मैं यह बताना चाहता हूं कि पहले इस बिल को वापस लेकर Sales Tax लगाया गया था। लेकिन तम्बाकू बेचने वालों और इस का व्यापार करने वालों के कई deputaion गवर्नमैन्ट को मिले और उन्हों ने खाइश ज़ाहिर की कि vend fees लगा दी जाए क्योंकि Sales Tax में returns तैयार करनी पड़ती थी और हिसाब किताब रखना पड़ता था इस लिए उन्हों ने खाहिश ज़ाहिर की थी कि Sales tax को system हटा कर vend Fees का system शुरु कर दिया जाए।

दूसरी बात जो कम्यूनिस्ट भाई ने कही है कि इससे गरीबों पर बोझ पड़ेगा मानी नहीं जा सकती। स्पीकर साहिब आप जानते हैं कि China में अफ़ीम का कितना इस्तेमाल बढ़ गया था यहां तक कि उन्हों ने इसे हल करके पीना शुरु कर दिया था। लेकिन जब लोगों की अपनी गवर्नमैन्ट बनी तो गवर्नमैन्ट ने सोचा कि उस ने लोगों की सेहत को ऊँचा बनाना है। इस लिए अब China में अफ़ीम की फिरोख्त बन्द हो चुकी है।

आज तम्बाकू के बारे में कहा जा सकता है कि यह मज़दूर की ज़िन्दगी का हिस्सा है। लेकिन medical राय में इस के इस्तेमाल से सेहत और दिमाग पर अच्छा असर नहीं पड़ता। अगर vend फ़ीस लगाने से तम्बाकू की कीमत बढ़ेगी तो इससे लोगों में इस का इसतेमाल कम हो गा इस के लिए तो गवर्नमैंट को मुबारकबाद देनी चाहिए। इसलिए Sales tax की जगह vend fees व्यापारियों की खाहिश का एहतराम करते हुए लगाई गई है।

ਲੇਬਰ ਮੰਤ੍ਰੀ (ਚੌਧਰੀ ਸੁੰਦਰ ਸਿੰਘ) : ਪ੍ਰਧਾਨ ਜੀ, ਜੋ ਇਤਰਾਜ਼ ਸ਼੍ਰੀ ਵਧਾਵਾ ਰਾਮ ਜੀ ਨੇ ਕੀਤਾ ਹੈ ਉਹ ਠੀਕ ਸੀ ਪਰ ਜੋ ਇਤਰਾਜ਼ ਸਰਦਾਰ ਵਜ਼ੀਰ ਸਿੰਘ ਜੀ ਨੇ ਕੀਤਾ ਹੈ ਕਿ ਤਮਾਕੂ ਨੂੰ ਖੁਲ੍ਹਾ ਕਰ ਦੇਣਾ ਚਾਹੀਦਾ ਹੈ ਜਿਸ ਤਰ੍ਹਾਂ ਅਨਾਜ ਦੀਆਂ ਬਾਕੀ ਚੀਜ਼ਾਂ ਹਨ ਤਾਂ ਜੋ ਲੋਕ ਖੁਲ੍ਹੇ ਤੌਰ ਤੇ ਤਮਾਕੂ ਪੀਣ, ਇਹ ਨਹੀਂ ਸੀ ਕਰਨਾ ਚਾਹੀਦਾ। ਤਮਾਕੂ ਨਸ਼ੇ ਵਾਲੀ ਚੀਜ਼ ਹੈ ਅਤੇ ਇਸ ਤੇ ਟੈਕਸ ਲਾਉਣ ਨਾਲ ਇਸ ਨਸ਼ੇ ਦਾ ਇਸਤੇਮਾਲ ਘੱਟ ਹੋ ਜਾਵੇਗਾ। ਅਸੀਂ ਇਸ ਨਸ਼ੇ ਦੀ ਵਰਤੋਂ ਘੱਟ ਅਤੇ ਬੰਦ ਕਰਨ ਲਈ ਹੀ vend fees ਲਗਾ ਰਹੇ ਹਾਂ। ਇਸ ਵਿਚ ਹੋਰ ਕੋਈ ਚੀਜ਼ ਬਹਿਸ ਕਰਨ ਵਾਲੀ ਨਹੀਂ ਅਤੇ ਜੋ ਸਰਕਾਰ ਨੇ ਕੀਤਾ ਹੈ ਠੀਕ ਕੀਤਾ ਹੈ।

Mr. Speaker : Question is —

That the Punjab Tobacco Vend Fees Bill be passed.

The motion was carried.

———

THE PUNJAB ENTERTAINMENTS TAX (CINEMATOGRAPH SHOWS) BILL.

श्री चांद राम ग्रहलावत: इस लिये मैं इस बिल को support तो करता हूं मगर यह ज़रूर अर्ज़ करूंगा कि छोटे छोटे यानी Petty Officers जो सरकार की मशीनरी का हिस्सा हैं उन को instructions जारी कर दें कि वह ग़रीबों की दरखास्तों और उन के कामों में रुकावट डालने की बजाए उन का ध्यान रखें।

मुख्य मंत्री (श्री भीम सैन सच्चर) : स्पीकर साहिब, मुझे खुशी है कि मैम्बर साहिबान ने इस तरीके से इस बिल का स्वागत किया है। बाज़ भाइयों ने कुछ अंदेशे भी ज़ाहिर किये हैं एक तो यह कि जो अफ़सर nominate किये जायेंगे वह शायद meetings में शामिल न होंगे। दूसरा यह कि वे पंचायतों को दबायेंगे और मदद करने की बजाये मुश्किल का कारण बन जायेंगे। पहले का जवाब तो यह है कि अफ़सरों को यह हिदायतें होंगी कि वे meetings में ज़रूर हाज़िर हुआ करें। कमेटियों में जो advisors nominate किये जाते हैं वह बाकायदा हाज़िर होते हैं क्योंकि हिदायात ऐसी हैं। पस जिन अफ़सरों को nominate किया जाएगा वह ज़रूर हाज़िर हुआ करेंगे।

दूसरी चीज़ जिस की तरफ मेरे साथियों ने तवज्जुह दिलाई है वह थोड़ी सी ग़लत फ़हमी पर मबनी मालूम होती है। यह ठीक है कि अभी तक हम अफ़सरों के मुतअल्लिक अपने ख्यालात में परिवर्तन नहीं ला सके। यह पिछले तजुर्बे और पुरानी वाकिफ़ियत का नतीजा है। मैं बहस में नहीं पड़ना चाहता मगर तवक्को रखता हूं कि इस बदले हुए ज़माने में जब कि हम सब एक आज़ाद मुल्क का programme चला रहे हैं हर बाशिंदा ख़ाह वह सरकारी अफ़सर हो या गैर सरकारी आदमी अपने आप को आज़ाद मुल्क का मेमार समझे। मैं इसी भरोसे पर काम करने की कोशिश कर रहा हूं। लेकिन अगर हमें यकीन हो जाए कि machinery और tools हमारी पालिसी के मुताबिक काम न करेंगे तो एक बहुत ही संजीदगी से सोचने वाली सूरत पैदा हो जायगी। ऐसे अफ़सर तो गोया पालिसी को नाकाम बनाने वाले होंगे, वह हमारी मनज़िल से बिल्कुल उलटी तरफ़ जाने वाले होंगे। अगर ऐसी हालत पैदा हो जाये तो हमारे सामने एक बहुत बड़ा सवाल आ जायगा कि आख़िर इस मुश्किल का क्या हल है। मगर मुझे उम्मीद है कि इस हद तक जाने की ज़रूरत न पड़ेगी। हमें यह अंदेशा महसूस न करना चाहिये कि अफ़सर इस काम में कोई रुकावट डालेंगे।

मैं इस बारे में सरकार का नज़रिया और काम का ढंग आप के सामने रखना चाहता हूं। हमारा तरीका जिसे हम अमली जामा पहनाना चाहते हैं यह है कि ज्यादा से ज्यादा इलाकाई काम पंचायतों के सुपुर्द कर दिया जाए और साथ ही यह भी चाहते हैं कि वह अपनी मुश्किलात और problems को खुद हल करें। इस तरह कामयाबी से काम करने के लिये ज़रूरी है कि उन के हाथ में इख्तियार और पैसा हो और मन में काम करने की लगन हो। अब वे अफ़सर जो देहात में रखने हैं वह कैसे रखने हैं ? हमारी Administration ने जिस तरफ चलना है वह मनज़िल है National Extension Service की। मतलब यह है कि हम मदद को ऐसे तरीके से extend करना चाहते हैं कि वह गांवों में अवाम तक जा पहुंचे। और यह बात हम पंचायतों के ज़रिये करना चाहते हैं। मैं पंचायतों की common sense और हिम्मत की दाद देता हूं। मगर अभी उत्साह पैदा करने की ज़रूरत है। पस आप ध्यान में रखें कि जो नये अफसर आयेंगे उन का एक ही काम होगा कि वह पूरी तनदेही से लोगों के मददगार बनें और जो पुराने अफ़सर हैं उन से तवक्को रखी जायगी कि वे अपना नज़रिया बदल दें और यह समझने की कोशिश करें कि वह लोगों में किस तरह उत्साह पैदा कर सकते हैं। हम यह चाहते हैं कि अफ़सर देहात में पूरी तनदेही से काम करें। वे लोगों की रहनुमाई करें और लोग अपनी मुश्किलात हल करने के लिये काम करें। National Extension Service का काम यह है कि

खेती, स्कूल, सड़कें हर एक चीज में लोगों की मदद की जाए। और मैं आ.प को यकीन दिलाता हूं कि जो अफ़सर देहात में भेजे जायेंगे उन का नजरिया तहक्कुमाना नहीं बल्कि सेवादारों का सा होगा। अगर यह न हो तो हमारा यह तजुर्बा कामयाब नहीं हो सकता। लेकिन मुझे ऐसा अंदेशा नहीं है। मुझे यकीन है कि अफ़सर देहात में पूरी तनदेही से काम करेंगे।

इस लिये आप किसी किस्म का अंदेशा न करें कि वहां अफ़सर dominate करेंगे। आखिर अफ़सर dominate क्यों करते हैं? पहली बात यह है कि अपनी गर्ज के लिये करते हैं। दूसरी यह कि सरकार की गर्ज के लिये करते हैं। यदि वे अपनी गर्ज के लिये dominate करें तो उस का नाम कुछ और होता है और उन के साथ आप और हम अच्छी तरह से बरताव कर सकते हैं। अगर सरकार के लिये ऐसा करते हैं तो बतायें कि आप और चाहते ही क्या हैं? मालूम होता है मेरे दोस्त अभी पुराने ढंग पर सोचे जा रहे हैं। अंग्रेज के वक्त बात और थी। तब तो बाहर की सरकार थी। अब सरकार अपनी है। मैं तो कहूंगा कि अगर हमारे अफ़सर उस मुस्तादी और तनदेही से हमारी policy चलाएं जिस से वे अंग्रेज का काम करते थे तो और हमें कुछ चाहिये ही नहीं। हां, हरेक अफ़सर को जो चीज सब से पहले करनी होगी वह यह है कि उसे हर आदमी के साथ हमदर्दी का सलूक करना होगा। उसे हरेक के साथ पूरे शरीफ़ाना तरीके से सलूक करना होगा। आज गांव के लोगों को इस लिये ठुकराया नहीं जा सकता कि वे कम पढ़े हुए हैं। उन की बेइज्जती इस लिये नहीं की जा सकती कि उन के पास चार पैसे नहीं या जमीन नहीं। यह सरकार आज इन बातों की इजाजत नहीं दे सकती। इस सरकार की policy यह है कि हर इनसान को इनसानियत के नाते से देखा जाये। अगर आज किसी के पास जमीन नहीं तो यह एक आर्जी चीज है। जब ही आप में और हम में हिम्मत होगी यह तकलीफ दूर कर दी जायगी। मैं इस चीज को देख रहा हूं। हमारी मुश्किलात इस वक्त आर्थिक हैं और इन के हट जाने से कोई किसी पर गरीबी की वजह से दबाव न डाल सकेगा। सरकार साफ़ तौर पर कह रही है कि यह इस की policy है। इन हालात में अफ़सर लोगों की कैसे मदद न करेंगे? मैं वह समय देखना चाहता हूं जब अफ़सर और पंचायत वाले भाइयों की तरह मिल कर बैठेंगे और यह सोचेंगे कि वे अपने छोटे से खित्ते अर्थात् गांव को स्वर्ग कैसे बना सकते हैं। मैं अपने दोस्तों से यह दरखास्त करता हूं कि वे अफ़सरों के बारे अपने दिल से शक निकाल दें। अफ़सरों के दिलों में यह ख्याल तक न आने दें कि लोगों को उन पर भरोसा नहीं। यदि आप मुझे अच्छा कहते रहेंगे तो मैं शर्म से ही अच्छा हो जाऊंगा। आप बेशक इस बात का यकीन रखें कि अगर कोई अफ़सर अपने फ़र्ज में कोताही करेगा तो सरकार चश्मपोशी न करेगी। जो आदमी ईमानदारी से काम करेगा हम उस के सामने झुकेंगे। लेकिन अगर कोई ईमानदारी से काम न करेगा और अपने काम में efficient न होगा तो उस के खिलाफ़ हम ज्यादा से ज्यादा सखती बरतेंगे। माननीय सदस्य इस बात की तसल्ली रखें। अफ़सर adversely काम करने के लिये नहीं बल्कि सरकार की policy को चलाने के लिये और देहातियों को ऊपर उठाने के लिये रखे जायेंगे। जैसे कहा गया है कि वे देहातियों के friends, philosophers और guides होंगे। इन हालात में मैं कह सकता हूं कि माननीय सदस्यों की मदद से और इन की हिम्मत से पंजाब के अंदर जो पंचायती राज है पंचायती लोक राज्य के योग्य हो जायेगा।

Mr. Deputy Speaker: Question is—

That the Punjab Gram Panchayat (Amendment) Bill be taken into consideration at once.

The motion was carried.

Mr. Deputy Speaker: Now the House will proceed to consider the Bill clause by clause.

CLAUSE 2.

Mr. Deputy Speaker: Question is—

That Clause 2 stand part of the Bill.

The motion was carried.

CLAUSE 3.

Mr. Deputy Speaker: Shri Rala Ram has given notice of an amendment to Clause 3. He is requested to move it.

Shri Rala Ram (Mukerian): Sir, I beg to move—

In the proposed subsection (3) line, 3, for "four" *substitute* "two".

उपाध्यक्ष महोदय, मुझे इस clause की उपयोगिता अर्थात् utility कुछ समझ नहीं आई। मालूम नहीं सरकार इस से क्या फायदा उठाना चाहती है। मैं समझता हूं कि अफ़सरों को nominate करने से बहुत लाभ न होगा। यदि हम गांवों की development चाहते हैं तो आवश्यकता इस बात की है कि पंचायतें expert लोगों से सलाह और मशवरा ले सकें। यह तब हो सकता है जब हर पंचायत के बुलावे पर experts उन की meetings में हिस्सा लें और सलाह मशवरा दें। लेकिन देखने में यह आ रहा है कि हरेक थाना में लगभग 100 पंचायतें होंगी। वहां expert officers जो हैं तीन या चार से ज़्यादा न होंगे। यह तीन चार अफ़सर किस किस पंचायत के लिये nominate किये जायेंगे? ऐसे मालूम होता है कि एक अफ़सर 10 या 20 पंचायतों के लिये nominate हो सकेगा। ऐसा करना तो जनतन्त्र के साथ मखौल करना है। इस लिये मुझे इस तजवीज के अन्दर कोई खास utility नज़र नहीं आती। फिर यह practicable भी मालूम नहीं होता कि 100 पंचायतों क लिये तीन या चार अफ़सरों को nominate किया जाये। खैर, यदि किसी ढंग से सरकार nomination को आवश्यक समझती है तो मैं कहूंगा कि nomination की जो evil है इसे अवश्य कम से कम कर देना चाहिये। एक पंचायत में छः या सात पंच होंगे और वहां चार सरकारी अफ़सर बिठा दिये जायेंगे। It will be a plethora of officers यह बात अच्छी न होगी। ऐसा होने से पंचों की स्वतन्त्रता दब जायेगी। इस लिये मैं समझता हूं कि चार की सीमा बहुत ज्यादा है। मैंने अपने संशोधन द्वारा कहा है कि nomination limit दो तक हो। चार की संख्या अधिक है। यदि nomination की जगह बुलावा कर दिया जाये तो बहुत बेहतर हो। लेकिन यह न हो सके और nomination आवश्यक

हो तो limit चार की जगह दो कर दी जाये । इस से पंचों का विचार स्वातन्त्र्य दबेगा नहीं और अफ़सर उन पर छा न सकेंगे ।

Mr. Deputy Speaker: Motion moved—

In the proposed subsection (3), line 3, for "four" *substitute* "two".

मुख्य मंत्री (श्री भीम सेन सच्चर) : स्पीकर साहिब ! मेरे माननीय मित्र प्रिंसिपल रला राम के मन में एक शंका सी पैदा हो गई है । यह कोई अचम्भा नहीं क्योंकि सारी तसवीर उन के सामने नहीं । इस लिये मैं ज़रूरी समझता हूं कि इस बारे में पोज़ीशन explain कर दूं । दस गांव के लिये एक Village Level Worker होगा और दस गांव की जिम्मेदारी उस पर होगी । यानी वह गांव में रहेगा, गांव वालों की मुश्किलात को देखेगा, गांव वालों की ज़रूरियात को study करेगा और उन की जो मांगें हैं वह ऊपर डिपार्टमैण्ट तक पहुंचायेगा इस तरह वह उन की मुश्किलात को दूर कराने की कोशिश करेगा । फिर, मैंने कहा कि National Extension Service भी जो होगी उस में भी गांव के आदमी होंगे—कोई खेती वाला आदमी होगा, कोई महकमे वाला आदमी होगा । अब वे आदमी जो वहां पर nominate किये जायेंगे, इस गर्ज़ से होंगे कि वे वहां पर उन के साथ बैठ कर सलाह कर सकें, मश्वरा कर सकें और प्रोग्राम को evolve कर सकें । जो चीज़ में तसव्वर कर रहा हूं वह इस तरह है कि गांव वाले लोग जो पंचायत में बैठे हैं वे सोचेंगे कि हम गांव की problems को कैसे हल कर सकते हैं । जब वे सोचेंगे और इन बातों को सोचते वक्त और बातें भी उन के सामने आयेंगी जिन में official advice उन्हें helpful साबत हो सकती है तो वे nominated अफ़सर उन की मदद करें । वे plethora नहीं हो जायेगा जो कि मेरे दोस्त ख्याल कर रहे हैं । आप का यह ख्याल है कि एक आदमी होगा वह कहां २ जायेगा । हमने इन की upper limit चार रखी है यानी चार लाज़मी तौर पर होंगे । इस में कोई शक नहीं कि invitation पर वे आ सकते हैं यानी वे उस वक्त आयेंगे जिस वक्त कि उन्हें बुलाया जाये । इस तरह से वे अपनी ज़िम्मेदारी महसूस करने लग जायेंगे कि यह उन के काम का एक हिस्सा है । मैं मैम्बर साहिबान को यकीन दिलाता हूं कि गवर्नमैण्ट इस बारे में काफ़ी चौकन्नी रहेगी और देखेगी कि जो खतरा मेरे साथी महसूस कर रहे हैं वह सच मुच रूनमा न हो जाये । अगर हम देखेंगे कि nomination का तजुरबा ठीक नहीं हो हम इन की तादाद घटा सकते हैं । इन की तादाद को कम करना कोई मुश्किल बात नहीं । चार की तादाद जो मैंने रखी है वह इस गर्ज़ से रखी है कि गांव वालों को ज़्यादा से ज़्यादा सलाह और मश्वरा मिल सके ।

राये रघुबीर सिंह: On a point of information, Sir. यह जो nominated अफ़सर होंगे उन का खर्च पंचायतें बरदाश्त करेंगी या गवर्नमैण्ट (वज़ारती बैंचों से आवाजें: इन का खर्च गवर्नमैण्ट देगी) । बिलफ़र्ज़ अगर ये अफ़सर किसी इजलास में हाज़िर न हो सकें तो क्या पंचायत की कार्रवाई रुकी रहेगी ।

मुख्य मंत्री : They are advisers. वे quorum का हिस्सा नहीं हैं । वह वोट देने के मजाज़ नहीं और advisers का काम करते हैं ।

उपाध्यक्ष महोदय: मैं प्रिंसिपल रला राम से पूछता हूं कि क्या वह अपनी तरमीम वापस लेते हैं ।

श्री रला राम: जी हां, मैं वापस लेता हूं ।

Mr. Deputy Speaker: Question is—

In the proposed subsection (3), line 3, for "four" *substitute* "two".

The motion was, by leave, withdrawn.

Mr. Deputy Speaker: Question is—

That Clause 3 stand part of the Bill.

The motion was carried.

CLAUSE 4

Mr. Deputy Speaker: Question is—

That Clause 4 stand part of the Bill.

The motion was carried.

CLAUSE 5

Mr. Deputy Speaker: Question is—

That Clause 5 stand part of the Bill.

The motion was carried.

CLAUSE 1

Mr. Deputy Speaker: Question is—

That Clause 1 stand part of the Bill.

The motion was carried.

TITLE

Mr. Deputy Speaker:, Question is—

That Title be the Title of the Bill.

The motion was carried.

Chief Minister (Shri Bhim Sen Sachar): Sir, I beg to move—

That the Punjab Gram Panchayat (Amendment) Bill be passed.

डिप्टी स्पीकर साहिब ! इस बिल की तीसरी stage पर मुझे कुछ ज़्यादा नहीं कहना है । सिर्फ़ एक चीज़ है जो कहना चाहता हूं और वह है खिताब अपने साथी मेम्बरों

की खिदमत में । यह तो आप जान गये हैं कि गवर्नमैंट की पालिसी पंचायतों के सिलसिले में क्या है । यह भी सीधी और वाज़ेया बात है कि पंचायतों को ज़्यादा से ज़्यादा मदद की ज़रुरत है । ज़रुरत सिर्फ रुपए की नहीं और न ही इस बात की ज़रुरत है कि हम उन्हें कितने इख्तियारात दे सकते हैं बल्कि इस के साथ ज़रूरत इस बात की है कि हम पंचों को कितना ऊंचा कर सकते हैं— हम पंचों को कितनी ऊंची जगह पर खड़ा कर सकते हैं क्योंकि जितनी उन के अन्दर ऊंचा उठने की शक्ति होगी उतने ही पंच मुफीद साबित हो सकेंगे । इस लिये मैंने साथियों से दरखास्त करनी है कि वह अपने वक्त का खासा हिस्सा इस बात पर सर्फ़ करें कि गांव में जहां भी पंचों के पास जायें, उन्हें मिलें और उन को उन की जिम्मेदारियों का एहसास करायें । अगर हम इस बात को ग्रहण कर लेंगे तो मुझे यकीन है कि जो तजुरबा पंजाब में जारी किया गया है वह कामयाब हो जायगा । इसलिये मैं दरखास्त करता हूं कि यह तरीका जो मैंने आप के सामने रखा है उसे कबूल करें और इस बिल को पास करें ।

Mr. Deputy Speaker. Motion moved—

That the Punjab Gram Panchayat (Amendment) Bill be passed.

Mr. Deputy Speaker Question is—

hat the Punjab Gram Panchayat (Amendment) Bill be passed.

The motion was carried.

(The Assembly then adjourned till 2 p.m. on Thursday, the 1st April, 1954.)

791 PSLA—283—21-1-55—CP and S., Punjab, Chandigarh

Punjab Legislative Assembly Debates

1st April, 1954

VOL. I—NO. 19

OFFICIAL REPORT



CONTENTS

Thursday, the 1st April, 1954

CHANDIGARH :

Printed by the Controller of Printing and Stationery, Punjab

1955

PUNJAB LEGISLATIVE ASSEMBLY

Thursday, 1st April, 1954

The Assembly met in the Assembly Hall, Sector 10, *Chandigarh Capital, at* 2 *p.m. of the Clock. Mr. Speaker (Dr. Satyapal) in the Chair.*

Question Hour (Dispensed with)

अध्यक्ष महोदय : इस बात का लिहाज़ रखते हुए कि सारे सैशन में सिर्फ एक ही दिन non-official काम के लिये मुकर्रर हुआ है और साथ ही कुछ मैम्बरान ने इस खाहिश का इज़हार भी किया है कि प्रश्नों का घंटा dispense with किया जाए, इस लिए आज Question Hour को dispense with किया जाता है ।

Adjournment Motion

मेरे पास सरदार सरूप सिंह की तरफ से एक Adjournment Motion का नोटस वसूल हुआ है । सरदार साहिब, जो कानून-दान हैं, से मेरी गुज़ारिश है कि यह जो textile manufacture पर levy लगाने का मामला है यह न ही हमारे बस की बात है और न ही इस पर हमारी गवर्नमण्ट का control है । यह तो Government of India का काम है और उसी गवर्नमण्ट की policy है और हम उस गवर्नमण्ट की policy और काम की नुकता चीनी नहीं कर सकते । इस लिए यह adjournment motion* admit नहीं हो सकती ।

अब सैक्रेटरी साहिब एक announcement करेंगे ।

ANNOUNCEMENT BY THE SECRETARY RE. CERTAIN BILLS.

Secretary : Under Rule 2 of the Punjab State Legislature (Communications) Rules, 1952, I have to inform the House that the Punjab Urban Immovable Property Tax (Amendment) Bill, 1954 and the Punjab Entertainments Tax (Cinematograph Shows) Bill, 1954, passed by the Punjab Legislative Assembly on the 29th March, 1954 and transmitted to the Punjab Legislative Council on the same day, have been agreed to by the said Council without any amendment/recommendation, on the 31st March, 1954.

2. I have also to lay on the Table of the House a copy each of the Punjab Tobacco Vend Fees Bill, 1954, the Punjab Passengers and Goods Taxation (Amendment) Bill, 1954 and the Punjab Motor Vehicles Taxation (Amendment)

---

*Sardar Sarup Singh, M.L.A., to ask for leave to make a motion for the adjournment of the business of the House to discuss a definite matter of urgent public importance, namely, the announcement of the Textile Manufacturers, Amritsar, to close down their mills indefinitely as consequence of the levy of Excise Duty on art. silk and staple fibre fabrics and thus thereby throwing out of employment nearly 12,000 worker bread-winners causing infinite misery by way of starvation and otherwise to these workers and their dependents including women and children, besides bringing ruination to the entire economic structure of the city which would have far reaching consequences throughou the State.

[Secretary]
Bill, 1954, which were passed by the Punjab Legislative Assembly on the 29th March, 1954, and transmitted to the Punjab Legislative Council for its recommendations, if any. These have been returned by the said Council with recommendations.

THE PUNJAB SECURITY OF LAND TENURES (SECOND AMENDMENT) BILL

Sardar Harkishan Singh Surjit (Nakodar) : Sir, I beg to move—

That leave be granted to introduce the Punjab Security of Land Tenures (Second Amendment) Bill.

Mr. Speaker : Motion moved—

That leave be granted to introduce the Punjab Security of Land Tenures (Second Amendment) Bill.

Minister for Development : Sir, I object to the leave being granted to Sardar Harkishan Singh Surjit to introduce the Punjab Security of Land Tenures (Second Amendment) Bill.

ਸਰਦਾਰ ਹਰਕਿਸ਼ਨ ਸਿੰਘ ਸੁਰਜੀਤ : ਸਪੀਕਰ ਸਾਹਿਬ, Security of Land Tenures Act ਦੇ ਇਕ ਸਾਲ ਦੇ ਤਜਰਬੇ ਪਿਛੋਂ ਅਸੀਂ ਇਹ amendment ਬਿਲ ਹਾਊਸ ਦੇ ਸਾਹਮਣੇ ਪੇਸ਼ ਕੀਤਾ ਹੈ । ਪਿਛਲੀ ਵਾਰ ਜਦੋਂ Security of Land Tenures Bill ਇਸ ਅਸੈਂਬਲੀ ਵਿਚ ਪੇਸ਼ ਹੋਇਆ ਸੀ ਤਾਂ ਉਸ ਵੇਲੇ ਵੀ ਅਸੀਂ ਇਸ ਬਿਲ ਦੀਆਂ ਖਾਮੀਆਂ ਵਲ ਵਜ਼ਾਰਤੀ ਬੈਂਚਾਂ ਦਾ ਧਿਆਨ ਦਿਵਾਇਆ ਅਤੇ ਇਹ ਕਿਹਾ ਸੀ ਕਿ ਇਸ ਬਿਲ ਦੁਆਰਾ ਪੰਜਾਬ ਵਿਚ ਮੁਜ਼ਾਰਿਆਂ ਦੀਆਂ ਬੇਦਖਲੀਆਂ ਬੰਦ ਨਹੀਂ ਹੋਣਗੀਆਂ ਸਗੋਂ ਵਧ ਜਾਣਗੀਆਂ । ਅੱਜ ਇਕ ਸਾਲ ਦਾ ਤਜਰਬਾ ਇਹ ਦਸਦਾ ਹੈ ਕਿ ਪੰਜਾਬ ਦੇ ਇਤਹਾਸ ਵਿਚ ਜਿੰਨੀਆਂ ਬੇਦਖਲੀਆਂ ਦੇ ਨੋਟਿਸ ਇਸ ਸਾਲ ਵਿਚ ਮੁਜ਼ਾਰਿਆਂ ਨੂੰ ਦਿਤੇ ਗਏ ਹਨ ਉਨੇ ਅਜ ਤਕ ਕਿਸੇ ਸਾਲ ਵਿਚ ਨਹੀਂ ਸਨ ਦਿਤੇ ਗਏ । ਇਸ ਸਾਲ ਇਕ ਲਖ ਤੋਂ ਵੱਧ ਮੁਜ਼ਾਰਿਆਂ ਦੇ ਟੱਬਰਾਂ ਨੂੰ ਬੇਦਖਲੀ ਦੇ ਨੋਟਿਸ ਦਿਤੇ ਗਏ ਹਨ ਅਤੇ ਸਰਕਾਰ ਦੇ ਅੰਕੜਿਆਂ ਅਨੁਸਾਰ 65 ਹਜ਼ਾਰ ਮੁਜ਼ਾਰਿਆਂ ਨੂੰ ਨੋਟਿਸ ਦਿਤੇ ਜਾ ਚੁਕੇ ਹਨ । ਇਸ 65 ਹਜ਼ਾਰ ਦੀ ਗਿਣਤੀ ਵਿਚ ਉਨ੍ਹਾਂ ਮੁਜ਼ਾਰਿਆਂ ਦੀਆਂ ਬੇਦਖਲੀਆਂ ਸ਼ਾਮਲ ਨਹੀਂ ਹਨ ਜਿਨ੍ਹਾਂ ਦੀਆਂ ਜ਼ਮੀਨਾਂ ਨੂੰ ਵਡੇ ਵਡੇ ਜਾਗੀਰਦਾਰਾਂ ਨੇ 'ਖੁਦ ਕਾਸ਼ਤ' ਲਈ ਆਪਣੇ ਨਾਮ ਤੇ ਕਰਾ ਕੇ ਬਹੁਤ ਸਾਰਾ ਹਿੱਸਾ ਆਪਣੇ ਕੋਲ ਰੱਖ ਲਿਆ ਹੋਇਆ ਹੈ । ਇਹ ਕਿਸੇ ਤੋਂ ਛਿਪੀ ਹੋਈ ਗਲ ਨਹੀਂ ਕਿ ਕਿਸ ਤਰ੍ਹਾਂ ਉਨ੍ਹਾਂ ਨੇ 'ਖੁਦ ਕਾਸ਼ਤ' ਦਾ ਨਾਮ ਲੈ ਕੇ ਮਾਲ ਦੇ ਕਾਗਜ਼ਾਤ ਵਿਚ ਗਲਤ ਇੰਦਰਾਜ ਕਰਾਏ, ਕਿਸ ਤਰ੍ਹਾਂ ਨਾਲ ਵਢੇ ਜਾਗੀਰਦਾਰਾਂ ਨੇ ਆਪਣੇ ਰਿਸ਼ਤੇਦਾਰਾਂ ਦੇ ਨਾਮ ਜ਼ਮੀਨਾਂ ਮੁਨਤਕਿਲ ਕਰਵਾ ਦਿਤੀਆਂ ਹਨ । ਜੇਕਰ ਇਸ ਤਰ੍ਹਾਂ ਹਿਸਾਬ ਕਿਤਾਬ ਕੀਤਾ ਜਾਵੇ ਤਾਂ ਇਨ੍ਹਾਂ ਬੇਦਖਲੀਆਂ ਦੇ ਨੋਟਿਸ ਇਕ ਲਖ ਤੋਂ ਘਟ ਨਹੀਂ ਬਣਦੇ। ਇਨ੍ਹਾਂ ਨੋਟਿਸਾਂ ਦਾ ਸਿੱਟਾ ਇਹ ਨਿਕਲੇਗਾ ਕਿ ਪੰਜਾਬ ਦੇ ਇਕ ਲੱਖ ਕਿਸਾਨਾਂ ਦੇ ਟੱਬਰਾਂ ਨੂੰ ਫਾਕਾਕਸ਼ੀ ਕਰਨੀ ਪਵੇਗੀ, ਅਤੇ ਜਿਹੜੀਆਂ ਉਨ੍ਹਾਂ ਨਾਲ ਜਾਗੀਰਦਾਰਾਂ ਨੇ ਜ਼ਿਆਦਤੀਆਂ ਕੀਤੀਆਂ ਹਨ ਉਹ ਇਸ ਤੋਂ ਅਲੱਗ ਹੱਨ । ਪਿਛਲੇ ਸਾਲ ਦੇ ਤਜੁਰਬੇ ਦੀ ਬਿਨਾ ਤੇ ਅਸਾਂ ਇਸ ਬਿਲ ਨੂੰ ਹਾਊਸ ਦੇ ਸਾਹਮਣੇ ਪੇਸ਼ ਕੀਤਾ ਹੈ । ਅਸੀਂ ਪਹਿਲਾਂ ਹੀ ਇਹ ਸਪਸ਼ਟ ਤੌਰ ਤੇ ਦਸ ਚੁਕੇ ਹਾਂ ਕਿ 30 standard ਏਕੜ ਦੀ reservation ਦੀ ਹਦ ਬਹੁਤ ਜ਼ਿਆਦਾ ਹੈ । ਕਿਉਂਕਿ ਇਸ ਹਦ ਵਿਚ ਬਹੁਤ ਸਾਰੇ ਜਾਗੀਰਦਾਰ ਆ ਜਾਂਦੇ ਹਨ । 30 standard ਏਕੜ ਦੀ ਮਲਕੀਅਤ ਨਾਲ ਕਿਸੇ ਕਿਸਮ ਦੀ security ਮੁਜ਼ਾਰਿਆਂ ਨੂੰ ਨਹੀਂ

ਮਿਲਦੀ । ਫਿਰ, ਸਪੀਕਰ ਸਾਹਿਬ, ਇਸ ਬਿਲ ਵਿਚ ਬਟਾਈ ਦੀ ਜੋ ਸ਼ਰਹ ਦਰਜ ਕੀਤੀ ਗਈ ਹੈ ਉਸ ਦੇ ਕਾਰਨ ਹਜ਼ਾਰਾਂ ਆਦਮੀਆਂ ਨੇ ਇਕ ਦਮ ਬੇਦਖਲੀਆਂ ਦੇ ਨੋਟਿਸ ਆਪਣੇ ਮੁਜ਼ਾਰਿਆਂ ਨੂੰ ਦੇ ਦਿਤੇ ਹਨ । ਫਿਰ ਬਹੁਤ ਸਾਰਿਆਂ ਨੂੰ arrears of rent ਨਾ ਦੇਣ ਦੀ ਬਿਨਾ ਤੇ ਬੇਦਖਲੀਆਂ ਦੇ ਨੋਟਿਸ ਦਿਤੇ ਗਏ ਹਨ । ਮੈਂ ਹਾਊਸ ਅਗੇ ਅਰਜ਼ ਕਰਦਾ ਹਾਂ ਕਿ ਇਸ ਗਲ ਦਾ ਕਿਸ ਨੂੰ ਪਤਾ ਨਹੀਂ ਕਿ ਇਥੇ ਪੈਦਾਵਾਰ ਦੀ ਰਸੀਦ ਲੈਣ ਦਾ ਰਿਵਾਜ ਨਹੀਂ ਸੀ । ਸਪੀਕਰ ਸਾਹਿਬ, ਇਸ ਤਰ੍ਹਾਂ ਨਾਲ ਬਹੁਤ ਸਾਰੇ ਤਰੀਕੇ ਮੁਜ਼ਾਰਿਆਂ ਨੂੰ ਬੇਦਖਲ ਕਰਨ ਲਈ ਵਰਤੋਂ ਵਿਚ ਲਿਆਏ ਜਾਂਦੇ ਹਨ । ਜ਼ਮੀਨ ਨੂੰ ਬਹੁਤ ਸਾਰਿਆਂ ਰਿਸ਼ਤੇ-ਦਾਰਾਂ ਦੇ ਨਾਵਾਂ ਤੇ transfer ਕੀਤਾ ਜਾਂਦਾ ਹੈ । ਭਾਵੇਂ ਇਸ ਕਾਨੂੰਨ ਵਿਚ ਇਸ ਗਲ ਦੀ provision ਰੱਖੀ ਹੋਈ ਹੈ ਕਿ ਕੋਈ ਇਸ ਤਰ੍ਹਾਂ ਆਪਣੀ ਜ਼ਮੀਨ ਦੂਜਿਆਂ ਦੇ ਨਾਮ transfer ਨਹੀਂ ਕਰਾ ਸਕਦਾ। ਪਰ ਮੈਂ ਦੇਖਿਆ ਹੈ ਕਿ ਬਹੁਤ ਸਾਰੇ ਜਾਗੀਰਦਾਰਾਂ ਨੇ ਅਜੀਬ ਤਰੀਕਿਆਂ ਨਾਲ ਆਪਣੀਆ ਜ਼ਮੀਨਾਂ ਕਈ ਰਿਸ਼ਤੇਦਾਰਾਂ ਦੇ ਨਾਮ ਮੁਨਤਕਿਲ ਕਰਾ ਦਿਤੀਆਂ ਹਨ । ਮੈਂ ਪਿਛੇ ਜਿਹੇ ਗੁਰਦਾਸਪੁਰ ਗਿਆ ਤਾਂ ਮੈਂ ਉਥੇ ਵੇਖਿਆ ਕਿ ਇਕ ਜਾਗੀਰਦਾਰ ਨੇ ਅਡੋ ਅਡ ਨਾਵਾਂ ਤੇ ਆਪਣੇ ਮੁਜ਼ਾਰਿਆਂ ਨੂੰ ਨੋਟਿਸ ਦਿਤੇ ਹੋਏ ਸਨ । ਇਕ ਨੋਟਿਸ ਨੰਦੇਸ਼ਵਰੀ ਜੌਜ਼ਾ ਸੰਤ ਰਾਮ ਵਲੋਂ ਸੀ । ਦੂਜਾ ਬਲਰਾਮ ਪਿਸਰ ਸੰਤ ਰਾਮ ਵਲੋਂ ਅਤੇ ਤੀਜਾ ਬ੍ਰਿਸ ਰਾਣੀ ਜ਼ੋਜਾ ਸੰਤ ਰਾਮ ਵਲੋਂ । ਇਸ ਤੋਂ ਸਾਫ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਨੇ ਵਖਰੇ ਵਖਰੇ ਨਾਵਾਂ ਤੇ ਜ਼ਮੀਨ ਟ੍ਰਾਂਸਫਰ ਕਰਾ ਲਈ ਹੋਈ ਹੈ।

ਪ੍ਰਧਾਨ ਜੀ, ਇਸ ਤਰ੍ਹਾਂ ਨਾਲ ਜਾਗੀਰਦਾਰ ਜ਼ਮੀਨ ਤਕਸੀਮ ਕਰਕੇ ਨੋਟਿਸ ਦਿੰਦੇ ਹਨ । ਇਕ ਇਹੋ ਮਿਸਾਲ ਨਹੀ । ਹੋਰ ਅਨੇਕ ਅਜਿਹੀਆਂ ਮਿਸਾਲਾਂ ਇਸ ਤਰ੍ਹਾਂ ਦੀਆਂ ਮਿਲਦੀਆਂ ਹਨ। ਅਸਾਂ ਵੇਖਿਆ ਹੈ ਕਿ ਪਿਛਲੇ ਸਾਲ ਇਸ ਐਕਟ ਦੇ ਨਾ ਹੋਣ ਦੇ ਬਾਵਜੂਦ ਸਾਰੇ ਪੰਜਾਬ ਵਿਚ 17 ਹਜ਼ਾਰ ਬੇਦਖਲੀਆਂ ਦੇ ਨੋਟਿਸ ਮੁਜ਼ਾਰਿਆਂ ਨੂੰ ਮਿਲੇ ਸਨ । ਅਤੇ ਹੁਣ ਇਸ ਐਕਟ ਦੇ ਲਾਗੂ ਹੋਣ ਪਿਛੋਂ ਇਨ੍ਹਾਂ ਦੇ ਕਹਿਣ ਅਨੁਸਾਰ 65 ਹਜ਼ਾਰ ਨੋਟਿਸ ਮਿਲੇ ਹਨ । ਇਸ ਗਲ ਵਲ ਅਸੀਂ ਕਾਂਗਰਸ ਪਾਰਟੀ ਦੇ ਮੈਂਬਰਾਂ ਦਾ ਧਿਆਨ ਦੁਆਇਆ ਹੈ, ਅਤੇ ਬੜੇ ਵਿਸਤਾਰ ਨਾਲ ਇਹ ਸਾਰੀਆਂ ਗੱਲਾਂ ਲਿਖ ਕੇ ਇਕ Memorandum ਆਪਣੇ ਵਿਕਾਸ ਮੰਤ੍ਰੀ ਨੂੰ ਭੇਜਿਆ ਅਤੇ ਇਹ ਅਰਜ਼ ਕੀਤੀ ਕਿ ਉਹ ਇਨ੍ਹਾਂ ਬੇਦਖਲੀਆਂ ਨੂੰ ਰੋਕਣ ਦਾ ਪ੍ਰਬੰਧ ਕਰਨ । ਇਸ ਮੈਮੋਰੇਂਡਮ ਦੀ ਇਕ ਇਕ ਕਾਪੀ ਸਾਰੇ ਮੈਂਬਰਾਂ ਨੂੰ ਵੀ ਭੇਜੀ । ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬ ਦੇ ਕਿਸਾਨਾਂ ਨੇ ਵੀ ਅਰਜ਼ੀ ਭੇਜੀ ਸੀ। ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਕਿਸਾਨਾਂ ਦੇ ਦਸਖਤਾਂ ਹੇਠ ਇਕ ਅਰਜ਼ੀ ਮੇਰੇ ਕੋਲ ਵੀ ਮੌਜੂਦ ਹੈ । ਫਿਰ ਕਿਸਾਨ ਸਭਾ ਦੀ Conference ਨੇ ਜਿਸ ਨੂੰ ਸੂਬੇ ਦੇ ਇਕ ਲਖ 60 ਹਜ਼ਾਰ ਕਿਸਾਨਾਂ ਦੀ ਨੁਮਾਇੰਦਗੀ ਹਾਸਿਲ ਹੈ ਇਕ Resolution ਵੀ ਪਾਸ ਕੀਤਾ ਸੀ । ਜੋ ਵੀ ਕਾਨੂਨੀ ਤਰੀਕਾ ਅਸੀਂ ਇਨ੍ਹਾਂ ਮੁਜ਼ਾਰਿਆ ਦੀ ਆਵਾਜ਼ ਨੂੰ ਇਸ ਵਜ਼ਾਰਤ ਅਤੇ ਮੈਂਬਰਾਂ ਤਕ ਪਹੁੰਚਾਣ ਲਈ ਅਪਣਾ ਸਕਦੇ ਸਾਂ, ਅਪਣਾਇਆ । ਫਿਰ ਪਰਜਾ ਸੋਸ਼ਲਿਸਟ ਪਾਰਟੀ ਨੇ ਵੀ ਇਸ ਸੰਬੰਧ ਵਿਚ ਇਸ ਸੈਸ਼ਨ ਦੇ ਸ਼ੁਰੂ ਵਿਚ 12 ਮਾਰਚ ਨੂੰ ਅਸੈਂਬਲੀ ਦੇ ਬਾਹਰ ਇਕ demonstration ਵੀ ਕੀਤੀ ਅਤੇ ਖੁਦ ਕਾਂਗਰਸ ਪਾਰਟੀ ਦੇ ਮੈਂਬਰਾਂ ਨੇ ਵਜ਼ਾਰਤ ਦਾ ਧਿਆਨ ਇਸ ਵਲ ਦਿਵਾਇਆ ਫਿਰ ਹਿੰਦ ਸਮਾਚਾਰ ਅਖਬਾਰ ਵਿਚ ਅੰਬ ਕਾਂਗਰਸ ਕਮੇਟੀ ਦਾ ਪਾਸ ਕੀਤਾ ਹੋਇਆ ਇਕ Resolution ਵੀ ਛਪਿਆ ।

ਅਰਥ ਮੰਤਰੀ : On a point of order, Sir. ਸਪੀਕਰ ਸਾਹਿਬ, ਮੈਂ ਇਹ ਗੁਜ਼ਾਰਸ਼ ਕਰਨੀ ਚਾਹੁੰਦਾ ਹਾਂ ਕਿ Rule 93 ਅਨੁਸਾਰ ਜਦੋਂ ਇਕ ਮਤੇ ਤੇ ਵਜ਼ਾਰਤ ਵਲੋਂ ਇਤਰਾਜ਼ ਕੀਤਾ ਜਾਂਦਾ ਹੈ ਤਾਂ ਪ੍ਰਸਤਾਵ ਦਾ mover ਉਸ ਉਤੇ ਥੋੜੀ ਜਹੀ ਰੋਸ਼ਨੀ ਪਾ ਸਕਦਾ ਹੈ। ਪਰ ਲੰਬੀ ਚੌੜੀ ਤਕਰੀਰ ਨਹੀਂ ਕਰ ਸਕਦਾ।

अध्यक्ष महोदय : यह ठीक है। लेकिन मिनिस्टर साहिब के एतराज़ करने पर यह एक important measure बन गया है शायद आपको इस बारे में इस proviso का इल्म हो—

> "Provided that where an important measure is offered by a Minister or a Member and it is expected that the motion will be negatived, the Speaker may allow a full exposition of the character and objects of the Bill by the Member who moves and the member who opposes the motion............"

ਸਰਦਾਰ ਹਰਕਿਸ਼ਨ ਸਿੰਘ ਸੁਰਜੀਤ: ਮੈਂ ਅਰਜ਼ ਕਰਨ ਲਗਾ ਸਾਂ ਕਿ ਇਕ ਲੱਖ ਟੱਬਰ ਉਜੜ ਜਾਣੇ ਹਨ। ਇਹ ਕੋਈ ਛੋਟਾ ਸਵਾਲ ਨਹੀਂ। ਸਾਡੀ ਜਾਂ ਕਿਸੇ ਖਾਸ ਪਾਰਟੀ ਦੀ ਗਲ ਨਹੀਂ। ਹਿੰਦ ਸਮਾਚਾਰ ਵਿਚ ਅੰਬ ਕਾਂਗ੍ਰਸ ਕਮੇਟੀ ਦਾ ਇਕ ਮਤਾ ਛਪਿਆ ਹੈ ਉਸ ਵਿਚ ਲਿਖਿਆ ਹੈ ਕਿ ਜੇਕਰ ਬੇਦਖਲੀਆਂ ਰੋਕਣ ਲਈ Ordinance ਜਾਰੀ ਨਾ ਕੀਤਾ ਗਿਆ ਤਾਂ ਅਸੀਂ ਸਤਿਆਗ੍ਰਹ ਕਰਾਂਗੇ। ਇਸ ਮਸਲੇ ਬਾਰੇ ਇਸ ਅਸੈਂਬਲੀ ਦੇ ਇਕ ਪੁਰਾਣੇ ਮੈਂਬਰ ਸ਼੍ਰੀ ਮੋਹਨ ਲਾਲ ਦੱਤ ਨੇ Tribune ਵਿਚ ਇਕ ਲੇਖ ਲਿਖਿਆ ਹੈ। ਉਸ ਵਿਚ ਉਨ੍ਹਾਂ ਨੇ ਵਿਸਥਾਰ ਨਾਲ ਦਸਿਆ ਹੈ ਕਿ ਸਾਡੇ ਸੂਬੇ ਦਾ Security of Land Tenures Act ਬਾਕੀ ਸਾਰੇ ਸੂਬਿਆਂ ਦੇ ਇਸ ਤਰ੍ਹਾਂ ਦੇ ਐਕਟਾਂ ਨਾਲੋਂ ਘਟੀਆ ਹੈ। ਬੇਦਖਲੀਆਂ ਵਿਰੁਧ ਮਜ਼ਾਰਿਆਂ ਨੂੰ ਇਸਤੋਂ ਕੋਈ ਤਹਫੱਜ਼ ਨਹੀਂ ਮਿਲਦਾ। ਇਸਤਰ੍ਹਾਂ ਇਹ ਕਿਸੇ ਇਕ ਪਾਰਟੀ ਦਾ ਸਵਾਲ ਨਹੀਂ। ਗਵਰਨਮੈਂਟ ਜ਼ਿਦ ਕਰਦੀ ਹੈ ਜੋ ਠੀਕ ਗਲ ਨੂੰ ਪਰਵਾਨ ਨਹੀਂ ਕਰਦੀ। ਕਹਿੰਦੀ ਹੈ ਸਬਰ ਕਰੋ। ਜਿਵੇਂ ਕਿ ਬਿਲ ਦੇ ਅਗਰਾਜ਼ੋ ਮਕਾਸਦ ਵਿਚ ਲਿਖਿਆ ਹੈ ਕਿ ਇਹ ਇਕ ਲੱਖ ਮਜ਼ਾਰਿਆਂ ਦੀ ਜ਼ਿੰਦਗੀ ਦਾ ਸਵਾਲ ਹੈ। ਕਾਂਗ੍ਰੇਸ, ਕਮਯੂਨਿਸਟ ਜਾਂ ਪ੍ਰਜਾ ਸੋਸ਼ਲਿਸਟ ਪਾਰਟੀ ਦਾ ਸਵਾਲ ਨਹੀ। ਮਜ਼ਾਰਿਆਂ ਦੀਆਂ ਬੇਦਖਲੀਆਂ ਬੰਦ ਹੋਣੀਆਂ ਚਾਹੀਦੀਆਂ ਹਨ। ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਹਕੂਮਤ ਨੂੰ ਕੋਈ ਗਲ ਆਖੋ ਤੇ ਹਕੂਮਤ ਕਹਿੰਦੀ ਹੈ ਕੋਈ constructive ਤਜਵੀਜ਼ ਕਰੋ, ਠੀਕ ਤਰੀਕਾ ਵਰਤੋ। ਮੈਂ ਪੁਛਦਾ ਹਾਂ ਕਿ ਆਪ ਤਾਈਂ ਜਿਹੜੀ ਤਜਵੀਜ਼ ਅਸੈਂਬਲੀ ਵਿਚ ਕੀਤੀ ਜਾਵੇ ਉਸ ਤੋਂ ਵਧ ਤੁਸੀਂ ਕਿਸ ਤਰੀਕੇ ਨੂੰ ਠੀਕ ਸਮਝਦੇ ਹੋ ? ਜਾਗੀਰਦਾਰ ਮਜ਼ਾਰਿਆਂ ਨੂੰ ਗ੍ਰਿਫਤਾਰ ਕਰਾ ਰਹੇ ਹਨ। 495 ਮਜ਼ਾਰਿਆਂ ਨੂੰ ਜ਼ੇਰ ਦਫਾ 107 ਤੇ 91 ਮੁਕਦਮਿਆਂ ਵਿਚ ਲਪੇਟ ਲਿਆ ਗਿਆ ਹੈ ਅਤੇ ਕਿਸੇ ਇਕ ਜਾਗੀਰਦਾਰ ਦੀ ਵੀ ਗ੍ਰਿਫਤਾਰੀ ਵਗੈਰਾ ਨਹੀਂ ਹੋਈ। ਫਿਰ ਅੰਕੜੇ ਪੇਸ਼ ਕੀਤੇ ਜਾਂਦੇ ਹਨ। ਇਹ ਅੰਕੜੇ ਪਤਾ ਨਹੀਂ ਕਿਥੋਂ ਲਏ ਜਾਂਦੇ ਹਨ। ਦਸਿਆ ਗਿਆ ਹੈ ਕਿ ਗੁਰਦਾਸਪੁਰ ਵਿਚ ਕੁਲ 92 ਸਮਝੌਤੇ ਰਹਿੰਦੇ ਹਨ, ਬਾਕੀ ਦੇ ਸਾਰੇ ਹੀ ਹੋ ਗਏ ਹਨ। ਫਿਰ ਜੋ 2,000 ਮਜ਼ਾਰਿਆਂ ਨੇ ਇਕਠੇ ਹੋ ਕੇ ਜੋ ਮੁਜ਼ਾਹਿਰਾ ਕੀਤਾ ਕਿ ਸਾਡੀ ਰੋਟੀ ਨਾ ਖੋਹੀ ਜਾਵੇ ਅਤੇ ਸਾਨੂੰ ਬੇਦਖਲੀ ਤੋਂ ਬਚਾਉਣ ਦੀ ਗਾਰੰਟੀ ਦਿਤੀ ਜਾਵੇ

ਕਿਉਂ ਕੀਤਾ ? ਫੇਰ 15,000 ਮੁਜ਼ਾਰੇ ਉਹ ਹਨ ਜੋ ਪਿਛੜੀਆਂ ਹੋਈਆਂ ਸ਼੍ਰੇਣੀਆਂ ਨਾਲ ਤਅੱਲਕ ਰਖਦੇ ਹਨ । ਇਨ੍ਹਾਂ ਹਰੀਜਨਾਂ ਦੀ ਸੇਵਾ ਦੇ ਦਮ ਭਰਨ ਵਾਲਿਆਂ ਦੇ ਹੁੰਦੇ ਹੋਏ ਉਨ੍ਹਾਂ ਨੂੰ ਅਜਿਹਾ ਕਿਉਂ ਕਰਨਾ ਪਿਆ ? ਸਰਕਾਰ ਲੋਕਾਂ ਦੀ ਕਿਸੇ ਕਿਸਮ ਦੀ ਮੁਸ਼ਕਿਲ ਨੂੰ ਹਲ ਨਹੀਂ ਕਰਦੀ । ਅੱਜ ਗੁਰਦਾਸਪੁਰ ਵਿਚ ਜੋ 10,000 ਬੇਦਖਲੀਆਂ ਦੇ ਨੋਟਿਸ ਦਿਤੇ ਗਏ ਹਨ, ਸਰਕਾਰ ਸਾਨੂੰ ਗਾਰੰਟੀ ਦੇਵੇ ਕਿ 92 ਮੁਜ਼ਾਰਿਆਂ ਤੋਂ ਛੁਟ ਕਿਸੇ ਨੂੰ ਬੇਦਖਲ ਨਹੀਂ ਹੋਣ ਦਿਤਾ ਜਾਵੇਗਾ ਤਾਂ ਅਸੀਂ ਦੇਖੀਏ ਕਿ ਹਕੂਮਤ ਕੀ ਚਾਹੁੰਦੀ ਹੈ ।

ਸਰਕਾਰ ਕਹਿੰਦੀ ਹੈ ਕਿ ਇਕ Law and order State ਤੋਂ ਇਕ Development State ਬਣਾ ਰਹੇ ਹਾਂ । ਕੀ ਇਹ ਕੰਮ ਇਕ ਲੱਖ ਮੁਜ਼ਾਰਿਆਂ ਦੀ ਰੋਜ਼ੀ ਖੋਹੇ ਬਿਨਾ ਨਹੀਂ ਕੀਤਾ ਜਾ ਸਕਦਾ ? ਫਿਰ ਇਸ ਦਾ ਅਸਰ ਸਿਰਫ ਮੁਜ਼ਾਰਿਆਂ ਹੀ ਤੇ ਨਹੀਂ ਸਗੋਂ ਸੂਬੇ ਦੀ ਤਜਾਰਤ, ਸਨਅਤ ਅਤੇ ਬੇਰੁਜ਼ਗਾਰੀ ਤੇ ਵੀ ਹੈ । ਅਸੀਂ ਇਹ ਬਿਲ ਕਾਂਗ੍ਰਸ ਸਰਕਾਰ ਦੀ ਸੇਵਾ ਵਿਚ ਉਨ੍ਹਾਂ ਊਣਤਾਈਆਂ ਨੂੰ ਦੂਰ ਕਰਨ ਲਈ ਪੇਸ਼ ਕੀਤਾ ਹੈ ਜਿਨ੍ਹਾਂ loopholes ਨੂੰ ਇਸਤੇਮਾਲ ਕਰਕੇ ਜਾਗੀਰ-ਦਾਰਾਂ ਨੇ ਹਜ਼ਾਰਾਂ ਮੁਜ਼ਾਰਿਆਂ ਦੇ ਸਿਰ ਤੇ ਬੇਦਖਲੀ ਦੀ ਤਲਵਾਰ ਲਟਕਾ ਰਖੀ ਹੈ । Development Minister ਸਾਹਿਬ ਨੇ ਜਵਾਬ ਦਿਤਾ ਸੀ ਕਿ ਹਾਲੇ ਤਾਂ ਨੋਟਿਸ ਮਿਲੇ ਹਨ ਬੇਦਖਲੀਆਂ ਨਹੀਂ ਹੋਈਆਂ । ਮਤਲਬ ਇਹ ਕਿ ਮੁਜ਼ਾਰੇ ਉਸ ਮਨਹੂਸ ਘੜੀ ਦਾ ਇੰਤਜ਼ਾਰ ਕਰਨ ਜਦ ਕਿ ਉਨ੍ਹਾਂ ਨੂੰ ਘਰੋਂ ਬੇਘਰ ਕਰਕੇ ਸੜਕ ਤੇ ਸੁਟ ਦਿਤਾ ਜਾਵੇ । ਇਸ ਲਈ ਅਸੀਂ ਬੇਨਤੀ ਕਰਨਾਂ ਚਾਹੁੰਦੇ ਹਾਂ ਕਿ ਇਨ੍ਹਾਂ ਊਣਤਾਈਆਂ ਨੂੰ ਦੂਰ ਕਰੋ ਅਤੇ permissible area 30 ਏਕੜ ਤੋਂ ਘਟਾ ਕੇ 20 ਏਕੜ ਕਰ ਦਿਉ । ਇਸ ਬਿਲ ਨੂੰ ਪੜੋਸੀ ਸੂਬੇ ਹਿਮਾਚਲ ਪ੍ਰਦੇਸ਼ ਦੇ ਬਿਲ ਦੇ ਮੁਤਾਬਕ ਕੀਤਾ ਜਾਵੇ । ਹਿਮਾਚਲ ਪ੍ਰਦੇਸ਼, ਜੋ ਇਕ ਪਛੜਿਆ ਹੋਇਆ ਸੂਬਾ ਹੈ, ਨੇ ਆਪਣੇ Security of Land Tenures Act ਵਿਚ ਹਦ 5 ਅਤੇ 10 ਏਕੜ ਰਖੀ ਹੈ । ਉਨ੍ਹਾਂ ਨੇ ਹਰ ਕਿਸਮ ਦੀਆਂ ਬੇਦਖਲੀਆਂ ਨੂੰ ਰੋਕ ਦਿਤਾ ਹੈ ਅਤੇ ਬਟਾਈ 1/4 ਮੁਕੱਰਰ ਕੀਤੀ ਹੈ । ਸਾਡੀ ਸਰਕਾਰ ਨੂੰ ਇਸ ਤੋਂ ਸਬਕ ਲੈਣਾ ਚਾਹੀਦਾ ਹੈ ਕਿ ਲੋਕਾਂ ਦੀ ਭਲਾਈ ਦਾ ਕੰਮ ਕਿਸ ਤਰ੍ਹਾਂ ਕੀਤਾ ਜਾਂਦਾ ਹੈ । ਜੇਕਰ ਸਾਨੂੰ ਪੈਪਸੂ ਦੇ ਕਿਸੇ ਬਿਲ ਤੋਂ ਇਸ ਮਸਲੇ ਦਾ ਹਲ ਮਿਲ ਜਾਵੇ ਤਾਂ ਜ਼ਰੂਰ ਲੈਣਾ ਚਾਹੀਦਾ ਹੈ ਅਤੇ ਉਸਦੇ ਮੁਤਾਬਕ ਕਾਰਵਾਈ ਕਰਨੀ ਚਾਹੀਦੀ ਹੈ ।

ਜਿਨ੍ਹਾਂ ਜਾਗੀਰਦਾਰਾਂ ਨੇ ਟ੍ਰੈਕਟਰ ਮੰਗਾ ਕੇ ਮੁਜ਼ਾਰਿਆਂ ਨੂੰ ਬੇਦਖਲ ਕਰ ਦਿਤਾ ਹੈ, ਉਨ੍ਹਾਂ ਦੀਆਂ ਜ਼ਮੀਨਾਂ ਮੁਜ਼ਾਰਿਆਂ ਨੂੰ ਵੰਡ ਦਿਤੀਆਂ ਜਾਣੀਆਂ ਚਾਹੀਦੀਆਂ ਹਨ । ਇਨ੍ਹਾਂ ਨੂੰ ਜ਼ਮੀਨਾਂ ਦੀ ceiling ਜੋ 30 ਏਕੜ ਮੁਕਰਰ ਹੈ, ਉਸ ਨੂੰ ਕਾਸ਼ਤ ਕਰ ਸਕਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ । ਬਟਾਈ ਜੋ 1/3 ਹੈ, ਉਸ ਤੇ ਹੀ ਗੁਜ਼ਾਰਾ ਕਰਨ । ਅਸੀ ਕਹਿੰਦੇ ਹਾਂ ਕਿ ਕਿਸੇ ਕਿਸਮ ਦੀ transfer ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ ਅਤੇ ਵਡੇ ਜ਼ਮੀਂਦਾਰਾਂ ਦੀ ਕੋਈ ਜ਼ਮੀਨ ਖੁਦਕਾਸ਼ਤ ਕਰਾਰ ਨਾ ਦਿਤੀ ਜਾਵੇ । ਇਹ ਬਿਲ ਪੰਜਾਬ ਦੇ ਮੁਜ਼ਾਰਿਆਂ ਦੀ ਤਰੱਕੀ ਲਈ ਪੰਜਾਬ ਦੇ ਇਤਹਾਸ ਵਿਚ ਇਕ ਬੜਾ ਅਹਮ ਕਦਮ ਸਾਬਤ ਹੋਵੇਗਾ । ਇਸ ਬਿਲ ਦਾ ਅਸਰ ਮੁਜ਼ਾਰਿਆਂ ਦੀ ਦਰਦਨਾਕ ਕਹਾਣੀ ਅਤੇ ਪੰਜਾਬ

[ਸਰਦਾਰ ਹਰਕਿਸ਼ਨ ਸਿੰਘ ਸੁਰਜੀਤ]

ਦੀ ਸਿਆਸੀ ਅਤੇ ਆਰਥਕ ਜ਼ਿੰਦਗੀ ਤੇ ਪਵੇਗਾ । ਮੈਂ ਸਰਕਾਰੀ ਬੈਂਚਾਂ ਦਾ ਧਿਆਨ ਇਸ ਗਲ ਵਲ ਦੁਆਉਣਾ ਚਾਹੁੰਦਾ ਹਾਂ ਕਿ ਅਸੀਂ ਇਸ ਮਾਮਲੇ ਵਿਚ ਕੋਈ subversive ਕਾਰਵਾਈ ਨਹੀਂ ਕੀਤੀ । ਅਰਜ਼ੀਆਂ ਪਰਚੇ ਅਤੇ deputations ਹੀ ਕੀਤੇ ਹਨ ਤਾਂ ਜੋ ਮੁਜ਼ਾਰਿਆਂ ਦੀ ਭਲਾਈ ਹੋ ਸਕੇ ਜਿਸ ਲਈ ਕਾਂਗ੍ਰਸ ਖੁਦ ਐਨੇ ਲੰਮੇ ਸਮੇਂ ਲਈ ਜੱਦੋ ਜਹਿਦ ਕਰਦੀ ਰਹੀ ਹੈ । ਇਸ ਨੇ ਅਪਾਣੇ ਫੇਗ਼ਨੂਰ ਦੇ Memorandum ਵਿਚ ਵੀ ਇਸੇ ਗੱਲ ਦਾ ਜ਼ਿਕਰ ਕੀਤਾ ਹੈ । ਇਸ ਲਈ ਮੈਂ ਆਪ ਅਗੇ ਇਹ ਬੇਨਤੀ ਕਰਦਾ ਹਾਂ ਕਿ ਇਹ ਸਵਾਲ ਬਹੁਤ ਅਹਮ ਹੈ । ਅਸੀਂ ਛੋਟੀਆਂ ੨ technical amendments ਤੇ ਵਕਤ ਲਗਾ ਦਿੰਦੇ ਹਾਂ, ਮੈਂ ਆਪ ਪਾਸ ਅਪੀਲ ਕਰਦਾ ਹਾਂ ਕਿ ਆਪ ਇਸ ਬਿਲ ਨੂੰ oppose ਨਾ ਕਰੋ । ਜਿਥੇ ਵਡੇ ੨ ਦਾਵੇ ਕਰਦੇ ਹੋ ਕਿ ਸਾਡਾ ਫਲਾਂ ਫਲਾਂ ਪ੍ਰੋਗਰਾਮ ਹੈ, ਉਥੇ ਇਨ੍ਹਾਂ ਬੇਦਖਲੀਆਂ ਨੂੰ ਵੀ ਬੰਦ ਕਰੋ । ਜੇਕਰ ਇਹ ਬੇਦਖਲੀਆਂ ਬੰਦ ਨਾ ਹੋਈਆਂ ਤਾਂ ਇਸ ਕਰਕੇ ਸੂਬੇ ਵਿਚ ਜੋ ਹਾਲਾਤ ਪੈਦਾ ਹੋਣਗੇ ਉਸ ਦੀ ਸਾਰੀ ਜ਼ਿਮੇਵਾਰੀ ਆਪ ਦੀ ਹੋਵੇਗੀ ਤੇ ਅਸੀਂ ਮਜ਼ਾਰਿਆਂ ਨਾਲ ਹੋਵਾਂਗੇ ।

ਵਿਕਾਸ ਮੰਤਰੀ : (ਸਰਦਾਰ ਪਰਤਾਪ ਸਿੰਘ ਕੈਰੋਂ) : ਸਪੀਕਰ ਸਾਹਿਬ, ਮੈਂ ਇਸ ਬਿਲ ਨੂੰ oppose ਕਰਦਾ ਹਾਂ । ਪਹਿਲੇ ਬਿਲ ਦੀ ਹਾਲੇ ਵਰਤੋਂ ਪੂਰੀ ਝਰਾਂ ਨਹੀਂ ਹੋਈ ਤੇ ਇਹ ਬਿਲ ਲੇ ਆਂਦਾ ਗਿਆ ਹੈ । ਪਿਛਲਾ ਬਿਲ ਜਦੋਂ ਪਾਸ ਹੋਇਆ ਤਾਂ ਮੇਰੇ ਦੋਸਤ ਪਿੰਡਾਂ ਵਿਚ ਜਾ ਕੇ ਕਹਿੰਦੇ ਸਨ ਕਿ ਇਹ ਬਿਲ ਤਾਂ ਅਸੀਂ ਪਾਸ ਕਰਾਇਆ ਹੈ । ਅੱਜ ਉਸ ਵਿਚ ਖਾਮੀਆਂ ਨਜ਼ਰ ਆਉਣ ਲਗ ਪਈਆਂ ਹਨ । ਚਲੋ ਇਤਨਾ ਹੀ ਸ਼ੁਕਰ ਹੈ ਕਿ ਇਨ੍ਹਾਂ ਨੂੰ ਕਮੀਆ ਤਾਂ ਦਿਖਾਈ ਦਿੰਦੀਆਂ ਹਨ । ਇਹ ਜੋ ਤਰਮੀਮ ਹੁਣ ਤਜਵੀਜ਼ ਕੀਤੀ ਗਈ ਹੈ ਇਸ ਵਿਚ ਮੇਰੇ ਦੋਸਤਾਂ ਨੇ ਕਿਸੇ ਦੀ ਸਲਾਹ ਨਹੀਂ ਲਈ ।

ਜੇ ਕਰ ਤੁਸੀਂ self cultivation ਦੀ definition ਬਦਲਦੇ ਹੋ ਤਾਂ ਮੈਂ, ਸਪੀਕਰ ਸਾਹਿਬ, ਅਰਜ਼ ਕਰਨਾ ਚਾਹੁੰਦਾਂ ਕਿ ਜਦ ਇਹ ਬਿਲ ਪਾਸ ਕੀਤਾ ਗਿਆ ਸੀ ਤਾਂ ਇਸ definition ਨੂੰ ਮੈਂ ਜ਼ਰਾ ਵਧਾ ਕੇ ਦਸਿਆ ਸੀ । ਆਪ ਅਸਲ ਬਿਲ ਨੂੰ ਪੜ੍ਹੋ । ਇਸ ਨੂੰ section 10 ਨਾਲ ਜੋੜ ਕੇ ਪੜ੍ਹੋ ਤਾਂ ਤੁਹਾਨੂੰ ਪ੍ਰਤੀਤ ਹੋਵੇਗਾ ਕਿ self cultivation ਦੀ definition ਕੀ ਹੈ ? ਜੇਕਰ ਇਸ ਨੂੰ ਬਦਲ ਦੇਈਏ ਤਾਂ 1947 ਤੋਂ ਬਾਦ ਬੇਦਖਲ ਕੀਤੇ ਗਏ ਮੁਜ਼ਾਰੇ ਮੁੜ ਬਹਾਲ ਨਹੀਂ ਕੀਤੇ ਜਾ ਸਕਦੇ । ਤੁਸੀਂ ਇਸ definition ਨੂੰ ਛੋਟਾ ਕਰੋਗੇ ਤਾਂ ਮੁਜ਼ਾਰਿਆਂ ਲਈ ਮੁਸ਼ਕਲ ਆਵੇਗੀ । ਇਸ ਨੂੰ section 10 ਨਾਲ ਜੋੜ ਕੇ ਪੜ੍ਹੋ । 4-5 ਲਾਈਨਾਂ ਨਾਲ ਜੋੜਕੇ ਪੜ੍ਹੋ ਜੇਕਰ ਫਿਰ ਵੀ ਯਕੀਨ ਨਾ ਆਵੇ ਤਾਂ ਕਿਸੇ ਸਿਆਣੇ ਵਕੀਲ ਨੂੰ ਦਸ ਦੇਵੋ । ਉਸ ਪਾਸੋਂ ਸਲਾਹ ਲੇ ਲਵੋ । ਇਸ definition ਨੂੰ ਛੋਟਾ ਕਰਨ ਨਾਲ ਤਾਂ ਜੋ ਕੁਝ ਮੁਜ਼ਾਰਿਆਂ ਲਈ ਕੀਤਾ ਗਿਆ ਹੈ, ਉਸ ਤੇ ਪਾਣੀ ਫਿਰ ਜਾਵੇਗਾ ।

ਫਿਰ ਤੁਸੀਂ ਕਹਿੰਦੇ ਹੋ ਕਿ 20 ਏਕੜ ਜ਼ਮੀਨ ਚਾਹੀਦੀ ਹੈ, 30 ਏਕੜ ਨਾ ਹੋਵੇ । ਪਰ ਇਹ ਤਰਮੀਮ ਠੀਕ ਨਹੀਂ । ਕਿਤੇ ਤਾਂ ਇਹ ਸੱਜਨ ਉਠ ਕੇ criticise ਕਰਦੇ ਹਨ ਕਿ

ਐਨੇ ਮੁਜ਼ਾਰੇ ਬੇਦਖਲ ਹੋਏ ਹਨ । ਸਰਕਾਰ ਦੀ ਕੋਈ ਪਕੀ ਪਾਲਸੀ ਨਹੀਂ। ਕਦੀ ਇਹ 100 ਏਕੜ ਕਦੀ 200 ਏਕੜ ਅਤੇ ਕਦੀ 50 ਏਕੜ ਦੀ ਹਦ ਰਖਦੀ ਹੈ। ਅਤੇ ਇਸ ਤਰ੍ਹਾਂ ਕਈ ਮੁਜ਼ਾਰਿਆਂ ਨੂੰ ਸਰਕਾਰ ਨੇ ਬੇਦਖਲ ਕੀਤਾ। ਸਰਕਾਰ ਦੀ ਇਕ ਪਾਲਸੀ ਨਹੀਂ। ਲੋਕਾਂ ਨੂੰ ਸਰਕਾਰ ਦੀ ਪਾਲਸੀ ਤੇ ਯਕੀਨ ਨਹੀਂ ਬਝਦਾ। ਅਤੇ ਹੁਣ ਉਹੋ ਸੱਜਨ ਉਠ ਕੇ ਕਹਿੰਦੇ ਹਨ ਕਿ 30 ਸਟੈਂਡਰਡ ਏਕੜ ਦੀ ਥਾਂ 20 ਸਟੈਂਡਰਡ ਏਕੜ ਹਦ ਕਰ ਦੇਵੋ। ਕੀ ਇਸ ਤਰਾਂ ਲੋਕਾਂ ਦਾ ਯਕੀਨ ਸਰਕਾਰ ਤੇ ਪੱਕਾ ਹੋ ਜਾਏਗਾ ? ਇਸ ਤਰ੍ਹਾਂ ਤਾਂ ਲੋਕਾਂ ਦੇ ਮਨਾਂ ਵਿਚ ਸ਼ਕ ਹੋਰ ਵੀ ਵਧ ਜਾਵੇਗਾ ਕਿ ਸਰਕਾਰ ਦੀ ਪਾਲਸੀ ਇਕ ਨਹੀਂ। ਮੈਂ ਹੈਰਾਨ ਹਾਂ ਕਿ ਮੇਰੇ ਮਾਨਯੋਗ ਮਿਤਰ ਜਿਨ੍ਹਾਂ ਨੇ ਇਸ ਬਿਲ ਨੂੰ ਪੇਸ਼ ਕਰਨ ਦੀ ਆਗਿਆ ਮੰਗੀ ਹੈ, ਇਕ ਵੇਲੇ ਕੁਝ ਦਲੀਲ ਦਿੰਦੇ ਹਨ ਅਤੇ ਦੂਜੇ ਵੇਲੇ ਆਪਣੀਆਂ ਦਿਤੀਆਂ ਹੋਈਆਂ ਦਲੀਲਾਂ ਦਾ ਹੀ ਖੰਡਨ ਕਰਦੇ ਹਨ। ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਦ ਸਟੈਂਡਰਡ ਏਕੜਾਂ ਵਿਚ ਇਨ੍ਹਾਂ ਵਲੋਂ ਤਰਮੀਮ ਪੇਸ਼ ਕੀਤੀ ਗਈ ਸੀ ਕਿ ੩੦ ਏਕੜ ਦੀ ਹਦ ਨੂੰ ਘੱਟਾ ਦਿਤਾ ਜਾਵੇ ਤਾਂ ਪੂਰੀ ਤਰ੍ਹਾਂ ਸੋਚ ਸਮਝ ਕੇ ਅਤੇ ਠੋਕ ਵਜਾ ਕੇ ਇਨ੍ਹਾਂ ਦੀ ਤਰਮੀਮ ਰਦ ਕੀਤੀ ਗਈ ਸੀ। ਮੈਂ ਕਹਿੰਦਾ ਹਾਂ ਕਿ ਇਸ ਨੂੰ ਮੁੜ ਕੇ ਲਿਆਣ ਵਿਚ ਪਤਾ ਨਹੀਂ ਕੀ ਸਿਆਣਪ ਹੈ ? ਇਸ ਤਰਮੀਮ ਨੂੰ ਮੁੜ ਲਿਆਉਣ ਦੀ ਲੋੜ ਨਹੀਂ।

ਫਿਰ ਸਪੀਕਰ ਸਾਹਿਬ ਮੁਜ਼ਾਰਿਆਂ ਦਾ ਮਸਲਾ ਹੈ। ਮੁਜ਼ਾਰੇ ਅਸਾਡੀ ਜਿੰਦ ਜਾਨ ਹਨ। ਉਨ੍ਹਾਂ ਦੀ ਜਾਨ ਪੰਜਾਬ ਨਾਲ ਵਾਬਸਤਾ ਹੈ। ਤਾਂ ਫਿਰ ਕੀ ਉਨ੍ਹਾਂ ਦੇ ਹਲ ਉਹ ਨੇ ਜੋ ਮੇਰੇ ਸਾਹਮਣੇ ਬੈਠੇ ਸਜਨਾਂ ਵਲੋਂ ਆਪਣੇ ਵਖਿਆਨਾਂ ਵਿਚ ਦਸੇ ਗਏ ਹਨ। ਇਨ੍ਹਾਂ ਜੋ ਤਕਰੀਰਾਂ ਇਸ ਸਭਾ ਵਿਚ ਅਤੇ ਬਾਹਰ ਕੀਤੀਆਂ ਹਨ, ਲੈਕਚਰ ਕੀਤੇ ਹਨ, ਉਨ੍ਹਾਂ ਵਿਚ ਕਿਹਾ ਹੈ ਕਿ ਇਕ ਲੱਖ ਮੁਜ਼ਾਰਿਆਂ ਨੂੰ ਬੇਦਖਲ ਕੀਤਾ ਜਾ ਰਿਹਾ ਹੈ, ਕਢਿਆ ਜਾ ਰਿਹਾ ਹੈ। ਮੈਂ ਇਹ ਸਮਝਦਾ ਹਾਂ ਕਿ ਇਸ ਨਾਲੋਂ ਗਲਤ ਗਲ ਹੋਰ ਕੋਈ ਨਹੀਂ ਹੋ ਸਕਦੀ। ਇਹ ਅਪਣੇ ਲੈਕਚਰਾਂ ਅਤੇ ਵਖਿਆਨਾਂ ਵਿਚ ਲੋਕਾਂ ਨੂੰ ਗੁਮਰਾਹ ਕਰਦੇ ਹਨ ਅਤੇ ਸਰਕਾਰ ਦੇ ਖਿਲਾਫ ਭੜਕਾਂਦੇ ਫਿਰਦੇ ਹਨ। ਮੁਜ਼ਾਰਿਆਂ ਬਾਰੇ ਸਰਕਾਰੀ ਅੰਕੜੇ ਮੌਜੂਦ ਹਨ ਕਿ ਕਿੰਨੇ ਨੋਟਿਸ ਮਾਲਕਾਂ ਵਲੋਂ ਦਿਤੇ ਗਏ ਹਨ। ਇਨ੍ਹਾਂ ਅੰਕੜਿਆਂ ਦੇ ਹੁੰਦੇ ਵੀ ਜੇਕਰ ਇਹ ਲੋਕਾਂ ਨੂੰ ਗੁਮਰਾਹ ਕਰੀ ਜਾਣ ਤਾਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਕਹਿਣ ਦਾ ਕੋਈ ਅਸਰ ਨਹੀਂ ਹੋਵੇਗਾ। ਮੈਂ ਇਨ੍ਹਾਂ ਅੰਕੜਿਆਂ ਨੂੰ ਘਟਾਂਦਾ ਨਹੀਂ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਸਪੀਕਰ ਸਾਹਿਬ, ਕਿ 65 ਹਜ਼ਾਰ ਮੁਜ਼ਾਰਿਆਂ ਨੂੰ ਬੇਦਖਲੀ ਦੇ ਨੋਟਿਸ ਮਿਲੇ ਹਨ। ਪਰ ਇਸ ਦਾ ਇਹ ਭਾਵ ਨਹੀਂ ਕਿ ਸਾਰੇ ਦੇ ਸਾਰੇ ਹੀ ਮੁਜ਼ਾਰੇ ਬੇਦਖਲ ਹੋ ਜਾਣਗੇ। ਇਨ੍ਹਾਂ ਵਿਚੋਂ ਅਜੇ ਤਕ 9,000 ਬੇਦਖਲੀ ਦੇ ਨੋਟਿਸਾਂ ਨੂੰ contest ਕੀਤਾ ਗਿਆ ਹੈ। ਜੇਕਰ ਇਸ ਤਰ੍ਹਾਂ ਬੇਦਖਲੀਆਂ ਦੇ ਨੋਟਿਸ contest ਹੋ ਸਕਦੇ ਹਨ ਤਾਂ ਇਨ੍ਹਾਂ ਦਾ ਇਹ ਕਹਿਣਾ ਕਿ ਮੁਜ਼ਾਰੇ ਸਾਰੇ ਦੇ ਸਾਰੇ ਨਿਕਲ ਜਾਣਗੇ ਬਿਲਕੁਲ ਗਲਤ ਪ੍ਰਤੀਤ ਹੁੰਦਾ ਹੈ। ਹੋ ਸਕਦਾ ਹੈ ਕਿ ਕੁਝ ਆਦਮੀ ਅਜਿਹੇ ਹੋਣ ਜੋ ਮੁਭਾਵਕ ਤੌਰ ਤੇ contest ਕਰਨਾ ਛਡ ਦੇਣ ਪਰ ਸਾਰੇ ਹੀ ਮੁਜ਼ਾਰੇ ਬੇਦਖਲ ਕਰ ਦਿਤੇ ਜਾਣਗੇ ਜਾਂ ਨਿਕਲ ਜਾਣਗੇ, ਕਿਸੇ ਤਰ੍ਹਾਂ ਵੀ ਠੀਕ ਨਹੀਂ।

ਮਿਸਾਲ ਦੇ ਤੌਰ ਤੇ ਅੰਮ੍ਰਿਤਸਰ ਜ਼ਿਲੇ ਨੂੰ ਲਵੋ। ਇਸ ਜ਼ਿਲੇ ਵਿਚ 1,500 ਨੋਟਿਸ ਮਿਲੇ ਹਨ। ਤਾਂ ਕੀ ਇਹ ਮਨਿਆ ਜਾਵੇ ਕਿ ਇਥੇ ਹਾਲਾਤ acute ਹੋ ਗਏ ਹਨ,

[ਵਿਕਾਸ ਮੰਤਰੀ]

ਅਤੇ ਸਾਰੇ ਮੁਜ਼ਾਰੇ ਬੇਦਖਲ ਕੀਤੇ ਜਾਣਗੇ ? ਇਸੇ ਤਰ੍ਹਾਂ ਗੁੜਗਾਵਾਂ ਵਿਚ ਵੀ ਕੋਈ 500 ਨੋਟਿਸ ਦਿਤੇ ਗਏ ਹਨ ਅਤੇ ਇਨ੍ਹਾਂ ਵਿਚੋਂ ਵੀ ਕਈ contest ਹੋ ਰਹੇ ਹਨ । ਪਰ ਇਸ ਤਰ੍ਹਾਂ ਇਹ ਕਹਿਣਾ ਕਿ ਮੁਜ਼ਾਰੇ ਬੇਦਖਲ ਹੋ ਰਹੇ ਹਨ ਅਤੇ ਗੁੜਗਾਵਾਂ ਅਤੇ ਬਾਕੀ ਜ਼ਿਲਿਆਂ ਦੀ problem acute ਹੋ ਗਈ ਹੈ ਲੋਕਾਂ ਨੂੰ ਗੁਮਰਾਹ ਕਰਨਾ ਹੈ । ਜੇਕਰ ਇਹ ਸਜਨ ਸਾਰੀ ਗਿਣਤੀ ਪਾ ਕੇ ਜਿਨੇ ਕੇ ਨੋਟਿਸ ਦਿਤੇ ਗਏ ਹਨ, ਕਹਿਣ ਕਿ 65,000 ਮੁਜ਼ਾਰੇ ਨਿਕਲ ਜਾਣਗੇ ਤਾਂ ਇਹ ਲੋਕਾਂ ਨੂੰ ਗੁਮਰਾਹ ਕਰਨਾ ਨਹੀਂ ਤਾਂ ਹੋਰ ਕੀ ਹੈ ? ਅਸੀਂ ਲੋਕਾਂ ਦੇ ਚੁਕੇ ਹੋਏ ਹਾਂ। ਮੁਜ਼ਾਰੇ ਅਸਾਡੀ ਜਿੰਦ ਜਾਨ ਹਨ । ਅਸੀਂ ਉਨ੍ਹਾਂ ਲਈ ਸਭ ਕੁਝ ਕਰਨ ਨੂੰ ਤਿਆਰ ਹਾਂ । ਪਰ ਇਹ ਮੈਂ ਜ਼ੋਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਤਰ੍ਹਾਂ ਦੇ ਲੈਕਚਰ ਅਤੇ ਤਕਰੀਰਾਂ ਕਰਕੇ ਅਤੇ ਗ਼ਲਤ ਬਿਆਨੀ ਕਰਕੇ ਉਨ੍ਹਾਂ ਨੂੰ ਗੁਮਰਾਹ ਨਹੀਂ ਕਰ ਸਕਦੇ, ਗਲਤ ਰਸਤੇ ਨਹੀਂ ਪਾ ਸਕਦੇ ।

ਸਰਦਾਰ ਹਰਕਿਸ਼ਨ ਸਿੰਘ ਸੁਰਜੀਤ : On a point of order, Sir. ਮਨਿਸਟਰ ਸਾਹਿਬ ਲਫ਼ਜ਼ 'ਗ਼ਲਤ ਬਿਆਨੀ' ਵਰਤਦੇ ਹਨ। ਪਰ ਅਸਾਡੇ ਪਾਸ ਤਾਰਾਂ ਹਨ, ਚਿੱਠੀਆਂ ਹਨ ਅਤੇ ਸਬੂਤ ਮੌਜੂਦ ਹਨ ਕਿ ਮੁਜ਼ਾਰਿਆਂ ਦੀ ਹਾਲਤ ਕੀ ਹੈ ? ਇਹ ਗਲਤ ਬਿਆਨੀ ਨਹੀਂ ।

Mr. Speaker: This is no point of order.

ਵਿਕਾਸ ਮੰਤਰੀ : ਇਹ ਕਹਿੰਦੇ ਹਨ ਗਲਤ ਬਿਆਨੀ ਨਹੀਂ । ਜੇਕਰ ਇਨ੍ਹਾਂ ਪਾਸ ਤਾਰਾਂ ਹਨ ਅਤੇ ਤਾਰਾਂ ਦੀ ਗਿਣਤੀ ਤੇ ਹੀ ਇਸ ਦਾ ਫੈਸਲਾ ਹੋਣਾ ਹੈ ਤਾਂ ਮੇਰੇ ਪਾਸ ਵੀ ਤਾਰਾਂ ਮੌਜੂਦ ਹਨ । ਕਈ ਮੈਮੋਰੰਡਮ ਅਤੇ ਚਿਠੀਆਂ ਹਨ ਜਿਨ੍ਹਾਂ ਰਾਹੀਂ ਇਨ੍ਹਾਂ ਦੇ ਬਿਆਨ ਗਲਤ ਸਾਬਤ ਹੁੰਦੇ ਹਨ ਅਤੇ ਜਿਨ੍ਹਾਂ ਰਾਹੀਂ ਮੰਗ ਕੀਤੀ ਗਈ ਹੈ ਕਿ ਕਾਨੂੰਨ ਨੂੰ ਨਾ ਬਦਲਿਆ ਜਾਵੇ ।

ਪੰਜਾਬ ਸਰਕਾਰ ਇਨ੍ਹਾਂ ਚਾਲਾਂ ਨੂੰ ਸਮਝਦੀ ਹੈ ਕਿ ਤਾਰਾਂ ਮੰਗਵਾ ਕੇ ਚਿੱਠੀਆਂ ਇਕਠੀਆਂ ਕਰਕੇ ਤੁਸੀਂ ਛੋਟੇ ਛੋਟੇ ਮਾਲਕਾਂ ਵਿਚ ਰੌਲਾ ਪਵਾਣਾ ਚਾਹੁੰਦੇ ਹੋ । ਇਸੇ ਲਈ ਛੋਟੇ ਛੋਟੇ ਮਾਲਕਾਂ ਤੋਂ ਤਾਰਾਂ ਇਕਠੀਆਂ ਕਰਵਾ ਲਈਆਂ ਹਨ ।

ਸਪੀਕਰ ਸਾਹਿਬ ਅਸੀਂ ਸਭ ਹਾਲਾਤ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ ਅਤੇ ਇਸ ਗੱਲ ਤੋਂ ਅਵੇਸਲੇ ਨਹੀਂ ਕਿ ਇਹ ਕਿਸ ਤਰ੍ਹਾਂ ਜਗੀਰਦਾਰਾਂ ਦੀ ਏਜੰਟੀ ਕਰ ਰਹੇ ਹਨ । ਜਗੀਰਦਾਰਾਂ ਦੀ ਏਜੰਟੀ ਕਈ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ । ਉਨ੍ਹਾਂ ਤਰੀਕਿਆਂ ਵਿਚੋਂ ਇਕ ਇਹ ਤਰੀਕਾ ਵੀ ਹੈ ਕਿ ਮੁਜ਼ਾਰਿਆਂ ਨੂੰ ਆਪਸ ਵਿਚ ਲੜਾਇਆ ਜਾਵੇ । ਪਰ ਤੁਸੀਂ ਇਸ ਤਰ੍ਹਾਂ ਕਦੀ ਨਹੀਂ ਕਰ ਸਕਦੇ । ਅਸੀਂ ਵੀ ਮੁਜ਼ਾਰੇ ਹਾਂ । ਅਸੀਂ ਆਪ ਮੁਜ਼ਾਰਿਆਂ ਵਿਚ ਖਲੋਵਾਂਗੇ ਅਤੇ ਵੇਖਾਂਗੇ ਕਿ ਤੁਸੀਂ ਕਿਸ ਤਰ੍ਹਾਂ ਪੰਜਾਬ ਦੇ Law and Order ਨੂੰ ਖਰਾਬ ਕਰਦੇ ਹੋ । (ਤਾਲੀਆਂ)

ਇਸ ਤਰ੍ਹਾਂ ਮੁਜ਼ਾਰਿਆਂ ਨੂੰ ਹਕੂਮਤ ਵਿਰੁਧ ਭੜਕਾਣਾ ਹਕੂਮਤ ਦੀਆਂ ਅਮਨ ਸੰਬੰਧੀ ਕੋਸ਼ਿਸ਼ਾਂ ਨੂੰ sabotage ਕਰਨਾ ਹੈ । ਤੁਸੀਂ ਕਈ ਤਰੀਕਿਆਂ ਨਾਲ sabotage ਕਰ ਰਹੇ

ਹੋ । ਮੁਜ਼ਾਰਿਆ ਨੂੰ ਕਹਿੰਦੇ ਹੋ ਕਿ ਤੁਹਾਨੂੰ ਜਿਨ੍ਹਾਂ ਨੂੰ ਨੋਟਿਸ ਦਿਤੇ ਗਏ ਹਨ, ਬੇਦਖਲ ਕੀਤਾ ਜਾਵੇਗਾ । ਤੁਸੀਂ ਲੈਕਚਰ ਕੀਤੇ ਹਨ ਅਤੇ ਕੋਸ਼ਿਸ਼ ਕਰ ਰਹੇ ਹੋ ਕਿ ਛੋਟੇ ਛੋਟੇ ਮਾਲਕਾਂ ਅਤੇ ਮੁਜ਼ਾਰਿਆਂ ਨੂੰ ਨਖੇੜਿਆ ਜਾਵੇ। ਛੋਟੇ ਛੋਟੇ ਮਾਲਕ ਪੰਜਾਬ ਦੀ ਜਿੰਦ ਜਾਨ ਹਨ । ਤੁਸੀਂ ਉਨ੍ਹਾਂ ਦੇ ਮਨ ਵਿਚ ਭੈ ਨਹੀਂ ਪਾ ਸਕਦੇ । ਤੁਸੀਂ ਤੇ ਤੁਹਾਡੇ ਸਾਥੀ ਮੁਜ਼ਾਰਿਆਂ ਨੂੰ ਕਹਿੰਦੇ ਫਿਰਦੇ ਹਨ ਕਿ ਤਕੜੇ ਰਹੋ, ਨਿਕਲਣਾ ਨਾ ਅਤੇ ਜੇਕਰ ਇਕ ਸਾਲ ਤੁਸੀਂ ਨਾ ਨਿਕਲੇ ਅਤੇ ਇਸੇ ਤਰ੍ਹਾਂ ਗੁਜ਼ਾਰ ਦਿਤਾ ਤਾਂ ਕੋਈ ਵੀ ਤੁਹਾਨੂੰ ਬੇਦਖਲ ਕਰਨ ਵਾਲਾ ਨਹੀਂ ਜੰਮਿਆ । ਤੁਸੀਂ ਛੋਟੇ ਮਾਲਕਾਂ ਵਿਚ ਘਬਰਾਹਟ ਵੇਖਣਾ ਚਾਹੁੰਦੇ ਹੋ । ਤੁਹਾਡੇ ਲੈਕਚਰਾਂ ਅਤੇ ਤਕਰੀਰਾਂ ਦੀ ਮਿਹਰਬਾਨੀ ਹੈ ਕਿ ਸੋ ਸੋ, ਦੋ ਸੌ ਤੋਂ 30 ਏਕੜ ਹਦ ਨੀਅਤ ਕਰਨੀ ਪਈ । ਤੁਹਾਡੇ ਲੈਕਚਰਾਂ ਦਾ ਹੀ ਇਹ ਸਾਰਾ ਨਤੀਜਾ ਹੈ ।

ਸਪੀਕਰ ਸਾਹਿਬ, ਮੈਂ ਇਥੇ ਦਸ ਦੇਵਾਂ ਕਿ ਅਜ ਤੋਂ ਪਹਿਲਾਂ ਹਰ ਸਾਲ ਕੋਈ ਸਤਾਰਾਂ ਹਜ਼ਾਰ ਮੁਜ਼ਾਰਿਆਂ ਨੂੰ ਬੇਦਖਲੀ ਦੇ ਨੋਟਿਸ ਮਿਲਦੇ ਸਨ । ਤਕਰੀਬਨ ਤਿੰਨ ਸਾਲ ਤੋਂ ਨੋਟਿਸ ਨਹੀਂ ਮਿਲੇ । ਕਿਉਂਜੋ ਪਾਕਿਸਤਾਨ ਤੋਂ ਮੁਜ਼ਾਰੇ ਜੋ ਆਏ ਸਨ ਉਨ੍ਹਾਂ ਕਰਕੇ ਬੇਦਖਲੀਆਂ ਤਿੰਨ ਸਾਲ ਬੰਦ ਰਹੀਆਂ ਅਤੇ ਹੁਣ ਜੇਕਰ ੫੧ ਹਜ਼ਾਰ ਬੇਦਖਲੀਆਂ ਦੇ ਨੋਟਿਸ ਆ ਜਾਣ ਤਾਂ ਕੋਈ abnormal ਹਾਲਾਤ ਨਹੀਂ ਹੋ ਜਾਂਦੇ । ਨੋਟਿਸਾਂ ਨਾਲ ਤਾਂ ਸਾਰੇ ਮੁਜ਼ਾਰੇ ਬੇਦਖਲ ਨਹੀਂ ਹੋ ਜਾਂਦੇ ।

ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਤੁਸੀਂ ਤੇ ਤੁਹਾਡੀ ਪਾਰਟੀ ਇਕਤਿਦਾਰ ਹਾਸਲ ਕਰਨਾ ਚਾਹੁੰਦੀ ਹੈ । ਤੁਸੀਂ ਤਕਰੀਰਾਂ ਕਰਦੇ ਹੋ, ਤੁਹਾਡੇ ਆਦਮੀ ਤਕਰੀਰਾਂ ਕਰਦੇ ਹਨ— ਮੁਲਕ ਦੀ ਭਲਾਈ ਲਈ ਨਹੀਂ ਸਗੋਂ ਆਪਣੀ ਪਾਰਟੀ ਦੇ ਸਿਆਸੀ ਮਕਸਦਾਂ ਦੀ ਪ੍ਰਾਪਤੀ ਲਈ । ਪਰ ਇਨ੍ਹਾਂ ਤਕਰੀਰਾਂ ਨਾਲ ਕੁਝ ਹਾਸਿਲ ਨਹੀਂ ਹੋਣਾ । ਪੰਜਾਬ ਦਾ ਮੁਜ਼ਾਰਾ ਅਤੇ ਛੋਟਾ ਮਾਲਕ ਇਕਠਾ ਹੈ । ਤੁਸੀਂ ਇਨ੍ਹਾਂ ਨੂੰ ਨਿਖੇੜ ਨਹੀਂ ਸਕਦੇ। ਤੁਸੀਂ ਜੇਕਰ ਇਕ ਨੂੰ ਨਿਖੇੜੋਗੇ ਤਾਂ ਦੂਜਾ ਬਲਵਾਨ ਹੋ ਜਾਵੇਗਾ। ਇਹ ਤਾਂ ਇਕ ਤੋਂ ਇਕ ਬਲਵਾਨ ਹਨ । ਛੋਟੇ ਛੋਟੇ ਮਾਲਕ ਨਾਲੇ ਮੁਜ਼ਾਰੇ ਨੇ, ਨਾਲੇ ਮਾਲਕ ਨੇ । ਤੁਸੀਂ ਇਨ੍ਹਾਂ ਨੂੰ ਕਿਵੇਂ ਨਿਖੇੜ ਸਕਦੇ ਹੋ ? ਤੁਸੀਂ ਇਨ੍ਹਾਂ ਨੂੰ ਨਿਖੇੜ ਕੇ ਅੱਗ ਨਾਲ ਖੇਡ ਰਹੇ ਹੋ ?

ਮਿਸਾਲ ਵਜੋਂ ਇਕ ਭਰਾ ਦੀ 5 ਏਕੜ ਜ਼ਮੀਨ ਹੈ । ਜੇਕਰ ਉਹ ਕਿਤੇ ਨੌਕਰੀ ਕਰ ਲੈਂਦਾ ਹੈ ਤਾਂ ਆਪਣੀ ਜ਼ਮੀਨ ਛੋਟੇ ਭਰਾ ਨੂੰ ਦੇ ਜਾਂਦਾ ਹੈ । ਛੋਟੇ ਭਰਾ ਦੀ ਆਪਣੀ ਵੀ 5 ਏਕੜ ਜ਼ਮੀਨ ਹੈ ਅਤੇ ਇਸੇ ਤਰ੍ਹਾਂ ਟਬਰ ਵਿਚ ਕੋਈ ਬੇਵਾ ਰਹਿ ਜਾਵੇ ਤਾਂ ਉਸਦੀ ਵੀ 5 ਏਕੜ ਜ਼ਮੀਨ ਲੈ ਲੈਂਦਾ ਹੈ । ਇਸ ਤਰ੍ਹਾਂ ਤੁਸੀਂ ਪੰਜ ਪੰਜ ਏਕੜ ਵਾਲਿਆਂ ਨੂੰ ਨਹੀਂ ਨਿਖੇੜ ਸਕਦੇ । ਤੁਸੀਂ ਜਾਣਦੇ ਨਹੀਂ ਕਿ ਇਕ ਇਕ ਗਿਠ ਭਰ ਥਾਂ ਲਈ ਢਿਡ ਵਿਚ ਬਰਛੀ ਮਾਰਕੇ ਪੈਲੀ ਦੇ ਬੰਨੇ ਅਤੇ ਵੱਟ ਖਾਲੀ ਕਰਾਂਦੇ ਹਨ । ਤੁਸੀਂ ਆਪਣੀਆਂ ਤਕਰੀਰਾਂ ਨਾਲ ਉਨ੍ਹਾਂ ਨੂੰ ਤਬਾਹ ਕਰਨਾ ਚਾਹੁੰਦੇ ਹੋ । ਤੁਹਾਨੂੰ ਇਹ ਭੁਲਣਾ ਨਹੀਂ ਚਾਹੀਦਾ ਕਿ ਤੁਸੀਂ Law and Order ਨੂੰ ਖਰਾਬ ਨਹੀਂ ਕਰ ਸਕਦੇ । ਮੁਜ਼ਾਰੇ ਸਾਡੀ ਜਿੰਦ ਜਾਨ ਹਨ । ਅਸੀਂ ਉਨ੍ਹਾਂ ਵਿਚ ਖਲੋਵਾਂਗੇ ਅਤੇ ਵੇਖਾਂਗੇ ਕਿ ਤੁਸੀਂ ਕਿਵੇਂ ਉਨ੍ਹਾਂ ਨੂੰ ਤਬਾਹ ਕਰਨ ਦੀਆਂ ਸੋਚਦੇ ਹੋ

(*Hear, hear*)

ਫਿਰ ਤੁਸੀਂ ਕਹਿੰਦੇ ਹੋ ਕਿ ਬਟਾਈ ਨਾ ਦੇਵੋ । ਬਟਾਈ ਨਾ ਦੇਣ ਨਾਲ ਬੇਦਖਲੀ ਨਹੀਂ ਹੋਣੀ ਚਾਹੀਦੀ । ਤਿੰਨ ਸਾਲ ਤੋਂ ਤੁਸੀਂ ਇਨ੍ਹਾਂ ਨੂੰ ਭੜਕਾਂਦੇ ਰਹੇ ਹੋ ਕਿ ਬਟਾਈ ਨਾ ਦੇਵੋ

[ਵਿਕਾਸ ਮੰਤਰੀ]

ਤਾਂ ਜੋ ਸਰਕਾਰ ਨੂੰ ਇਕ ਪੈਸਾ ਵੀ ਆਮਦਨ ਨਾ ਹੋਵੇ । ਇਸ ਤੋਂ ਸਾਫ ਪਤਾ ਲਗਦਾ ਹੈ ਕਿ ਤੁਹਾਡੇ ਅੰਦਰ ਸਾਫ਼ਗੋਈ ਨਹੀਂ । ਮੈਨੂੰ ਮੇਰੇ ਭਰਾ ਮੁਆਫ ਕਰਨਗੇ ਜੇਕਰ ਮੈਂ ਕਹਾਂ ਕਿ ਤੁਸੀਂ ਚਾਹੁੰਦੇ ਹੋ ਕਿ ਕਬਜ਼ਾ ਛੁਡਾਨ ਲਈ ਕਤਲ ਹੋਣ । Law and Order ਖਰਾਬ ਹੋਵੇ । ਜੇਕਰ ਇਸ ਦੀ background ਵੇਖੀਏ ਤਾਂ ਸਾਫ ਪਤਾ ਲਗਦਾ ਹੈ ਕਿ ਤੁਸੀਂ ਕੀ ਚਾਹੁੰਦੇ ਹੋ । ਤੁਸੀਂ, ਬਾਰਾਂ, ਬਾਰਾਂ, ਤੇਰਾਂ, ਤੇਰਾਂ ਏਕੜ ਤੇ ਵੀਹ ਵੀਹ ਏਕੜ ਜ਼ਮੀਨ ਦੇ ਮਾਲਕਾਂ ਨੂੰ ਜਾਗੀਰਦਾਰ ਦਸਦੇ ਹੋ । ਜਦੋਂ ਅਸਲ ਬਿਲ ਪੇਸ਼ ਸੀ ਤਾਂ ਤੁਸੀਂ ਮਾਲਕਾਂ ਨੂੰ ਕਹਿੰਦੇ ਫਿਰਦੇ ਸੋ ਕਿ ਸਰਕਾਰ ਉਨ੍ਹਾਂ ਨੂੰ ਕਤਲ ਕਰ ਦੇਵੇਗੀ । ਹੁਣ ਤੁਸੀਂ ਉਨ੍ਹਾਂ ਆਪਣੀਆਂ ਕਹੀਆਂ ਗਲਾਂ ਨੂੰ ਭੁਲ ਗਏ ਹੋ, ਅਤੇ ਹੁਣ ਜਾਗੀਰਦਾਰੀ ਦੀ ਹਾਮੀ ਭਰੀ ਜਾ ਰਹੀ ਹੈ ?

ਮੈਂ ਕਹਿੰਦਾ ਹਾਂ, ਸਪੀਕਰ ਸਾਹਿਬ, ਕਿ ਇਹ ਜਗੀਰਦਾਰੀ ਦਾ ਅਰਥ ਨਹੀਂ ਜਾਣਦੇ। ਜਿਸ ਕਿਸੇ ਦੇ ਕੋਲ ੩੦ ਏਕੜ ਜ਼ਮੀਨ ਹੋਵੇ ਉਸਦੀ 20 ਏਕੜ ਕਰ ਦਿਓ । ਇਹੀ ਹੈ ਨਾ ਇਨ੍ਹਾਂ ਦਾ ਮੁਤਾਲਬਾ ? ਮੈਂ ਪੁਛਦਾ ਹਾਂ ਕਿ ਕੀ ਇਹਦੇ ਨਾਲ ਉਹ ਇਨਕਲਾਬ ਆ ਜਾਵੇਗਾ ਜਿਹੜਾ ਤੁਸੀਂ ਲਿਆਉਣ ਦਾ ਦਾਵਾ ਕਰਦੇ ਹੋ ? ਜੇ ਅੱਜ ਇਹ ਕਰ ਦਿਤਾ ਜਾਵੇ ਤਾਂ ਕਲ ਨੂੰ ਕੋਈ ਆਖ ਦੇਵੇਂਗਾ ਕਿ 20 ਦੀ ਥਾਂ 19 ਕਰ ਦਿਉ ਅਤੇ ਇਕ ਭਾਈ ਆਖ ਦੇਵੇਗਾ ਮੈਨੂੰ ੧੫ ਏਕੜ ਕਰ ਦਿਉ ਤਾਕਿ ਇਨਕਲਾਬ ਆ ਜਾਵੇ (*laughter*) ।

ਨੋਟਿਸਾਂ ਦੀ ਬਾਬਤ ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਤਕ ਕੁਲ 64,000 ਨੋਟਿਸ ਆਏ ਜਿਨ੍ਹਾਂ ਵਿੱਚੋਂ 9,000 contest ਕੀਤੇ ਗਏ ਅਤੇ ਅਸਲ ਗੱਲ ਧਿਆਨ ਵਿਚ ਰੱਖਣ ਵਾਲੀ ਇਹ ਹੈ ਕਿ ਇਹੀ ਚਾਰ ਜ਼ਿਲਿਆਂ ਦਾ ਮਸਲਾ ਹੈ, ਫੀਰੋਜ਼ਪੁਰ, ਹਿਸਾਰ ਅੰਬਾਲਾ ਅਤੇ ਗੁਰਦਾਸਪੁਰ। ਅਸਾਂ ਇਨ੍ਹਾਂ ਚਾਰ ਜ਼ਿਲਿਆਂ ਦੀ ਇਸ problem ਨੂੰ ਨਜਿਠ ਸਕਦੇ ਹਾਂ । ਪਰ ਤੁਸੀਂ ਕੋਈ ਮਸਲਾ ਹਲ ਨਹੀਂ ਹੋਣ ਦੇਣਾ ਚਾਹੁੰਦੇ ਅਤੇ ਇਸ ਨੂੰ ਸਾਰੇ ਪੰਜਾਬ ਦੀ problem ਬਣਾ ਰਹੇ ਹੋ। ਇਕ ਛੋਟੀ ਗੱਲ ਨੂੰ ਛੇੜ ਕੇ ਬਾਤ ਦਾ ਬਤੰਗੜ ਬਣਾਇਆ ਜਾ ਰਿਹਾ ਹੈ ਅਤੇ ਜਿਸ ਮਕਸਦ ਨਾਲ ਇਹ ਕੀਤਾ ਜਾ ਰਿਹਾ ਹੈ ਉਹ ਸਭ ਨੂੰ ਮਲੂਮ ਹੈ ।

ਗਿਰਦਾਵਰੀਆਂ ਵਿਚ ਮੁਜ਼ਾਰਿਆਂ ਨੂੰ ਜੋ ਤਕਲੀਫਾਂ ਹਨ ਉਹ ਮੈਂ ਜਾਣਦਾ ਹਾਂ। ਇਹ ਹੋ ਸਕਦਾ ਹੈ ਕਿ ਕੁਝ ਆਦਮੀ ਕਿਸੇ class interest ਨੂੰ ਸਾਹਮਣੇ ਰਖ ਕੇ ਕੰਮ ਕਰਦੇ ਹੋਣ। ਇਨ੍ਹਾਂ ਮੁਆਮਲਿਆਂ ਵਾਸਤੇ ਅਸੀਂ conciliation tribunals ਬਨਾਉਣ ਦਾ ਖਿਆਲ ਵੀ ਕੀਤਾ ਸੀ ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਲੋਕ litigation ਵਿਚ ਫਸ ਜਾਣ । ਪਰ ਮੇਰੀ ਅਰਜ਼ ਇਹ ਹੈ ਕਿ ਗਿਰਦਾਵਰੀ ਦੇ ਝਗੜਿਆ ਤੇ ਅਸੀਂ ਇਸ ਰਿਵੀਉ ਤੋਂ ਬਾਦ ਵੀ ਸੋਚ ਸਕਦੇ ਹਾਂ। ਇਸ ਮੁਜ਼ਾਰਾ ਐਕਟ ਵਿਚ ਗਿਰਦਾਵਰੀ ਗ਼ਲਤ ਹੋਣ ਦਾ ਕੋਈ ਸਵਾਲ ਨਹੀਂ । ਇਹ ਮਾਮਲਾ ਇਨ੍ਹਾਂ ਨੇ ਉਲਝਣਾਂ ਪਾਣ ਵਾਸਤੇ ਜਾਣ ਕੇ ਛੇੜਿਆ ਹੈ। ਇਹ ਤਰੀਕਾ ਠੀਕ ਨਹੀਂ ਕਿ ਮਾਲਕਾਂ ਤੇ ਮੁਜ਼ਾਰਿਆਂ ਵਿਚ ਖਾਹਮਖਾਹ ਝਗੜੇ ਵਧਾਏ ਜਾਣ। ਅਸੀਂ ਇਹ ਚਾਹੁੰਦੇ ਹਾਂ ਕਿ ਲੋਕਾਂ ਦੇ ਸਾਹਮਣੇ ਇਹੋ ਜਿਹੀ ਪਾਲਿਸੀ ਰਖੀ ਜਾਵੇ ਜਿਸ ਨਾਲ ਛੋਟੇ ਮਾਲਕ ਤੇ ਮੁਜ਼ਾਰੇ ਮਿਲ ਕੇ ਰਹਿ ਸਕਣ (*Hear, hear*) ਪਰ ਇਹ ਦੋਸਤ ਇਸ ਗਲ ਵਿਚ ਵਿਘਨ ਪਾਉਣਾ ਚਾਹੁੰਦੇ ਹਨ । ਇਹ ਨਹੀਂ ਚਾਹੁੰਦੇ ਕਿ

ਉਹ ਅਰਾਮ ਨਾਲ ਰਹਿਣ ਅਤੇ ਆਪਣਾ ਕੰਮ ਕਰਨ । ਸਪੀਕਰ ਸਾਹਿਬ, ਇਨ੍ਹਾਂ ਨੇ ਲੋਕਾਂ ਨੂੰ ਕਿਸ ਕਿਸ ਤਰ੍ਹਾਂ ਗੁਮਰਾਹ ਕੀਤਾ ਅਤੇ ਕਿਸ ਤਰ੍ਹਾਂ ਉਨ੍ਹਾਂ ਕੋਲੋਂ ਪੈਸੇ ਵਸੂਲ ਕੀਤੇ ਉਹ ਸਾਨੂੰ ਸਭ ਕੁਝ ਮਲੂਮ ਹੈ । ਜਿਨ੍ਹਾਂ ਵਿਚਾਰਿਆਂ ਕੋਲ ਕਪੜੇ ਨਹੀਂ ਸਨ ਅਤੇ ਖਾਣ ਨੂੰ ਵੀ ਮੁਸ਼ਕਲ ਨਾਲ ਮਿਲਦਾ ਸੀ ਉਨ੍ਹਾਂ ਨੂੰ ਕਹਿਆ ਗਿਆ ਕਿ ਪੰਜ ਪੰਜ ਮਣ, ਦਸ ਦਸ ਮਣ, ਦੋ ਦੋ, ਚਾਰ ਚਾਰ ਮਣ ਦਾਣੇ ਦਿਉ, ਤਿੰਨ ਤਿੰਨ, ਚਾਰ ਚਾਰ ਰੁਪਏ ਦਿਉ, ਅਸੀਂ ਤੁਹਾਨੂੰ ਸਸਤੀਆਂ ਜਾਂ ਮੁਫਤ ਜ਼ਮੀਨਾਂ ਦੁਆ ਦਿਆਂਗੇ । ਹੁਣ ਜਦੋਂ ਇਨ੍ਹਾਂ ਦੀ ਚਾਲ ਇਥੇ ਨਾ ਚਲ ਸਕੇਗੀ ਤਾਂ ਉਹ ਲੋਕ ਇਨ੍ਹਾਂ ਪਾਸ ਆਉਣਗੇ ਕਿ ਜਿਹੜੇ ਵਾਦੇ ਸਾਡੇ ਨਾਲ ਕੀਤੇ ਸਨ ਉਹ ਪੂਰੇ ਕਰੋ । ਫੇਰ ਦੇਖਾਂਗੇ ਇਹ ਕੀ ਕਰਦੇ ਹਨ ਅਤੇ ਉਨ੍ਹਾਂ ਨੂੰ ਕੀ ਜਵਾਬ ਦੇਂਦੇ ਹਨ । ਸਮੀਕਰ ਸਾਹਿਬ, ਸਾਨੂੰ ਮਾਲੂਮ ਹੈ ਕਿ ਇਨ੍ਹਾਂ ਨੇ ਕਿਸ ਤਰ੍ਹਾਂ ਰੁਪਿਆ ਲਿਆ । ਬਟਾਲੇ ਗੁਰਦਾਸਪੁਰ ਵਿਚ ਮੁਨੀਮਾਂ ਦੀਆਂ ਵਹੀਆਂ ਗਵਾਹ ਹਨ ਕਿ ਲੋਕਾਂ ਨੇ ਕਿਸ ਤਰ੍ਹਾਂ ਮਾਲ ਵੇਚ ਕੇ ਇਨਾਂ ਨੂੰ ਰੁਪਿਆ ਦਿੱਤਾ ।

ਸਰਦਾਰ ਹਰਕਿਸ਼ਨ ਸਿੰਘ ਸੁਰਜੀਤ : ਜਿਹੜੀਆਂ ਗੱਲਾਂ ਵਜ਼ੀਰ ਸਾਹਿਬ ਕਹਿ ਰਹੇ ਹਨ ਕੀ ਉਹ ਇਨ੍ਹਾਂ ਨੂੰ ਸਾਬਤ ਕਰ ਸਕਦੇ ਹਨ ?

ਵਿਕਾਸ ਮੰਤਰੀ : ਮੈਂ ਸਪੀਕਰ ਸਾਹਿਬ, ਇਸ ਬਿਲ ਦੀ ਮੁਖਾਲਫਤ ਕਰ ਰਿਹਾ ਹਾਂ ਤਾਂਕਿ ਮੁਜ਼ਾਰੇ ਵੀ ਵੇਖ ਲੈਣ ਕਿ ਇਹ ਕੀ ਕਰ ਰਹੇ ਹਨ ? ਇਹ ਇਸ ਤਰ੍ਹਾਂ ਦੇ ਬਿਲ ਲਿਆ ਕੇ ਮੈਨੂੰ ਪਧਰਾ ਕਰਨਾ ਚਾਹੁੰਦੇ ਹਨ ਜੋ ਮੁਜ਼ਾਰਿਆਂ ਦੀ ਖਾਤਰ ਹਮੇਸ਼ਾ ਛਾਤੀ ਡਾਹ ਕੇ ਲੜਦਾ ਰਿਹਾ, ਜਿਸ ਨੇ ਹਜ਼ਾਰਾਂ ਮੁਜ਼ਾਰਿਆਂ ਨੂੰ ਲੈ ਕੇ ਬਦੇਸ਼ੀ ਸਰਕਾਰ ਦੇ ਖਿਲਾਫ agitation ਕੀਤੀ, ਜਿਸ ਨੇ British ਸਰਕਾਰ ਦੇ ਨਾਲ ਟਕਰ ਲਈ (*Hear, hear*) । ਸਪੀਕਰ ਸਾਹਿਬ, ਸਾਡੀ ਉਦੋਂ agitation ਠੀਕ ਸੀ ਕਿਉਂਕਿ ਅਸੀਂ ਆਪਣੇ ਦੇਸ਼ ਵਿਚ ਆਪਣਾ ਰਾਜ ਲਿਆਉਣਾ ਚਾਹੁੰਦੇ ਸਾਂ । ਅਸੀਂ ਹੁਣ ਵੀ ਆਖਦੇ ਹਾਂ ਕਿ ਮੁਜ਼ਾਰਿਆਂ ਨਾਲ ਜਿਨੇ ਵਾਦੇ ਕੀਤੇ ਹਨ ਉਹ ਸਭ ਪੂਰੇ ਕਰਾਂਗੇ । ਅਸਾਂ ੫੦ ਏਕੜ ਵਾਲੇ ਰਿਫਊਜੀਆਂ ਅਤੇ ੩੦ ਏਕੜ ਵਾਲੇ ਦੂਜੇ ਭਰਾਵਾਂ ਨੂੰ ੧੦ ਸਾਲ ਦੀ guarantee ਦਿਤੀ ਹੈ ।

ਫੇਰ ਇਨ੍ਹਾਂ ਨੇ ਹਿਮਾਚਲ ਪ੍ਰਦੇਸ਼ ਦੀ ਬਟਾਈ ਦਾ ਹਵਾਲਾ ਦਿਤਾ ਹੈ । ਪਰ, ਮੈਂ ਇਨ੍ਹਾਂ ਕੋਲੋਂ ਪੁਛਦਾ ਹਾਂ ਕਿ ਇਹ ਆਪ ਕੀ ਚਾਹੁੰਦੇ ਹਨ । ਸਪੀਕਰ ਸਾਹਿਬ ਇਨਾਂ ਨੇ ਲੋਕਾਂ ਨੂੰ ਆਖਿਆ ਕਿ ਅਧ ਬਟਾਈ ਦੇ ਦਿਉ । ਜਦੋਂ ਉਨ੍ਹਾਂ ਦੇ ਦਿੱਤੀ ਤਾਂ ਮਾਲਕਾਂ ਨੂੰ ਜਾ ਕੇ ਆਖਣ ਲੱਗੇ ਕਿ ਵੇਖੋ ਅਸਾਂ ਤੁਹਾਨੂੰ ਅੱਧ ਦੁਆ ਦਿੱਤਾ ਹੈ । ਅਤੇ ਫੇਰ ਦੂਜੇ ਪਾਸੇ ਮੁਜ਼ਾਰਿਆਂ ਨੂੰ ਆਖਿਆ ਤੁਸਾਂ ਰੌਲਾ ਪਾਉ ਅਸੀਂ ਤੀਜਾ ਹਿਸਾ ਕਰਾ ਦਿਆਂਗੇ । ਮੈਂ ਸਾਰੇ ਪੰਜਾਬ ਵਿਚ ਜਾਂਦਾ ਹਾਂ ਅਤੇ ਮੈਨੂੰ ਇਹ ਸਭ ਹਾਲ ਮਲੂਮ ਹੈ । ਮੈਨੂੰ ਮੁਜ਼ਾਰਿਆਂ ਦੀਆਂ ਤਕਲੀਫਾਂ ਦਾ ਵੀ ਪਤਾ ਹੈ । ਮੁਜ਼ਾਰੇ ਮੇਰੀ ਜਾਨ ਹਨ । ਤੁਸੀਂ ਕਹਿੰਦੇ ਹੋ ਕਿ ਮੁਜ਼ਾਰਿਆਂ ਨੂੰ ਖਰਾਬ ਕਰ ਰਿਹਾ ਹੈ । ਚਲੋ ਇਵੇਂ ਹੀ ਹੋਵੇਗਾ ਪਰ ਮੈਂ ਪੁਛਦਾ ਹਾਂ ਕਿ ਜਦੋਂ ਅਸੀਂ ਕਿਸੀ ਨੂੰ ਹਕੂਕ ਦੇਂਦੇ ਹਾਂ ਤਾਂ ਤੁਸੀ ਢੁਚਰ ਕਿਉਂ ਡਾਹਦੇ ਹੋ, ਇਹ ਜੋ ਕੁਝ ਤੁਸੀਂ ਕਰ ਰਹੇ ਹੋ ਢੁੱਚਰ ਨਹੀਂ ਤਾਂ ਹੋਰ ਕੀ ਹੈ ?

Transfers ਬਾਰੇ ਆਖਿਆ ਗਿਆ ਹੈ ਕਿ ਕਾਗਜ਼ੀ transfer ਕਰਾਕੇ ਅਤੇ ਨਜ਼ਦੀਕੀ ਸੰਬੰਧੀਆਂ ਵਾਸਤੇ ਜ਼ਮੀਨਾਂ ਰਖਣ ਦੇ ਬਹਾਨੇ ਮੁਜ਼ਾਰਿਆਂ ਨੂੰ ਨੋਟਿਸ ਦਿਤੇ

[ਵਿਕਾਸ ਮੰਤਰੀ]

ਗਏ ਹਨ। ਮੈਂ ਆਖਦਾ ਹਾਂ ਕਿ ਨੋਟਿਸ ਦਿੱਤੇ ਵੀ ਗਏ ਹੋਣ ਤਾਂ ਹਾਲੇ ਤੀਕਰ ਕੋਈ ਕਢਿਆ ਤਾਂ ਨਹੀਂ ਗਿਆ। ਸਪੀਕਰ ਸਾਹਿਬ, ਇਹ ਅੰਤਰਯਾਮੀ ਬੋਲ ਰਹੇ ਹਨ। ਜਿਹੜੀਆਂ ਚੀਜ਼ਾਂ ਹਾਲੇ ਤੀਕਰ ਅਦਾਲਤਾਂ ਵਿਚ ਵੀ ਪੇਸ਼ ਨਹੀਂ ਹੋਈਆਂ ਉਨ੍ਹਾਂ ਨੂੰ ਇਹ supersense ਨਾਲ ਵੇਖ ਲੈਂਦੇ ਹਨ (*laughter*)। ਇਹ ਇਸ ਤਰ੍ਹਾਂ ਦੀਆਂ ਮੁਸ਼ਕਲਾਂ ਪੈਦਾ ਕਰਕੇ ਮੁਜ਼ਾਰਿਆਂ ਦੀ ਬਦਨਾਮੀ ਦਾ ਕਾਰਨ ਬਣਦੇ ਹਨ ਅਤੇ ਉਨ੍ਹਾਂ ਨੂੰ ਔਖਾ ਕਰਨ ਦੇ ਸਾਧਨ ਵਰਤ ਰਹੇ ਹਨ। ਇਹ ਚੁਪ ਕਰਕੇ ਉਨ੍ਹਾਂ ਦੇ ਕੰਨ ਵਿਚ ਫੂਕ ਮਾਰ ਦੇਂਦੇ ਹਨ ਕਿ ਤੁਹਾਨੂੰ ਇਹ ਕਰ ਦਿਆਂਗੇ ਉਹ ਕਰ ਦਿਆਂਗੇ। ਤੁਸੀਂ ਜਾਣਦੇ ਹੋ, ਸਪੀਕਰ ਸਾਹਿਬ, ਕਿ ਭੋਲੇ ਭਾਲੇ ਲੋਕੀਂ ਅਜ ਕਲ ਵੀ note ਦੁਗਣੇ ਕਰਨ ਵਾਲਿਆਂ ਦੇ ਧੋਖੇ ਵਿਚ ਆ ਕੇ ਉਨ੍ਹਾਂ ਦਾ ਇਤਬਾਰ ਕਰ ਲੈਂਦੇ ਹਨ ਕਿ ਮੋਹਰ ਨਸ਼ਾਨ ਲਗਾਏ ਬਿਨਾ ਨੋਟ ਦੁਗਣੇ ਤਿਗਣੇ ਕਰ ਦੇਣਗੇ। ਫੇਰ ਇਹ ਜੇਕਰ ਲੋਕਾਂ ਨੂੰ ਇਸ ਤਰ੍ਹਾਂ ਦਿਆਂ ਚਕਮਿਆਂ ਨਾਲ ਆਪਣੇ ਮਗਰ ਲਾ ਲੈਣ ਤਾਂ ਇਹਦੇ ਵਿਚ ਹੈਰਾਨੀ ਦੀ ਕੀ ਗਲ ਹੈ ?

ਮੇਰੀ ਅਰਜ਼ ਇਹ ਹੈ ਕਿ ਸਾਡੀ ਪਾਲਿਸੀ ਇਸ ਬਾਰੇ ਵਿਚ ਸਭ ਨੂੰ ਮਲੂਮ ਹੈ। ਮੈਨੂੰ ਪੰਜਾਬ ਸਰਕਾਰ ਨੇ ਹੁਕਮ ਦਿਤਾ ਕਿ ਮਾਲਕਾਂ ਤੇ ਮੁਜ਼ਾਰਿਆਂ ਦੀ ਆਪਸ ਵਿਚ ਸੁਲਾਹ ਕਰਾਈ ਜਾਵੇ ਕਿਉਂਕਿ ਇਸੇ ਵਿਚ ਪੰਜਾਬ ਦਾ ਭਲਾ ਹੈ। ਮੈਂ ਸਮਝਦਾ ਹਾਂ ਕਿ ਇਸੇ ਗਲ ਵਿਚ ਸਭ ਦੀ ਭਲਾਈ ਹੈ। ਮੈਂ ਅਪਣੇ ਦੋਸਤਾਂ ਨੂੰ ਵੀ ਇਹ ਕਹਾਂਗਾ ਕਿ ਉਹ ਵੀ ਇਸੇ ਤਰ੍ਹਾਂ ਦੀ ਸੁਲਾਹ ਕਰਾਣ। ਕਈ ਲੋਕ ਉਨ੍ਹਾਂ ਨੂੰ ਕਹਿਣਗੇ ਕਿ ਪਹਿਲਾਂ ਤੁਸੀ ਕੁਝ ਹੋਰ ਕਹਿੰਦੇ ਸੀ ਪਰ ਹੁਣ ਕੁਝ ਹੋਰ ਕਹਿੰਦੇ ਹੋ। ਪਰ ਇਹ ਉਨ੍ਹਾਂ ਨੂੰ ਕਹਿਣ ਕਿ ਪੰਜਾਬ ਦਾ ਭਲਾ ਇਸ ਵਿਚ ਹੈ ਕਿ ਮੁਜ਼ਾਰੇ ਤੇ ਮਾਲਕ ਮਿਲ ਕੇ ਰਹਿਣ।

ਸਪੀਕਰ ਸਾਹਿਬ, ਕਿਹਾ ਗਿਆ ਹੈ ਕਿ ਇਥੋਂ ਦੇ ਕਾਨੂੰਨ Pepsu ਤੇ Himachal ਦੇ ਕਾਨੂੰਨਾਂ ਦੀ ਤਰ੍ਹਾਂ ਬਣਨੇ ਚਾਹੀਦੇ ਹਨ। ਇਹ ਕਿਵੇਂ ਹੋ ਸਕਦਾ ਹੈ। ਇਕ ਚੀਜ਼ ਜਿਹੜੀ ਇਕ ਥਾਂ ਤੇ ਚੰਗੀ ਲਗਦੀ ਹੈ ਜ਼ਰੂਰੀ ਨਹੀਂ ਕਿ ਦੂਜੀ ਥਾਂ ਤੇ ਵੀ ਚੰਗੀ ਲਗੇ। ਇਕ ਥਾਂ ਤੇ ਮਾਂਹ ਬਾਦੀ ਹੁੰਦੇ ਹਨ ਦੂਸਰੀ ਥਾਂ ਤੇ ਚੰਗੇ ਹੁੰਦੇ ਹਨ। ਪਰ ਮੇਰੇ ਦੋਸਤਾਂ ਦੀ ਖਾਹਿਸ਼ ਤੋਂ ਮਲੂਮ ਇਹ ਹੁੰਦਾ ਹੈ ਕਿ ਇਥੇ ਰੋਲਾ ਪੈ ਜਾਏ।

ਫੇਰ ਕਿਹਾ ਗਿਆ ਹੈ ਕਿ evictions ਇਕ ਸਾਲ ਲਈ ਬੰਦ ਕਰ ਦਿਉ। ਅਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ। ਸਾਰੀ ਕਾਰਵਾਈ ਫੇਰ ਨਵੇਂ ਸਿਰੇ ਤੋਂ ਕਰਨੀ ਪਵੇਗੀ ਤੇ ਨਵੇਂ notice ਦੇਣੇ ਪੈਣਗੇ। ਮੇਰੇ ਦੋਸਤ ਕਹਿੰਦੇ ਹਨ ਕਿ ਜਿਹੜਾ ਬਿਲ ਪਹਿਲਾਂ ਪਾਸ ਕੀਤਾ ਗਿਆ ਹੈ ਉਸ ਦਾ ਢਾਂਚਾ ਖਰਾਬ ਸੀ। ਮੈਨੂੰ ਯਕੀਨ ਹੈ ਕਿ ਮੁਜ਼ਾਰਿਆਂ ਤੇ ਛੋਟੇ ਮਾਲਕਾਂ ਦੀ problem ਜਿਵੇਂ ਪੰਜਾਬ ਸਰਕਾਰ ਨੇ ਸੁਲਝਾਈ ਹੈ। ਇਸ ਤੋਂ ਬੇਹਤਰ ਨਹੀਂ ਸੀ ਸੁਲਝ ਸਕਦੀ। ਅਸੀਂ ਹਮੇਸ਼ਾਂ ਇਹੋ ਕੋਸ਼ਿਸ਼ ਕਰਾਂਗੇ ਕਿ ਮੁਜ਼ਾਰਿਆਂ ਨੂੰ ਖੁਸ਼ ਰਖੀਏ। ਮੈਂ ਬਰਾਦਰੀ ਵਿਚ ਬਹਿ ਕੇ ਉਨ੍ਹਾਂ ਨੂੰ ਕਹਾਂਗਾ ਜਿਨ੍ਹਾਂ ਨੇ ਲਗਾਨ ਨਹੀਂ ਦਿਤੇ, ਦੇ ਦੇਣ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਸ ਉਜੜੇ ਹੋਏ ਪੰਜਾਬ ਦੀ ਭਲਾਈ ਲਈ, ਉਸ ਪੰਜਾਬ ਦੀ ਭਲਾਈ ਲਈ ਜਿਨ੍ਹਨੂੰ ਫੇਰ ਵਸਾਣਾ ਹੈ ਅਤੇ ਉਸ ਪੰਜਾਬ ਦੀ ਭਲਾਈ ਲਈ ਜਿਸ ਉਤੇ border

province ਹੋਣ ਕਰਕੇ ਸਾਰੇ ਦੇਸ਼ ਦੀ ਰਖਵਾਲੀ ਦੀ ਜ਼ਿਮੇਵਾਰੀ ਹੈ ਕੋਈ ਗਲਤ step ਨ ਉਠਾਣ । ਜਿਨੇ ਤੀਕਰ ਹੋ ਸਕੇ ਸੂਬੇ ਵਿਚ ਸੁਲਹ ਕਰਵਾਣੀ ਚਾਹੀਦੀ ਹੈ । ਅਸੀਂ ਸਰਕਾਰੀ ਕਰਮਚਾਰੀਆਂ ਨੂੰ ਵੀ ਇਹ ਗੱਲ ਸਮਝਾ ਦਿਆਂਗੇ ਕਿ ਕਾਨੂੰਨ ਦਾ ਮਤਲਬ ਕੀ ਹੈ ਅਤੇ ਇਸ ਨੂੰ ਕਿਵੇਂ ਇਸਤੇਮਾਲ ਕਰਨਾ ਹੈ । ਇਹ ਠੀਕ ਹੈ ਕਿ ਮਾਲਕਾਂ ਦਾ ਹਕ ਹੈ ਕਿ ਹਰ ਸਾਲ ਮੁਜ਼ਾਰਿਆਂ ਨੂੰ ਬਦਲ ਸਕਦੇ ਹਨ ਲੇਕਿਨ ਜੇ ਮੁਜ਼ਾਰੇ ਕੰਮ ਠੀਕ ਕਰ ਰਹੇ ਹੋਣ ਤਾਂ ਉਨ੍ਹਾਂ ਨੂੰ ਕਢਣ ਦੀ ਕੋਈ ਲੋੜ ਨਹੀਂ । ਜਦ ਇਕ ਵੇਰ ਲੋਕਾਂ ਦੇ ਦਿਲਾਂ ਵਿਚੋਂ ਸ਼ਕ ਨਿਕਲ ਜਾਏਗਾ, ਤਾਂ ਜਿਵੇਂ ਉਹ 1947 ਤੋਂ ਪਹਿਲਾਂ ਵਸਦੇ ਸਨ ਉਸ ਨਾਲੋਂ ਵੀ ਚੰਗੇ ਵਸਣਗੇ । ਮੇਰੇ ਦੋਸਤਾਂ ਨੇ ਬਹੁਤ ਸਾਰੀਆਂ ਗਲਤ ਬਿਆਨੀਆਂ ਕੀਤੀਆਂ ਹਨ । ਪਰ ਸਮਾਂ ਥੋੜ੍ਹਾ ਹੋਣ ਕਰਕੇ ਮੈਂ ਉਨ੍ਹਾਂ ਸਾਰੀਆਂ ਗੱਲਾਂ ਦਾ ਉੱਤਰ ਨਹੀਂ ਦੇ ਸਕਦਾ । ਜਿਨ੍ਹਾਂ ਪਰਚੀਆਂ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਉਤੇ ਪੈਰਾਂ ਦੇ ਅੰਗੂਠੇ ਲਵਾਏ ਗਏ ਹਨ ।

Mr. Speaker : Question is—

That leave be granted to introduce the Punjab Security of Land Tenures (Second Amendment) Bill.

The motion was lost.

THE PUNJAB STATE MEDICAL PRACTITIONERS REGISTRATION BILL, 1953.

Shrimati Sita Devi (Jullundur City, South East) : Sir, I beg to move—

That leave be granted to introduce the Punjab State Medical Practitioners Registration Bill.

Mr. Speaker : Motion moved—

That leave be granted to introduce the Punjab State Medical Practitioners Registration Bill.

Mr. Speaker : Question is—

That leave be granted to introduce the Punjab State Medical Practitioners Registration Bill.

The motion was carried.

Shrimati Sita Devi : Sir, I introduce the Punjab State Medical Practitioners Registration Bill.

THE PUNJAB INDUSTRIAL DISPUTES (VALIDATION OF PROCEEDINGS) BILL.

Sardar Achhar Singh Chhina (Ajnala) : Sir, I beg to move :

That leave be granted to introduce the Punjab Industrial Disputes (Validation of Proceedings) Bill.

Mr. Speaker : Motion moved—

That leave be granted to introduce the Punjab Industrial Disputes (Validation of Proceedings) Bill.

Minister for Labour : Sir, I object to the leave being granted to Sardar Achhar Singh Chhina to introduce the Punjab Industrial Disputes (Validation of Proceedings) Bill.

ਸਰਦਾਰ ਅੱਛਰ ਸਿੰਘ ਛੀਨਾ : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਮੁਜ਼ਾਰਿਆਂ ਤੇ landlords ਦੇ relations ਬਾਰੇ ਇਕ ਬਿਲ ਪੇਸ਼ ਹੋਇਆ ਤਾਂ ਵਜ਼ੀਰ ਸਾਹਿਬ ਨੇ ਕਿਹਾ ਕਿ ਮੁਜ਼ਾਰਿਆਂ ਲਈ ਉਹ ਵਡਾ ਦਿਲ ਰਖਦੇ ਹਨ । ਇਸੇ ਤਰ੍ਹਾਂ ਲੇਬਰ ਦੇ ਵਜ਼ੀਰ ਸਾਹਿਬ ਉਸ relationship ਦੇ ਬਾਰੇ ਜਿਹੜੀ ਸਰਮਾਏਦਾਰਾਂ ਤੇ ਮਜ਼ਦੂਰਾਂ ਦੇ ਦਰਮਿਆਨ ਹੈ ਕਹਿਣਗੇ ਕਿ ਉਨ੍ਹਾਂ ਨੂੰ ਮਜ਼ਦੂਰਾਂ ਦਾ ਬੜਾ ਦਰਦ ਹੈ । ਇਸ ਬਿਲ ਦਾ ਮਕਸਦ

[ਸਰਦਾਰ ਅੱਛਰ ਸਿੰਘ ਛੀਨਾ]

ਜਿਸ ਨੂੰ introduce ਕਰਣ ਦੀ ਆਗਿਆ ਮੰਗੀ ਜਾ ਰਹੀ ਹੈ Statement of Objects and Reasons ਵਿਚ ਲਿਖਿਆ ਹੋਇਆ ਹੈ ।

1949 ਵਿਚ ਇਹ ਗਲਤੀ ਹੋ ਗਈ ਸੀ ਕਿ ਬਹੁਤ ਸਾਰੀਆਂ retrenchments ਅਤੇ wage cuts ਸ਼ੁਰੂ ਹੋ ਗਈਆਂ ਸਨ । ਉਸ ਵੇਲੇ ਮਜ਼ਦੂਰਾਂ ਦੀਆ ਜਥੇ ਬੰਦੀਆਂ ਨੇ ਹੜਤਾਲਾਂ ਕੀਤੀਆਂ ਅਤੇ ਆਪਣੇ ਹਕ ਮਨਵਾਣ ਲਈ ਮੁਜ਼ਾਹਰੇ ਕੀਤੇ । ਜਦ ਬੜੀ agitation ਹੋਈ ਤਾਂ ਉਨ੍ਹਾਂ ਆਪਣੀਆਂ ਛੇ ਮੰਗਾਂ ਰਖੀਆਂ । ਉਸ ਵੇਲੇ ਸਰਕਾਰ ਨੇ ਮਜ਼ਦੂਰਾਂ ਦੀਆਂ ਛੇ ਮੰਗਾਂ Industrial Tribunal ਨੂੰ refer ਕਰ ਦਿਤੀਆਂ । ਜਦ ਮੰਗਾਂ refer ਹੋਈਆਂ ਤਾਂ cases ਆਏ । ਸਰਮਾਏਦਾਰਾਂ ਨੇ ਪਹਿਲਾਂ ਤਾਂ dilatory tactics ਵਰਤੇ । ਉਨ੍ਹਾਂ ਬਿਆਨ ਇਸ ਤਰ੍ਹਾਂ ਦੇ ਦਿਤੇ ਜਿਨ੍ਹਾਂ ਉਤੇ ਦੇਰ ਲਗਦੀ ਰਹੀ । ਇਸ ਤਰ੍ਹਾਂ ਉਨ੍ਹਾਂ ਕੋਈ ਫੈਸਲਾ ਨ ਹੋਣ ਦਿਤਾ । ਇਨੇ ਵਿਚ ਉਨਹਾਂ ਨੂੰ ਇਕ ਗਲ ਸੁਝੀ । ਪਹਿਲਾਂ ਸੱਚਰ ਸਾਹਿਬ ਵੀ ਆਏ ਸਨ । ਉਨ੍ਹਾਂ ਪਹਿਲੇ ਤਾਂ ਇਕ Conciliatory Board ਬਣਾਇਆ ਪਰ ਇਸ ਨੇ ਕੁਝ ਨ ਕੀਤਾ । ਫੇਰ ਇਨ੍ਹਾਂ Industrial Tribunal ਸ਼ੁਰੂ ਕੀਤਾ । ਇਸ ਦਾ ਫੈਸਲਾ ਸਰਮਾਏਦਾਰ ਨਹੀਂ ਸਨ ਮਨਦੇ । ਇਨੇ ਵਿਚ ਸਰਮਾਏਦਾਰਾਂ ਨੂੰ ਕਿਸੇ ਦਸਿਆ ਅਤੇ ਮੈਨੂੰ ਸ਼ਕ ਹੈ ਕਿ ਸਰਕਾਰ ਦੇ ਕਿਸੇ ਆਦਮੀ ਨੇ ਸਾਜ਼ਿਸ਼ ਕਰਕੇ ਦਸਿਆ ਕਿ ਮਾਮਲਾ ਹਾਈ ਕੋਰਟ ਵਿਚ ਕਿਉਂ ਨਾ ਜਾਵੇ । ਉਨ੍ਹਾਂ ਨੂੰ ਦਸਿਆ ਗਿਆ ਕਿ ਸਾਡੀ capable ਸਰਕਾਰ ਨੇ ਇਸ Tribunal ਲਈ High Court ਦੀ approval ਨਹੀਂ ਲਈ । High Court ਨੇ ਜੂਨ ਵਿਚ ਇਹ ਫੈਸਲਾ ਦਿਤਾ ਕਿ Industrial Tribunal illegal ਹੈ ।

ਜਿਸ ਵੇਲੇ ਇਹ illegal ਕਰਾਰ ਦਿਤਾ ਗਿਆ ਤਾਂ ਸਰਮਾਏਦਾਰਾਂ ਨੇ ਫੇਰ ਵੀ ਕੱਛਾਂ ਮਾਰੀਆਂ ਤੇ ਕਿਹਾ ਕਿ ਜਿਹੜਾ ਫੈਸਲਾ ਹੋਇਆ ਹੈ ਉਹ ਸਾਨੂੰ ਮਨਜ਼ੂਰ ਨਹੀਂ । ਉਨ੍ਹਾਂ ਨੇ ਮਜ਼ਦੂਰਾਂ ਨੂੰ retrench ਕਰਨਾ ਸ਼ੁਰੂ ਕਰ ਦਿਤਾ ਤੇ ਉਨ੍ਹਾਂ ਦੀਆਂ ਤਨਖਾਹਾਂ ਵੀ ਘਟਾ ਦਿਤੀਆਂ ਤੇ ਹੋਰ ਕਈ ਤਰ੍ਹਾਂ ਦੇ ਅਤਿਆਚਾਰ ਕਰਨੇ ਸ਼ੁਰੂ ਕਰ ਦਿਤੇ । ਸਾਡੇ ਮਾਨਯੋਗ ਵਿਕਾਸ ਮੰਤ੍ਰੀ, ਸਰਦਾਰ ਪਰਤਾਪ ਸਿੰਘ ਜਿਨ੍ਹਾਂ ਦੇ ਮੁਤੱਲਕ ਇਹ ਖਿਆਲ ਕੀਤਾ ਜਾਂਦਾ ਹੈ ਕਿ ਉਹ ਸਰਮਾਇਆਦਾਰਾਂ ਦੇ ਖਿਲਾਫ ਹਨ ਤੇ ਮਜ਼ਦੂਰਾਂ ਲਈ ਉਨ੍ਹਾਂ ਦੇ ਦਿਲ ਵਿਚ ਬੜਾ ਦਰਦ ਹੈ, ਨੇ ਮਜ਼ਦੂਰਾਂ ਦੀ ਭਲਾਈ ਲਈ ਕੁਝ ਨਾ ਕੀਤਾ । ਸਰਮਾਇਆਦਾਰ ਕਹਿਣ ਲਗੇ ਕਿ ਟ੍ਰਿਬੂਨਲ ਨੇ ਫੈਸਲਾ ਕੀਤਾ ਹੈ ਕਿ ਕੋਈ ਮਜ਼ਦੂਰ ਹੜਤਾਲ ਨਹੀਂ ਕਰ ਸਕਦਾ—ਇਕ ਪਾਸੇ ਤੇ ਮਜ਼ਦੂਰ ਅਪਣੇ ਅਧਿਕਾਰਾਂ ਦੀ ਰਕਸ਼ਾ ਕਰਣ ਲਈ ਹੜਤਾਲ ਨਹੀਂ ਕਰ ਸਕਦੇ ਤੇ ਦੂਜੇ ਪਾਸੇ ਸਰਮਾਏਦਾਰ ਉਨ੍ਹਾਂ ਨੂੰ ਕਢੱਣ ਦਾ ਜਤਨ ਕਰਦੇ ਰਹੇ । ਮੈਂ ਹੈਰਾਨ ਹਾਂ ਕਿ ਸਾਡੀ ਸਰਕਾਰ ਨੇ ਆਰਡੀਨੇਂਸ ਜਾਰੀ ਕਿਉਂ ਨਹੀਂ ਕੀਤਾ । ਇਸ ਨੂੰ ਚਾਹੀਦਾ ਸੀ ਕਿ ਛੇਤੀ ਨਾਲ ਆਰਡੀਨੇਂਸ ਜਾਰੀ ਕਰਦੀ ਤੇ ਮੁੜ ਕੇ ਟ੍ਰਿਬੂਨਲ ਕਾਇਮ ਕਰਦੀ ਜਿਹੜਾ ਫੈਸਲਾ ਕਰਦਾ ਕਿ ਇਨ੍ਹਾਂ ਮਜ਼ਦੂਰਾਂ ਨੂੰ ਬਹਾਲ ਕਰ ਦਿਤਾ ਜਾਏ । ਸਾਡੇ ਮੰਤ੍ਰੀ-ਮੰਡਲ ਦੇ ਦਿਲ ਵਿਚ ਮਜ਼ਦੂਰਾਂ ਲਈ ਬੜਾ ਦਰਦ ਉਠਦਾ ਹੋਵੇਗਾ ਜਿਹੜੇ ਸਾਨੂੰ ਕਹਿੰਦੇ ਹਨ ਕਿ ਇਹ ਸਭ ਕੁਝ ਸਾਡੀ ਸ਼ਰਾਰਤ ਸੀ ਤੇ ਆਪ ਇਸ ਕੇਬਨਿਟ ਦੇ ਮੈਂਬਰ ਸ਼ਿਮਲੇ ਦੀਆਂ ਠੰਡੀਆਂ ਹਵਾਵਾਂ ਖਾਂਦੇ ਸਨ ਤੇ ਉਤੋਂ ਉਤੋਂ ਮਜ਼ਦੂਰਾਂ ਲਈ ਘੋਲ ਘੁਮਾਈਆਂ ਕਰਦੇ ਸਨ । ਸਰਮਾਏਦਾਰ ਉਨ੍ਹਾਂ ਨੂੰ ਕਢਣਾ ਚਾਹੁੰਦੇ ਸਨ । ਜਦੋਂ agitation ਹੋਈ ਤਾਂ

ਪਹਿਲਾਂ ਤਾਂ Conciliation Board ਬਣਾਉਣ ਦੀ ਕੋਸ਼ਸ਼ ਕੀਤੀ ਗਈ। ਜਦੋਂ ਇਹ ਬੋਰਡ ਨ ਬਣਿਆ ਤਾਂ ਤਿੰਨ ਮਹੀਨਿਆਂ ਤੋਂ ਬਾਅਦ ਮੁੜ ਕੇ ਆਰਡੀਨੈਂਸ ਪਾਸ ਕਰਕੇ Industrial Tribunal ਬਹਾਲ ਕੀਤਾ ਤੇ ਕਿਹਾ ਕਿ ਮੁਕਦਮੇ ਲਿਆਉ। ਜਦੋਂ ਮੁਕਦਮੇ ਆਉਂਦੇ ਰਹੇ ਤਾਂ ਫੈਸਲਾ ਕੋਈ ਲਾਗੂ ਨਾ ਕੀਤਾ ਗਿਆ। ਸਰਮਾਏਦਾਰਾਂ ਨੇ ਅਪਣਾ ਢੰਗ ਹੀ ਜਾਰੀ ਰਖਿਆ ਤੇ ਇਸਤਰ੍ਹਾਂ ਉਹ ਸ਼ਾਇਦ ਸਮਝਦੇ ਹਨ ਕਿ ਉਨ੍ਹਾਂ ਨੇ ਮਜ਼ਦੂਰਾਂ ਤੇ ਮਿਹਰਬਾਨੀ ਕੀਤੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਐਨੀ ਨਾਅਹਿਲ ਤੇ ਨਾਕਾਬਿਲ ਹੈ ਕਿ ਉਸ ਨੇ ਜਿਹੜਾ ਆਰਡੀਨੈਂਸ ਸੀ ਉਸ ਨੂੰ Autumn Session ਵਿਚ Legislature ਦੇ ਸਾਹਮਣੇ ਪੇਸ਼ ਨ ਕੀਤਾ ਤੇ ਜਾਣ ਬੁਝ ਕੇ ਉਸ ਨੂੰ ਐਕਟ ਨ ਬਣਾਇਆ। ਮੰਤ੍ਰੀਮੰਡਲ ਵਿਚ ਜਿਹੜੇ ਲੇਬਰ ਦੇ ਵਜ਼ੀਰ ਹਨ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਆਰਡੀਨੈਂਨਸ ਨੂੰ ਐਨਿਆਂ ਮਹੀਨਿਆਂ ਵਿਚ ਲੇਜਿਸਲੇਚਰ ਦੇ ਸਾਹਮਣੇ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ। ਇਸ ਸੰਬੰਧ ਵਿਚ case ਹਾਈ ਕੋਰਟ ਵਿਚ ਚਲਾ ਗਿਆ ਤੇ ਹਾਈ ਕੋਰਟ ਨੇ ਕਿਹਾ ਕਿ ਕਿਉਂਕਿ ਇਹ ਆਰਡੀਨੈਂਸ ਐਕਟ ਨਹੀਂ ਬਣਿਆ ਇਸ ਲਈ ਇਹ ਫੈਸਲਾ ਗ਼ਲਤ ਹੈ। ਹੁਣ situation ਇਹੋ ਜਿਹੀ ਹੈ ਕਿ ਮਜ਼ਦੂਰਾਂ ਤੇ retrenchment ਦਾ ਕੁਹਾੜਾ ਚਲਾਇਆ ਜਾ ਰਿਹਾ ਹੈ। 3,000 ਮਜ਼ਦੂਰ ਕਢੇ ਗਏ ਹਨ ਤੇ 20,000 ਮਜ਼ਦੂਰ dispute ਵਿਚ involved ਹਨ। ਇਨ੍ਹਾਂ ਹਾਲਾਤ ਵਿਚ ਮੈਂ ਨਹੀਂ ਸਮਝਦਾ ਕਿ ਵਜ਼ੀਰ ਸਾਹਿਬ ਕੀ ਕਰ ਰਹੇ ਹਨ। ਪ੍ਰਧਾਨ ਜੀ, ਸਾਰਾ ਮੰਤ੍ਰੀਮੰਡਲ ਇਸ ਕਾਬਲ ਨਹੀਂ ਕਿ ਮਜ਼ਦੂਰਾਂ ਦਿਆਂ ਹਿਤਾਂ ਦੀ ਰਖਸ਼ਾ ਕਰ ਸਕੇ। ਅਸਾਂ ਹੁਣ ਬਿਲ ਲਿਆਂਦਾ ਹੈ ਤੇ ਮੈਂ ਆਸ ਕਰਦਾ ਹਾਂ ਕਿ ਗਵਰਨਮੈਂਟ ਪਾਰਟੀ ਇਸ ਦੀ ਮੁਖਾਲਫਤ ਨਹੀਂ ਕਰਨ ਲਗੀ। ਜੇ ਮੁਖਾਲਫਤ ਕੀਤੀ ਗਈ ਤਾਂ period ਦੇ ਵਧ ਜਾਣ ਨਾਲ ਸਰਮਾਏਦਾਰ ਉਨ੍ਹਾਂ ਨੂੰ ਕੁਚਲ ਦੇਣਗੇ। ਇਸ ਦੇ ਇਲਾਵਾ ਮੈਂ ਦਸਣਾ ਚਾਹੁੰਦਾ ਹਾਂ ਕਿ ਸਰਮਾਏਦਾਰਾਂ ਦੇ ਖਿਲਾਫ ਤੇ ਮਜ਼ਦੂਰਾਂ ਦੇ ਹਕ ਵਿਚ ਜਿਹੜਾ award ਦਿਤਾ ਗਿਆ ਹੈ ਉਸ ਵਿਚ ਸਰਮਾਏਦਾਰਾਂ ਦੇ tactics ਦੇ ਖਿਲਾਫ strictures pass ਕੀਤੇ ਗਏ ਹਨ। ਉਸ ਵਿਚ ਕਿਹਾ ਗਿਆ ਹੈ ਕਿ dilatory tactics ਇਸਤੇਮਾਲ ਕੀਤੇ ਗਏ ਹਨ। ਇਹ ਬਿਲ ਤਿੰਨਾਂ clauses ਦੀ ਰਾਹੀਂ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਬਹਾਲ ਕਰਦਾ ਹੈ। ਟ੍ਰਿਬੂਨਲ ਨੇ ਜਿਹੜਾ ਫੈਸਲਾ period ਦੇ ਸੰਬੰਧ ਵਿਚ ਕੀਤਾ ਹੈ ਉਸ ਦੇ ਖਿਲਾਫ ਹਾਈ ਕੋਰਟ ਦਾ ਫੈਸਲਾ ਲੈ ਆਏ ਹਨ। ਪ੍ਰਧਾਨ ਜੀ। ਇਸ ਬਿਲ ਦੀ ਰਾਹੀਂ ਇਹ ਨਹੀਂ ਕਿ ਅਸੀਂ ਹਾਈ ਕੋਰਟ ਦੇ ਫੈਸਲੇ ਦੇ ਖਿਲਾਫ ਕੁਝ ਕਹਿਣਾ ਚਾਹੁੰਦੇ ਹਾਂ ਹਾਈ ਕੋਰਟ ਨੇ ਤੇ ਫੈਸਲਾ ਕਰਨਾ ਹੀ ਸੀ। ਮੈਂ ਦਸਣਾ ਚਾਹੁੰਦਾ ਹਾਂ ਕਿ ਸਾਡੀ ਗਵਰਨਮੈਂਟ ਐਨੀ ਨਾਅਹਿਲ ਤੇ ਨਾਕਾਬਲ ਹੈ ਕਿ ਉਸ ਨੇ ਮਜ਼ਦੂਰਾਂ ਦੇ ਅਧਿਕਾਰਾਂ ਦੀ ਰਖਸ਼ਾ ਨਹੀਂ ਕੀਤੀ। ਪਹਿਲਾਂ Ordinance ਨੂੰ approve ਨਹੀਂ ਕਰਾਇਆ ਤੇ ਨਾ ਹੀ ਇਸ ਨੂੰ Legislature ਦੇ ਸਾਹਮਣੇ ਰਖਿਆ ਹੈ। ਮੈਂ ਸਮਝਦਾ ਹਾਂ ਕਿ ਜਦੋਂ ਸਰਦਾਰ ਪਰਤਾਪ ਸਿੰਘ ਤਕਰੀਰ ਕਰਨ ਉਠਣਗੇ ਤੇ ਕਹਿਣਗੇ ਕਿ ਮੇਰਾ ਦਿਲ ਮਜ਼ਦੂਰਾਂ ਤੇ ਡੁਲ੍ਹਦਾ ਹੈ ਤੇ ਉਨ੍ਹਾਂ ਵਾਸਤੇ ਲਹੂ ਡੋਹਲਣ ਤੇ ਕਰਦਾ ਹੈ। ਮੇਰਾ ਹਿਰਦਾ ਮਜ਼ਦੂਰਾਂ ਤੇ ਨਾਲ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਜੇਕਰ ਉਹ ਮਜ਼ਦੂਰਾਂ ਦੇ ਹਿਤਾਂ ਦੀ ਰਖਸ਼ਾ ਕਰਨਾ ਚਾਹੁੰਦੀ ਹੈ ਤਾਂ ਚੰਗੀ ਗਲ ਇਹੀ ਹੈ ਕਿ ਉਹ ਇਸ ਬਿਲ ਨੂੰ ਮਨਜ਼ੂਰ ਕਰੇ।

ਵਿਕਾਸ ਮੰਤਰੀ : ਮਾਂ ਨਾਲੋਂ ਹੇਜਲੀ ਫਫੇ ਕੁੱਟਣ ।

ਲੇਬਰ ਮੰਤਰੀ (ਚੌਧਰੀ ਸੁੰਦਰ ਸਿੰਘ): ਪ੍ਰਧਾਨ ਜੀ, ਮੇਰੇ ਮਾਨਯੋਗ ਮਿਤ੍ਰ ਸਰਦਾਰ ਅਛੱਰ ਸਿੰਘ ਛੀਨਾ ਨੇ ਮਜ਼ਦੂਰਾਂ ਦੇ ਹਕ ਵਿਚ ਤਕਰੀਰ ਕੀਤੀ ਹੈ ਤੇ ਵਧਾ ਚੜ੍ਹਾ ਕੇ ਸਾਡੀਆਂ ਖਰਾਬੀਆਂ ਸਾਨੂੰ ਦਸਣ ਦੀ ਕੋਸ਼ਿਸ਼ ਕੀਤੀ ਹੈ । ਕੀ ਉਹ ਆਪਣੇ ਹਿਰਦੇ ਵਿਚ ਇਹ ਮਹਿਸੂਸ ਕਰਦੇ ਹਨ ਕਿ ਮੈਨੂੰ ਮਜ਼ਦੂਰਾਂ ਲਈ ਹਮਦਰਦੀ ਨਹੀਂ ? ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਮੇਰੇ ਨਾਲ ਬਹੁਤ ਸਾਰੇ industrialists ਨਾਰਾਜ਼ ਹਨ ਅਤੇ ਇਹ ਕਹਿੰਦੇ ਹਨ ਕਿ ਮੈਂ pro-tenant ਹਾਂ । ਸੋ ਉਨ੍ਹਾਂ ਨੂੰ ਚਾਹੀਦਾ ਸੀ ਕਿ ਸਾਰੀਆਂ ਗੱਲਾਂ ਵੇਖ ਭਾਲ ਕੇ ਮੇਰੇ ਉਤੇ ਨੁਕਤਾਚੀਨੀ ਕਰਦੇ । ਜਿਥੋਂ ਤਕ ਆਰਡੀਨੈਂਸ ਬਾਰੇ ਹਾਈ ਕੋਰਟ ਦਾ ਸੰਬੰਧ ਹੈ ਮੈਂ ਦਸਣਾ ਚਾਹੁੰਦਾ ਹਾਂ ਕਿ ਪਿਛਲੀਆਂ ਖਾਮੀਆਂ ਨੂੰ ਵਿਚਾਰ ਹੇਠ ਰਖ ਕੇ ਇਹ Tribunal ਸਥਾਪਤ ਕੀਤਾ ਗਿਆ ਸੀ। ਇਹ ਬਾਅਦ ਦੀਆਂ proceedings ਹਨ ਜਿਸਦੇ ਬਾਰੇ ਕਿਹਾ ਗਿਆ ਹੈ ਕਿ ਇਹ Tribunal ਸੁਣ ਨਹੀਂ ਸਕਦਾ । ਉਹ proceedings ਅਸਾਂ ਲਈਆਂ ਸਨ ਤੇ ਇਸ ਆਰਡੀਨੈਂਸ ਦੁਆਰਾ ਉਨ੍ਹਾਂ ਨੂੰ validate ਕੀਤਾ ਜਾ ਰਿਹਾ ਹੈ । ਹੁਣ ਪੋਜ਼ੀਸ਼ਨ ਇਹ ਹੈ ਕਿ ਦੋ Tribunals ਬਣਾ ਦਿਤੇ ਗਏ ਹਨ ਤੇ ਜਿਹੜੀ ਇਸ ਸੰਬੰਧ ਵਿਚ ਥੋਹੜੀ ਬਹੁਤ ਔਖਿਆਈ ਸੀ ਉਹਨੂੰ ਦੂਰ ਕਰ ਦਿਤਾ ਗਿਆ ਹੈ । ਹੁਣ ਜਿਹੜਾ ਵੀ ਕੋਈ ਮਜ਼ਦੂਰਾਂ ਦਾ case ਆਉਂਦਾ ਹੈ ਉਸਨੂੰ ਬਾਕਾਇਦਾ ਤੌਰ ਤੇ Tribunal ਪਾਸ refer ਕੀਤਾ ਜਾਂਦਾ ਹੈ । ਇਸ ਵਿਚ ਕੋਈ ਸ਼ਕ ਨਹੀਂ ਕਿ industrialists ਕੋਸ਼ਿਸ਼ ਕਰਦੇ ਹਨ ਕਿ ਮਜ਼ਦੂਰਾਂ ਦੀ litigation ਕਾਰਨ ਇਸ ਬਿਲ ਨੂੰ ਖਰਾਬ ਕੀਤਾ ਜਾਏ । ਮੇਰੇ ਮਾਨਯੋਗ ਮਿਤ੍ਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੇਰੇ ਦਿਲ ਵਿਚ ਮਜ਼ਦੂਰਾਂ ਲਈ ਬੜੀ ਹਮਦਰਦੀ ਹੈ । ਕੁਝ ਚਿਰ ਹੋਇਆ ਕੁਝ ਮਜ਼ਦੂਰਾਂ ਨੇ ਮੇਰੇ ਘਰ ਅਗੇ ਭੁਖਹੜਤਾਲ ਕੀਤੀ । ਉਨ੍ਹਾਂ ਨੇ ਭੁਖ ਹੜਤਾਲ ਮੇਰੀ ਗ਼ੈਰਹਾਜ਼ਰੀ ਵਿਚ ਕੀਤੀ ਸੀ । ਮੈਂ ਉਨ੍ਹਾਂ ਦਿਨਾਂ ਵਿਚ ਬਾਹਰ ਸਾਂ । ਜਦੋਂ ਮੈਂ ਵਾਪਸ ਆਇਆ ਤਾਂ ਹਾਲਾਤ ਤੋਂ ਪਤਾ ਲਗਾ ਕਿ ਇਨ੍ਹਾਂ ਲੋਕਾਂ ਨੂੰ ਕਿਸੇ ਨੇ ਗੁਮਰਾਹ ਕੀਤਾ ਹੋਇਆ ਸੀ। ਮੈਂ ਇਹ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨ ਕੀਤੀ ਜਾਏ ਤੇ ਉਨ੍ਹਾਂ ਨੂੰ ਛੱਡ ਦਿਤਾ ਗਿਆ । ਇਸ ਤੋਂ ਬਾਅਦ ੧੨ ਆਦਮੀਆਂ ਨੇ ਫੇਰ ਭੁਖ ਹੜਤਾਲ ਕੀਤੀ ਤੇ ਧਰਨਾ ਮਾਰ ਕੇ ਬੈਠ ਗਏ । ਉਹ ਕਹਿਣ ਲਗੇ ਕਿ ਜੇ ਸਰਕਾਰ ਨੇ ਉਨ੍ਹਾਂ ਦੀ ਮੰਗ ਨੂੰ ਸਵੀਕਾਰ ਨ ਕੀਤਾ ਤਾਂ ਉਹ ਮਰ ਜਾਣਗੇ । ਮੈਂ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਭੁਖ ਹੜਤਾਲ ਖਤਮ ਕਰ ਦੇਣ ਤੇ ਪ੍ਰੇਮ ਭਾਵ ਨਾਲ ਉਨ੍ਹਾਂ ਨੂੰ ਰਜ਼ਾਮੰਦ ਕੀਤਾ ਕਿ ਉਹ ਵਰਤ ਨੂੰ ਤੋੜ ਦੇਣ । ਇਸ ਤਰ੍ਹਾਂ ਉਹ ਮੰਨ ਗਏ ਤੇ ਉਨ੍ਹਾਂ ਦੇ ਮਸਲੇ ਨੂੰ ਸੁਲਝਾਨ ਦਾ ਹਲ ਢੂੰਡਿਆ ਗਿਆ । ਮੈਂ ਮਜ਼ਦੂਰਾਂ ਅਤੇ ਮੁਜ਼ਾਰਿਆਂ ਦੇ ਮਸਲੇ ਨੂੰ ਆਪਣਾ ਮਸਲਾ ਸਮਝਦਾ ਹਾਂ ਤੇ ਮੈਨੂੰ ਆਪਣੇ ਲੀਡਰ ਸਰਦਾਰ ਪ੍ਰਤਾਪ ਸਿੰਘ ਤੇ ਪੂਰਾ ਪੂਰਾ ਵਿਸ਼ਵਾਸ ਹੈ ਜਿਨਾਂ ਨੂੰ ਮੁਜ਼ਾਰਿਆਂ ਨਾਲ ਬੜੀ ਹਮਦਰਦੀ ਹੈ। ਅਸੀ ਸਾਂਝਾ ਮੁਹਾਜ਼ ਬਣਾ ਕੇ ਮੁਜ਼ਾਰਿਆਂ ਅਤੇ ਮਜ਼ਦੂਰਾਂ ਦੀਆਂ ਕਠਿਨਾਈਆਂ ਨੂੰ ਦੂਰ ਕਰਣ ਦਾ ਪੂਰਾ ਪੂਰਾ ਜਤਨ ਕਰ ਰਹੇ ਹਾਂ ਤੇ ਮੈਂ ਆਸ ਕਰਦਾ ਹਾਂ ਕਿ ਮਜ਼ਦੂਰ ਕਿਸੇ ਦੇ ਕਹਿਣ ਕੁਹਾਣ ਨਾਲ ਗੁਮਰਾਹ ਨਹੀਂ ਹੋਣ ਲਗੇ। ਮੈਂ ਇਨ੍ਹਾਂ ਸ਼ਬਦਾਂ ਨਾਲ ਇਸ ਪ੍ਰਸਤਾਵ ਦੀ ਮੁਖਾਲਫਤ ਕਰਦਾ ਹਾਂ ।

Mr. Speaker : Question is—

That leave be granted to introduce the Punjab Industrial Disputes (Validation of Proceedings) Bill.

The motion was lost.

RESOLUTION

RE-DISTRIBUTION OF ALL GOVERNMENT WASTE LAND IN AJNALA THE STATE AMONG THE HARIJAN AGRICULTURAL LABOURERS GRATIS

Sardar Achhar Singh Chhina : Sir, I beg to move—

This Asembly recommends to the Government to distribute all Government waste land in the State among Harijan Agricultural labourers gratis

ਪ੍ਰਧਾਨ ਜੀ ਆਪ ਨੂੰ ਪਤਾ ਹੈ ਕਿ ਪਿੰਡਾਂ ਵਿਚ ਅੱਜਕਲ ਬੜੀ ਬੇਕਾਰੀ ਹੈ । ਅਤੇ ਇਹ ਜ਼ਿਆਦਾਤਰ ਉਨ੍ਹਾਂ ਲੋਕਾਂ ਵਿਚ ਵਧ ਰਹੀ ਹੈ ਜਿਹੜੇ ਜ਼ਮੀਨ ਤੋਂ ਬਿਨਾ ਹਨ, ਅਰਥਾਤ ਜਿਹੜੇ landless ਹਨ । ਇਨ੍ਹਾਂ ਵਿਚੋਂ ਬਹੁਤ ਸਾਰੇ ਹਰੀਜਨ ਭਰਾ ਹਨ । ਹਰੀਜਨ ਕਈ ਸਦੀਆਂ ਤੋਂ ਸਾਮਾਜਕ ਅਤੇ ਆਰਥਕ ਤੌਰ ਤੇ ਦਬੇ ਰੋਏ ਹਨ । ਸਾਡਾ ਖਿਆਲ ਸੀ ਕਿ ਆਜ਼ਾਦੀ ਮਿਲਣ ਤੋਂ ਬਾਅਦ ਕਾਂਗ੍ਰਸ ਸਰਕਾਰ ਹਰੀਜਨਾਂ ਲਈ ਕੁਝ ਕਰੇਗੀ ਅਤੇ ਇਹ ਦਾਵਾ ਵੀ ਕਰਦੀ ਹੈ ਕਿ ਅਸਾਂ ਬੜਾ ਕੁਝ ਕੀਤਾ ਹੈ । ਇਨ੍ਹਾਂ ਨੇ ਹਰੀਜਨਾਂ ਨੂੰ ਅਸਲ ਵਿਚ, ਸਮਾਜੀ ਤੌਰ ਤੇ ਥੋੜੀਆਂ ਜਹੀਆਂ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ ਹੈ । ਉਹ ਸਹੂਲਤਾਂ ਇਹ ਹਨ, ਇਕ ਤਾਂ ਇਨ੍ਹਾਂ ਨੇ ਹਰੀਜਨਾਂ ਨੂੰ ਨੰਬਰਦਾਰੀਆਂ ਦਿੱਤੀਆਂ ਹਨ।

ਸਰਦਾਰ ਗੁਰਬੰਤਾ ਸਿਘ: ਅਜੇ ਉਹ ਵੀ ਨਹੀਂ ਮਿਲੀਆਂ ।

ਸਰਦਾਰ ਅੱਛਰ ਸਿੰਘ ਛੀਨਾ : ਤਾਂ ਫਿਰ ਉਨ੍ਹਾਂ ਦਾ ਅਜੇ ਇਹ ਲਪੋੜ ਸੰਖ ਦੀ ਤਰ੍ਹਾਂ ਵਾਹਦਾ ਹੀ ਹੈ । ਫੇਰ ਸਰਕਾਰ ਨੇ ਹਰੀਜਨਾਂ ਦੇ ਲੜਕਿਆਂ ਨੂੰ ਵਜ਼ੀਫੇ ਦੇਣ ਦੀ ਸਕੀਮ ਬਣਾਈ ਹੈ । ਇਨ੍ਹਾਂ ਦਾ ਖਿਆਲ ਹੈ ਕਿ ਇਹ ਲੋਕ ਪੜ੍ਹ ਜਾਣਗੇ ਅਤੇ ਸਮਾਜੀ ਤੌਰ ਤੇ ਉੱਚੇ ਹੋ ਜਾਣਗੇ । ਇਸ ਦੇ ਨਾਲ ਇਨ੍ਹਾਂ ਨੇ ਹਰੀਜਨਾਂ ਨੂੰ ਖੂਹਾਂ ਤੇ ਚੜਨ ਅਤੇ ਪਾਣੀ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ ।

अध्यक्ष महोदय: कृपा कर के अपनी तकरीर resolution तक महदूद रखें। Resolution Government Waste Land की distribution के बारे में है ।

ਸਰਦਾਰ ਅੱਛਰ ਸਿੱਘ ਛੀਨਾ ; ਜਿੰਨੀਆ ਇਹ ਰਿਆਇਤਾਂ ਸਰਕਾਰ ਨੇ ਹਰੀਜਨਾਂ ਨੂੰ ਦਿਤੀਆਂ ਹਨ ਅਰਥਾਤ ਖੂਹਾਂ ਤੇ ਚੜਨ ਦੀ ਆਗਿਆ, ਸਕੂਲਾ ਵਿਚ ਵਜ਼ੀਫੇ, ਨੰਬਰਦਾਰੀਆਂ ਦਾ ਦੇਣਾ, ਪੰਚ ਅਤੇ ਸਰਪੰਚ ਬਣਾਉਣੇ ਅਤੇ ਮੰਦਰਾਂ ਵਿੱਚ ਜਾਣ ਦੀ ਖੁਲ੍ਹ, ਇਹ ਸਭ ਗੱਲਾਂ ਹਨ ਤਾਂ ਚੰਗੀਆਂ ਪਰ ਪ੍ਰਧਾਨ ਜੀ ਇਹ ਕੋਈ ਆਰਥਕ ਮਸਲਾ ਹਲ ਨਹੀਂ ਕਰਦੀਆਂ । ਜਿੰਨੀ ਦੇਰ ਤਕ ਆਰਥਕ ਮਸਲਾ ਹਲ ਨਹੀਂ ਹੁੰਦਾ ਉਨੀ ਦੇਰ ਤਕ ਖੂਹਾਂ ਤੇ ਚੜਨ ਦੀ ਅਤੇ ਮੰਦਰਾਂ ਵਿਚ ਜਾਣ ਦੀ ਖੁਲ੍ਹ ਉਸ ਗਿੱਦੜ ਦੇ ਛੱਜ ਵਰਗੀ ਰਹਿ ਜਾਂਦੀ ਹੈ ਜਿਹੜਾ ਮੋਰੀ ਵਿਚ ਵੜਨਾ ਚਾਹੁੰਦਾ ਸੀ ਪਰ ਛਜ ਕਰਕੇ ਵੜ ਨਹੀਂ

[ਸਰਦਾਰ ਅੱਛਰ ਸਿੰਘ ਛੀਨਾ]
ਸੀ ਸਕਦਾ। ਇਸ ਤਰ੍ਹਾਂ ਕਾਂਗ੍ਰਸ ਸਰਕਾਰ ਨੇ ਹਰੀਜਨਾਂ ਦੀ ਆਰਥਕ ਹਾਲਤ ਸੁਧਾਰਨ ਲਈ ਕੁਝ ਨਹੀਂ ਕੀਤਾ। ਉਸ ਮੁਲਕ ਵਿਚ ਜਿਥੇ ਵਧੇਰੇ ਲੋਕ agriculture ਤੇ ਨਿਰਭਰ ਹਨ। ਪੇਂਡੂ ਨੂੰ ਬੇਰੋਜ਼ਗਾਰੀ ਤੋਂ ਉਨੇ ਚਿਰ ਤਕ ਨਹੀਂ ਬਚਾਇਆ ਜਾ ਸਕਦਾ ਜਦੋਂ ਤਕ ਕਿ ਉਸ ਨੂੰ ਮਜ਼ਦੂਰੀ ਨਾ ਦਿੱਤੀ ਜਾਵੇ। ਕਾਰਖਾਨੇ ਏਥੇ ਬਣ ਨਹੀਂ ਰਹੇ। ਸ਼ਹਿਰਾਂ ਵਿਚ ਪਹਿਲਾਂ ਹੀ ਬੇਰੋਜ਼ਗਾਰੀ ਵਧ ਰਹੀ ਹੈ। ਇਸ ਲਈ ਪੇਂਡੂ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਦੇਣ ਦਾ ਇਕੋ ਹੀ ਤਰੀਕਾ ਹੈ, ਉਹ ਇਹ ਹੈ ਕਿ ਉਨ੍ਹਾਂ ਨੂੰ ਜ਼ਮੀਨ ਦਿੱਤੀ ਜਾਵੇ।

ਆਰਥਕ ਫਰਕ ਨਾਲ ਸਮਾਜਕ ਫਰਕ ਪੈਦਾ ਹੋ ਜਾਂਦੇ ਹਨ। ਸਾਡੇ ਕਿਸਾਨ ਜੱਟਾਂ ਵਿਚ ਵੀ ਮੁਜ਼ਾਰੇ ਅਤੇ ਮਾਲਕ ਜੱਟ ਵਿਚ ਫਰਕ ਪੈ ਜਾਂਦਾ ਹੈ ਚਾਹੇ ਉਨ੍ਹਾਂ ਦੋਹਾਂ ਦੀ ਜ਼ਾਤ ਇਕ ਹੀ ਹੋਵੇ। ਉਨ੍ਹਾਂ ਵਿਚ ਸ਼ਾਦੀਆਂ ਨਹੀਂ ਹੁੰਦੀਆਂ। ਉਨ੍ਹਾਂ ਵਿਚ ਛੋਟੀਆਂ ਛੋਟੀਆਂ sub-castes ਬਣ ਜਾਂਦੀਆਂ ਹਨ। ਇਸੇ ਤਰ੍ਹਾਂ ਸਰਕਾਰ ਹਰੀਜਨਾਂ ਨੂੰ ਨੰਬਰਦਾਰੀਆਂ ਅਤੇ ਵਜ਼ੀਫੇ ਦੇਕੇ ਉਨ੍ਹਾਂ ਵਿਚ ਵੀ ਇਹੋ ਜਹੀਆਂ sub-castes ਬਣਾ ਰਹੀ ਹੈ।

ਹੁਣ ਸਰਕਾਰ ਕਹਿੰਦੀ ਹੈ ਕਿ ਅਸੀਂ development ਸਕੀਮਾਂ ਬਣਾ ਰਹੇ ਹਾਂ। ਇਨ੍ਹਾਂ development ਸਕੀਮਾਂ ਨਾਲ ਹੋ ਸਕਦਾ ਹੈ ਕਿ ਕੁਝ ਦੂਜੀਆਂ ਜਮਾਤਾਂ ਦੀ ਹਾਲਤ ਚੰਗੀ ਹੋ ਜਾਵੇ। ਪਰ ਮੈਂ ਦਾਹਵੇ ਨਾਲ ਕਹਿ ਸਕਦਾ ਹਾਂ ਕਿ agricultural labour ਦੀ ਅਤੇ ਖਾਸ ਤੌਰ ਤੇ ਹਰੀਜਨਾਂ ਦੀ ਹਾਲਤ ਤਾਂ ਇਨ੍ਹਾਂ ਸਕੀਮਾਂ ਨਾਲ ਕੋਈ ਸੁਧਰ ਨਹੀਂ ਰਹੀ ਮਿਸਾਲ ਦੇ ਤੌਰ ਤੇ ਮੈਂ ਮੁਰੱਬੇਬੰਦੀ ਨੂੰ ਲੈਂਦਾ ਹਾਂ ਇਸ ਅਨੁਸਾਰ rationalisation ਹੋ ਰਹੀ ਹੈ। ਇਸ ਦਾ ਮਤਲਬ ਇਹ ਹੈ ਕਿ ਜਿਹੜੇ ਵੱਡੇ ਮਾਲਕ ਹਨ ਉਨ੍ਹਾਂ ਨੂੰ ਫਾਇਦਾ ਹੋਵੇਗਾ। ਸ਼ਾਇਦ ਛੋਟੇ ਮਾਲਕਾਂ ਨੂੰ ਵੀ ਕੁਝ ਫਾਇਦਾ ਪਹੁੰਚ ਜਾਏ। ਪਰ ਜਿਹੜੇ ਹਰੀਜਨ ਲੋਕ ਹਨ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋਵੇਗਾ। ਇਸ rationalisation ਦੀ ਸਕੀਮ ਅਨੁਸਾਰ tractors ਦੁਆਰਾ ਖੇਤੀ ਬਾੜੀ ਕੀਤੀ ਜਾਏਗੀ। ਸਰਕਾਰ ਨੇ ਇਹ ਕੰਮ ਸ਼ੁਰੂ ਕੀਤਾ ਪਰ 90 ਲੱਖ ਦਾ ਘਾਟਾ ਪਾਕੇ ਬੰਦ ਕਰ ਦਿੱਤਾ ਅਤੇ ਨਾਂ ਕੋਈ ਜ਼ਮੀਨ ਕਾਸ਼ਤ ਹੋਈ ਹੈ। ਇਸ ਨਾਲ ਵੀ ਹਰੀਜਨਾਂ ਨੂੰ ਕੋਈ ਲਾਭ ਨਹੀਂ ਹੋਇਆ।

ਇਸ ਉਪ੍ਰੰਤ ਜਿਹੜੇ ਹਰੀਜਨਾਂ ਵਿਚੋਂ ਸਰਪੰਚ ਬਣਾਏ ਗਏ ਹਨ ਉਹ ਵੀ ਬੇਕਾਰੀ ਕਰਕੇ ਭਾਖੜੇ ਚਲੇ ਗਏ ਹਨ ਜਾਂ ਬੇਦਖਲੀਆਂ ਕਰਕੇ ਕਰਨਾਲ ਜਾ ਪਹੁੰਚੇ ਹਨ। ਉਨ੍ਹਾਂ ਦੇ ਚਲੇ ਜਾਣ ਨਾਲ ਪਿੰਡਾਂ ਦੀਆਂ ਅਦਾਲਤਾਂ ਉਨ੍ਹਾਂ ਨੂੰ ਉਡੀਕ ਰਹੀਆਂ ਹਨ ਕਿ ਕਦੋਂ ਆਉਣ ਤੇ ਮੁਕੱਦਮੇ ਸੁਣਨ ਏਸੇ ਤਰ੍ਹਾਂ ਉਨ੍ਹਾਂ ਦੀਆਂ ਨੰਬਰਦਾਰੀਆਂ ਵੀ ਉਨ੍ਹਾਂ ਦੇ ਨਾਲ ਹੀ ਚਲੀਆਂ ਗਈਆਂ ਹਨ। ਇਨ੍ਹਾਂ ਚੀਜ਼ਾਂ ਨਾਲ ਉਨ੍ਹਾਂ ਦੀ ਆਰਥਕ ਹਾਲਤ ਠੀਕ ਨਹੀਂ ਹੁੰਦੀ। ਸਰਕਾਰ ਕੋਲ ਇਸ ਵੇਲੇ 7 ਲੱਖ ਏਕੜ waste land ਪਈ ਹੈ ਉਸ ਦਾ ਇਹ ਕੀ ਕਰ ਰਹੀ ਹੈ? ਉਸ ਨੂੰ ਇਹ ਨੀਲਾਮੀ ਨਾਲ lease ਤੇ ਦੇਂਦੀ ਹੈ, ਅਤੇ ਉਸ ਜ਼ਮੀਨ ਨੂੰ ਲੈਂਦੇ ਕੌਣ ਹਨ? ਕਈਆਂ ਸਰਮਾਏ ਵਾਲੇ ਲੋਕਾਂ ਨੇ ਕੰਪਨੀਆਂ ਬਣਾ ਕੇ ਕਰਨਾਲ ਵਿਚ ਹਜ਼ਾਰਾਂ ਏਕੜ ਜ਼ਮੀਨ ਸੰਭਾਲ ਲਈ ਹੈ। ਮੈਂ ਪੁਛਦਾ ਹਾਂ ਕਿ ਹਰੀਜਨਾਂ ਨੂੰ ਉਸ ਵਿਚ ਕਿੰਨਾ ਫਾਇਦਾ ਹੋਇਆ ਹੈ? ਫੇਰ ਹਰੀਜਨਾਂ ਨੂੰ ਸਰਹੱਦ ਦੇ ਨੇੜੇ ਮੁਸਲਮਾਨਾਂ ਦੀ ਖਾਲੀ ਜ਼ਮੀਨ ਦਿੱਤੀ ਗਈ। ਉਸ ਦਾ ਉਨ੍ਹਾਂ ਕੋਲੋਂ ਛੇ ਗੁਣਾ ਮਾਲੀਆ ਲਿਆ ਗਿਆ।

ਇਕ ਮੈਂਬਰ : ਨਹੀਂ, ਦਸ ਗੁਣਾ।

ਸਰਦਾਰ ਅੱਛਰ ਸਿੰਘ ਛੀਨਾ : ਮੇਰੀ ਗਲਤੀ ਹੈ। ਉਨ੍ਹਾਂ ਤੋਂ ਮੇਰੇ ਦੋਸਤ ਨ ਦੱਸਿਆ ਹੈ ਕਿ ਦਸ ਗੁਣਾ ਮਾਲੀਆ ਲਿਆ ਗਿਆ ਹੈ । ਜਦੋਂ ਉਹ ਜ਼ਮੀਨ ਵਗਣ ਵਾਲੀ ਹੋ ਗਈ ਤਾਂ ਕਿਹਾ ਗਿਆ ਕਿ ਉਹ ਕਿਸੇ refugee ਨੂੰ allot ਕਰ ਦਿੱਤੀ ਗਈ ਹੈ । ਉਹ ਹਰੀਜਨ ਵਿਚਾਰਾ ਫਿਰ ਨਿਕਲ ਗਿਆ । ਜਿਹੜਾ ਕੋਠਾ ਉਸ ਨੇ ਬਣਾਇਆ ਹੋਵੇਗਾ ਉਹ ਵੀ allot ਕਰ ਦਿੱਤਾ ਗਿਆ ਹੋਵੇਗਾ । ਫੇਰ ਸਰਕਾਰ ਦਾ waste land ਦੇਣ ਦਾ ਤਰੀਕਾ ਹੁਣ ਵੀ ਉਹੋ ਹੈ ਜਿਹੜਾ ਅੰਗ੍ਰੇਜ਼ਾਂ ਨੇ ਬਾਰ ਦੇ ਇਲਾਕੇ ਵਿਚ ਵਰਤਿਆ ਸੀ। ਅੰਗ੍ਰੇਜ਼ਾਂ ਨੇ ਉਸ ਵੇਲੇ ਆਪਣੇ ਟੋਡੀਆਂ ਨੂੰ ਜਿਨ੍ਹਾਂ ਵਿਚੋਂ ਕੁਝ ਅੱਜ ਵਜ਼ੀਰ ਬਣੇ ਬੈਠੇ ਹਨ, ਦੋ ਦੋ ਸੌ ਮੁਰੱਬੇ ਦੇ ਦਿਤੇ । ਕੁਝ ਥੋੜੇ ਜਿਹੇ peasant proprietors ਨੂੰ ਵੀ ਜ਼ਮੀਨ ਮਿਲੀ । ਉਹ ਜ਼ਮੀਨ ਦੇ ਕੇ ਅੰਗ੍ਰੇਜ਼ ਨੇ ਇਕ ਜਮਾਤ ਹਰੀਜਨਾਂ ਦੀ exploitation ਲਈ ਪੈਦਾ ਕੀਤੀ ਸੀ। ਮੈਂ ਕਾਂਗ੍ਰਸ ਬੈਂਚਾਂ ਨੂੰ ਅਤੇ ਖਾਸ ਕਰਕੇ ਉਨ੍ਹਾਂ ਹਰੀਜਨ ਭਰਾਵਾਂ ਨੂੰ ਜਿਹੜੇ ਉਸ ਪਾਸੇ ਬੈਠੇ ਹਨ, ਇਹ ਅਪੀਲ ਕਰਦਾ ਹਾਂ ਕਿ ਜੇ ਤੁਸੀਂ ਆਪਣੇ ਆਪ ਨੂੰ ਸਮਾਜਿਕ ਤੌਰ ਤੇ ਦੂਜਿਆਂ ਦੇ ਬਰਾਬਰ ਕਰਨਾ ਹੈ ਤਾਂ ਇਕ ਹੀ ਤਰੀਕਾ ਹੈ । ਉਹ ਤਰੀਕਾ ਇਹ ਹੈ ਕਿ ਜ਼ਮੀਨ ਮੰਗੋ । ਸਰਕਾਰ ਉਨ੍ਹਾਂ ਨੂੰ ਜ਼ਮੀਨ ਦੇਵੇ ਅਤੇ ਨਾਲ ਹੀ ਬੈਲ ਵਗੈਰਾ ਖਰੀਦਣ ਲਈ ਕਰਜ਼ੇ ਵੀ ਦੇਵੇ ਤਾਂ ਜੋ ਉਹ ਮਾਲਕ ਬਣਨ ਅਤੇ ਦੂਜੇ ਮਾਲਕਾਂ ਦੇ ਨਾਲ ਮਿਲਣ । ਇਸ ਨਾਲ ਉਨ੍ਹਾਂ ਦਾ ਆਰਥਕ ਤੌਰ ਤੇ ਦਰਜਾ ਉਚਾ ਹੋਵੇਗਾ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਨਿਰਾ ਨੰਬਰਦਾਰੀ ਦਾ ਛੱਜ ਹੀ ਨਾ ਲੈ ਲੈਣ ।

ਮੈਂ ਸਮਝਦਾ ਹਾਂ ਕਿ ਹਰੀਜਨ ਭਰਾਵਾਂ ਨੂੰ ਭੁਲੇਖੇ ਵਿਚ ਪਾਇਆ ਜਾ ਰਿਹਾ ਹੈ । ਇਨ੍ਹਾਂ ਚੀਜ਼ਾਂ ਨਾਲ ਉਨ੍ਹਾਂ ਦੀ ਆਰਥਕ ਹਾਲਤ ਕਦੇ ਵੀ ਚੰਗੀ ਨਹੀਂ ਹੋ ਸਕਦੀ । ਅੱਜ ਕਾਂਗਰਸ ਦੀ ਆਜ਼ਮਾਇਸ਼ ਹੈ, ਅੱਜ ਦੂਜੇ ਪਾਸੇ ਬੈਠੇ ਉਨ੍ਹਾਂ ਭਰਾਵਾਂ ਦੀ ਆਜ਼ਮਾਇਸ਼ ਹੈ ਜਿਹੜੇ ਰੋਜ਼ ਬਾਂਗਾਂ ਦੇਂਦੇ ਅਤੇ ਦਾਵੇ ਕਰਦੇ ਹਨ ਕਿ ਉਹ ਹਰੀਜਨਾਂ ਦੇ ਖੈਰਖਾਹ ਹਨ । ਹੁਣੇ ਪਤਾ ਲਗ ਜਾਏਗਾ ਕਿ ਉਨ੍ਹਾਂ ਦੇ ਦਾਵਿਆਂ ਵਿਚ ਕਿੰਨੀ ਸਚਾਈ ਹੁੰਦੀ ਹੈ । ਸਰਦਾਰ ਪਰਤਾਪ ਸਿੰਘ ਹੋਰੀਂ ਉਠ ਕੇ ਕਹਿਣਗੇ 'ਮੇਰੇ ਦਿਲ ਵਿਚ ਹਰੀਜਨਾਂ ਲਈ ਬੜਾ ਦਰਦ ਹੈ ਪਰ ਮੈਨੂੰ ਯਕੀਨ ਹੈ ਕਿ ਉਹ ਆਪਣਾ ਦਿਲ ਤਾਂ ਹਰੀਜਨਾਂ ਨੂੰ ਦੇ ਦੇਣਗੇ ਜ਼ਮੀਨ ਨਹੀਂ ਦੇਣਗੇ (ਹਾਸਾ) ਦਿਲ ਦੀ ਵੇਖੀ ਜਾਏਗੀ, ਹਰੀਜਨ ਭਰਾਵਾਂ ਨੂੰ ਉਨ੍ਹਾਂ ਤੋਂ ਜ਼ਮੀਨ ਮੰਗਣੀ ਚਾਹੀਦੀ ਹੈ। ਉਸ ਪਾਸੇ ਦੇ ਹੋਰ ਕਈ ਭਰਾ ਉਠ ਕੇ ਕਹਿਣਗੇ 'ਦਿਲ ਤਾਂ ਸਾਡਾ ਤੁਹਾਡੇ ਨਾਲ ਹੈ ਪਰ ਵੋਟ ਦੂਜੇ ਪਾਸੇ ਪਾਵਾਂਗੇ' ।

ਮੈਂ ਸਭ ਭਰਾਵਾਂ ਨੂੰ ਅਪੀਲ ਕਰਦਾ ਹਾਂ ਕਿ ਉਹ Resolution ਦੀ ਹਿਮਾਇਤ ਕਰ ਕੇ ਹਰੀਜਨਾਂ ਨੂੰ waste lands ਦਿਵਾਣ ਤਾਂ ਜੋ ਉਨ੍ਹਾਂ ਵਿਚ ਫੈਲੀ ਹੋਈ ਬੇਕਾਰੀ ਦੂਰ ਹੋਵੇ ਤੇ ਉਨ੍ਹਾਂ ਦੀ ਆਰਥਕ ਹਾਲਤ ਚੰਗੀ ਹੋਵੇ ।

Mr. Speaker : Motion moved—

This Assembly recommends to the the Government to distribute all Government waste land in the State among Harijan Agricultural Labourers Gratis.

Sardar Khem Singh (Amritsar) : Sir I beg to move—

that in line 2, between the words " waste land " and " in " the words amounting to 7 lack acres be inserted.

ਪ੍ਰਧਾਨ ਜੀ, ਮੈਂ ਇਹ amendment ਇਸ ਕਰ ਕੇ ਪੇਸ਼ ਕਰ ਰਿਹਾ ਹਾਂ ਕਿਉਂਕਿ ਮੈਂ ਸਮਝਦਾ ਹਾਂ ਕਿ ਸ੍ਰ; ਅਛਰ ਸਿੰਘ ਛੀਨਾ ਸਾਹਿਬ ਨੇ ਜੋ Resolution ਪੇਸ਼ ਕੀਤਾ

[ਸਰਦਾਰ ਖੇਮ ਸਿੰਘ]

ਹੈ ਉਸ ਦੇ ਵਿਚ ਥੋੜੀ ਜਿਹੀ ਇਕ ਕਮੀ ਰਹਿ ਗਈ ਸੀ । ਸਰਕਾਰ ਦੇ ਅਪਣੇ estimate ਦੇ ਮੁਤਾਬਿਕ ਪੰਜਾਬ ਵਿਚ ਐਸ ਵੇਲੇ ਸੱਤ ਲੱਖ ਏਕੜ ਬੰਜਰ ਜ਼ਮੀਨ ਪਈ ਹੋਈ ਹੈ । ਅਸੀਂ ਚਾਹੁੰਦੇ ਹਾਂ ਕਿ ਇਹ ਜ਼ਮੀਨਾਂ ਹਰੀਜਨਾਂ ਅਤੇ ਹੋਰ backward classes ਦੇ ਆਦਮੀਆਂ ਨੂੰ ਦਿਤੀਆਂ ਜਾਣ ।

ਮਹਾਤਮਾ ਗਾਂਧੀ ਜੀ ਨੇ ਹਰੀਜਨਾਂ ਨੂੰ ਹਰ ਲਿਹਾਜ਼ ਨਾਲ ਦੂਜਿਆਂ ਦੇ ਬਰਾਬਰ ਦਰਜਾ ਦੇਣ ਦਾ mission ਆਪਣੇ ਤੇ ਕਾਂਗਰਸ ਦੇ ਸਾਹਮਣੇ ਰਖਿਆ ਸੀ ਅਤੇ ਸਾਡੇ ਸਭ ਲੀਡਰਾਂ ਨੇ ਇਸ ਨੂੰ ਬੜੇ ਜ਼ੋਰ ਸ਼ੋਰ ਨਾਲ ਅਪਨਾਉਣ ਦਾ ਪ੍ਰਣ ਕੀਤਾ ਸੀ ਤੇ ਕਿਹਾ ਸੀ ਕਿ ਜਦੋਂ ਸਾਡੇ ਹੱਥ ਵਿਚ ਹਕੂਮਤ ਆਏਗੀ ਅਸੀਂ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਕੋਈ ਕਸਰ ਨਹੀਂ ਛੱਡਾਂਗੇ । ਮੈਂ ਪੰਜਾਬ ਸਰਕਾਰ ਨੂੰ ਵਧਾਈ ਦੇਂਦਾ ਹਾਂ ਕਿ ਪਿਛਲੇ ਦੋ ਸਾਲਾਂ ਵਿਚ ਹਰੀਜਨਾਂ ਦੀ ਹਾਲਤ ਨੂੰ ਹਰ ਲਿਹਾਜ਼ ਨਾਲ ਬੇਹਤਰ ਬਨਾਉਣ ਲਈ ਇਸ ਨੇ ਕੋਈ ਢਿਲ ਨਹੀਂ ਕੀਤੀ । ਸ਼ਾਮਲਾਤਾਂ ਵਿਚ ਹਰੀਜਨਾਂ ਨੂੰ ਹਿੱਸਾ ਦੇਣ ਦਾ ਕਾਨੂੰਨ ਬਣਾ ਕੇ, ਮੁਲਾਜ਼ਮਤਾਂ ਵਿਚ reservation ਕਰ ਕੇ ਤਾਲੀਮ ਲਈ ਉਨ੍ਹਾਂ ਨੂੰ ਸਹੂਲਤਾਂ ਦੇ ਕੇ ਪੰਚਾਇਤ ਰਾਜ ਕਾਇਮ ਕਰ ਕੇ, ਸਾਡੀ ਸਰਕਾਰ ਨੇ ਹਰੀਜਨਾਂ ਦੀ ਜੋ ਮਦਦ ਕੀਤੀ ਉਸ ਲਈ ਉਸਦੀ ਜਿਨੀਂ ਵੀ ਪਰਸੰਸਾ ਕੀਤੀ ਜਾਏ ਥੋੜੀ ਹੈ । ਪੰਚਾਇਤਾਂ ਵਿਚ ਹਰੀਜਨਾਂ ਲਈ ਕੀਤੀ ਗਈ reservation ਤੋਂ ਉਨ੍ਹਾਂ ਨੇ ਬਹੁਤ ਫਾਇਦਾ ਉਠਾਇਆ ਹੈ । ਅੱਜ ਹਰ ਪੰਚਾਇਤ ਵਿਚ ਹਰੀਜਨ ਸ਼ਾਮਲ ਹਨ, ਕਈ ਥਾਵਾਂ ਤੇ ਉਹ ਸਰਪੰਚ ਵੀ ਬਣੇ ਹੋਏ ਹਨ । ਸਾਡੀ ਸਰਕਾਰ ਮਹਾਤਮਾ ਜੀ ਦੇ ਦਸੇ ਹੋਏ mission ਨੂੰ ਪੂਰਾ ਕਰਣ ਦੀ ਹਰ ਤਰ੍ਹਾਂ ਕੋਸ਼ਸ਼ ਕਰ ਰਹੀ ਹੈ । ਪੰਚਾਇਤਾਂ ਰਾਹੀਂ ਉਨ੍ਹਾਂ ਦੇ ਹਕੂਕ ਦੀ ਰਾਖੀ ਹੋ ਰਹੀ ਹੈ ।

ਤਾਲੀਮ ਦੇ ਲਿਹਾਜ਼ ਨਾਲ ਅੱਜ ਹਰੀਜਨ ਬਹੁਤ ਅਗੇ ਵਧ ਗਏ ਹਨ । ਪਿਛਲੇ ਸਾਲ ਸਰਕਾਰ ਨੇ ਉਨ੍ਹਾਂ ਦੀ ਤਾਲੀਮੀ ਤਰੱਕੀ ਲਈ 8 ਲੱਖ ਰੁਪਏ ਦੀ ਰਕਮ ਰਖੀ ਸੀ । ਇਨ੍ਹਾਂ ਸਭ ਚੀਜ਼ਾਂ ਲਈ ਅਸੀਂ ਪੰਜਾਬ ਸਰਕਾਰ ਦਾ ਸ਼ੁਕਰੀਆ ਅਦਾ ਕਰਦੇ ਹਾਂ ।

ਅੱਜ ਜਿਹੜਾ resolution ਛੀਨਾ ਸਾਹਿਬ ਨੇ ਪੇਸ਼ ਕੀਤਾ ਹੈ ਮੈਂ ਉਸਦੀ ਤਾਈਦ ਕਰਦਾ ਹਾਂ ਤੇ ਪੰਜਾਬ ਸਰਕਾਰ ਤੇ ਹੋਰ ਕਾਂਗਰਸੀ ਭਰਾਵਾਂ ਅਗੇ ਬਿਨੇ ਕਰਦਾ ਹਾਂ ਕਿ ਜੇ ਉਹ ਮਹਾਤਮਾਜੀ ਦੇ mission ਅਨੁਸਾਰ ਹਰੀਜਨਾਂ ਨੂੰ ਬਰਾਬਰ ਦਾ ਦਰਜਾ ਦੇਣਾ ਚਾਹੁੰਦੇ ਹਨ ਤਾਂ ਜਿਥੇ ਹੋਰ ਐਨੀਆਂ ਸਹੂਲਤਾਂ ਉਨ੍ਹਾਂ ਨੂੰ ਦਿਤੀਆਂ ਗਈਆਂ ਹਨ, ਉਥੇ ਉਨ੍ਹਾਂ ਨੂੰ ਜ਼ਮੀਨ ਦੇਣ ਦੇ ਸਵਾਲ ਤੇ ਵੀ ਹਮਦਰਦੀ ਨਾਲ ਵਿਚਾਰ ਕੀਤੀ ਜਾਏ । ਜੇ ਉਨ੍ਹਾਂ ਨੂੰ ਜ਼ਮੀਨਾਂ ਮਿਲ ਜਾਣ ਤਾਂ ਉਹ ਇਜ਼ਤ ਨਾਲ ਆਪਣਾ ਜੀਵਨ ਬਤੀਤ ਕਰ ਸਕਣਗੇ ਅਤੇ ਦੂਜਿਆਂ ਦੇ level ਤੇ ਜਲਦੀ ਪਹੁੰਚ ਸਕਣਗੇ ।

ਮੈਂ ਇਸ ਗਲ ਦਾ ਜ਼ਿਕਰ ਕੀਤੇ ਬਿਨਾ ਨਹੀਂ ਰਹਿ ਸਕਦਾ ਕਿ ਹਰੀਜਨਾਂ ਦੀ ਹਾਲਤ ਨੂੰ ਬੇਹਤਰ ਬਣਾਉਣ ਲਈ ਸਭ ਤੋਂ ਵਡਾ ਹੱਥ ਸਾਡੇ Labour Minister ਸਾਹਿਬ ਦਾ ਹੈ । ਉਨ੍ਹਾਂ ਨੇ ਹਰੀਜਨਾਂ ਦੇ ਹਕੂਕ ਦੀ ਬੜੀ ਚੰਗੀ ਤਰ੍ਹਾਂ ਰਾਖੀ ਕੀਤੀ ਹੈ ਤੇ ਉਨ੍ਹਾਂ ਨੂੰ ਹੋਰ ਬਹੁਤ ਸਾਰੇ ਹਕੂਕ ਦੇਣ ਲਈ ਪੂਰੀ ੨ ਕੋਸ਼ਿਸ਼ ਕੀਤੀ ਹੈ । ਉਨ੍ਹਾਂ ਨੇ ਹਰੀਜਨਾਂ ਦੀ ਭਲਾਈ ਲਈ ਸੱਚੇ ਦਿਲ ਨਾਲ ਕੰਮ ਕੀਤਾ ਹੈ ਤੇ ਕਰ ਰਹੇ ਹਨ । ਜਿਸ ਤਰੀਕੇ ਨਾਲ ਉਹ ਪਿਛਲੇ ਦੋ ਸਾਲਾਂ ਤੋਂ ਹਰੀਜਨਾਂ ਦੀ uplift ਲਈ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰਾਖੀ ਲਈ ਲੜਦੇ ਰਹੇ ਹਨ, ਉਹਦੇ ਲਈ ਅਸੀਂ ਉਨ੍ਹਾਂ ਦਾ ਹਾਰਦਿਕ ਧਨਵਾਦ ਕਰਦੇ ਹਾਂ ।

ਇਸ ਸੱਚੇ leader ਦੀ ਪਰਖ ਸਾਡੇ ਵਿਚੋਂ ਹਰ ਸ਼ਖਸ ਨਹੀਂ ਕਰ ਸਕਦਾ ਪਰ ਮੈਨੂੰ ਪਤਾ ਹੈ ਕਿ ਪੰਜਾਬ ਤਾਂ ਕੀ ਸਾਰੇ ਹਿੰਦੁਸਤਾਨ ਵਿਚ ਇਨ੍ਹਾਂ ਵਰਗਾ ਸੱਚਾ leader ਨਹੀਂ ਮਿਲ ਸਕਦਾ। ਹਰੀਜਨਾਂ ਦੀ ਸੇਵਾ ਦਾ mission ਜਿਹੜਾ ਉਨ੍ਹਾਂ ਨੇ ਆਰੰਭ ਕੀਤਾ, ਓਹਨੂੰ ਅੱਜ ਵੀ ਉਹ ਚੰਗੀ ਤਰ੍ਹਾਂ ਚਲਾ ਰਹੇ ਹਨ । ਗ੍ਰਾਮ ਪੰਚਾਇਤ ਬਿਲ ਪੇਸ਼ ਕਰਦਿਆਂ ਹੋਇਆਂ ਮਾਨਯੋਗ ਮੁਖ ਮੰਤਰੀ ਜੀ ਨੇ ਕਿਹਾ ਸੀ ਕਿ ਉਹ ਕਿਸੇ ਹਰੀਜਨ ਨੂੰ Governor ਦੇ ਅਹੁਦੇ ਤੇ ਨਿਯੁਕਤ ਹੋਇਆ ਵੇਖਣਾ ਚਾਹੁੰਦੇ ਹਨ । ਮਹਾਤਮਾ ਜੀ ਨੇ ਵੀ ਇਕ ਵਾਰੀ ਕਿਹਾ ਸੀ ਕਿ ਉਹ ਦਿਨ ਦੂਰ ਨਹੀਂ ਜਦੋਂ ਇਕ ਹਰੀਜਨ ਹਿੰਦੁਸਤਾਨ ਦਾ President ਹੋਏਗਾ। ਜੇ ਸਾਡੀ ਸਰਕਾਰ ਗਾਂਧੀ ਜੀ ਦੇ ਦੱਸੇ ਹੋਏ ਮਾਰਗ ਉਪਰ ਚਲਦੀ ਰਹੀ, ਤਾਂ ਇਸ ਸੁਪਨੇ ਦਾ ਪੂਰਾ ਹੋ ਜਾਣਾ ਕੋਈ ਬੜੀ ਗਲ ਨਹੀਂ ਹੋਵੇਗੀ ।

ਇਹ ਠੀਕ ਹੈ ਕਿ ਇਹ Resolution ਕਮਯੂਨਿਸਟ ਪਾਰਟੀ (Communist Party) ਵਲੋਂ ਪੇਸ਼ ਹੋਇਆ ਹੈ ਪਰ ਮੈਂ ਕਹਿੰਦਾ ਹਾਂ ਕਿ ਜਦ ਕਾਂਗਰਸ ਵੀ ਹਰੀਜਨਾਂ ਦਾ ਦਰਜਾ ਦੂਜਿਆਂ ਦੇ ਬਰਾਬਰ ਉੱਚਾ ਕਰਨਾ ਚਾਹੁੰਦੀ ਹੈ ਤਾਂ ਇਸ ਦੀ ਕਿਉਂ support ਨ ਕੀਤੀ ਜਾਵੇ? ਮੈਂ ਇਸ ਦੀ ਹਿਮਾਇਤ ਕਰਕੇ ਕਮਯੂਨਿਸਟਾਂ ਦਾ ਪਖ ਨਹੀਂ ਕਰ ਰਿਹਾ ਹਾਂ ਬਲਕਿ ਹਰੀਜਨ ਜਨਤਾ ਦੀ ਹਿਮਾਇਤ ਕਰ ਰਿਹਾ ਹਾਂ । ਮੈਂ ਇਸ ਦੀ ਹਿਮਾਇਤ ਕਰਨਾ ਅਪਣਾ ਫਰਜ਼ ਸਮਝਦਾ ਹਾਂ ਤੇ ਮੁਖ-ਮੰਤਰੀ ਜੀ ਨੂੰ ਦਰਖਾਸਤ ਕਰਦਾ ਹਾਂ ਕਿ ਉਹ ਇਸ ਮਤੇ ਦਾ ਫੈਸਲਾ ਹਾਊਸ ਪੁਰ ਛੱਡ ਦੇਣ ਤੇ ਜਿਹੜਾ ਫੈਸਲਾ ਹਾਊਸ ਕਰੇ ਉਸਨੂੰ ਮੰਨ ਲੇਣ। ਹਰੀਜਨਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ ਹਨ । ਮੈਂ ਤਾਂ ਕਹਾਂਗਾ ਕਿ ਇਸ Ministry ਦੇ makers ਵੀ ਉਹੀ ਹਨ ।

ਪ੍ਰਧਾਨ ਜੀ, ਹਰੀਜਨਾਂ ਨੇ General Elections ਵਿਚ ਕਾਂਗ੍ਰਸ ਦੀ ਬੜੀ ਮਦਦ ਕੀਤੀ ਸੀ, ਉਨ੍ਹਾਂ ਲੋਕਾਂ ਨੇ ਅਪਣੇ vote ਦੇ ਕੇ ਕਾਂਗ੍ਰਸ ਪਾਰਟੀ ਨੂੰ ਕਾਮਯਾਬ ਬਣਾਇਆ ਹੈ। ਇਹ ਠੀਕ ਹੈ ਕਿ ਕਾਂਗ੍ਰਸ ਗਵਰਨਮੈਂਟ ਨੇ ਉਨ੍ਹਾਂ ਨੂੰ ਖਾਸ ਰਿਆਇਤਾਂ ਦਿਤੀਆਂ ਹਨ, ਨੌਕਰੀਆਂ ਵਿਚ reservation ਰਖੀਆਂ ਹਨ । ਲੇਕਿਨ ਸਾਡੀ population ਦੇ ਹਿਸਾਬ ਨਾਲ ਉਨ੍ਹਾਂ ਉਪਰ ਇਹ ਕੋਈ ਖਾਸ ਮਿਹਰਬਾਨੀ ਨਹੀਂ ਕੀਤੀ ਜਾ ਰਹੀ । ਉਹ ਸਾਡੇ ਲੋਕਾਂ ਦਾ ਹਕ ਹੈ । ਫੇਰ ਵੀ ਪੰਜਾਬ ਸਰਕਾਰ ਹਰੀਜਨਾਂ ਵਾਸਤੇ ਬਹੁਤ ਕੁਝ ਕਰ ਰਹੀ ਹੈ ਇਸ ਕਰਕੇ ਮੈਂ ਉਸ ਦਾ ਧਨਵਾਦ ਕਰਦਾ ਹਾਂ। ਲੇਕਿਨ ਮੈਂ ਪੰਜਾਬ ਸਰਕਾਰ ਨੂੰ ਇਹ ਗਲ ਦਸ ਦੇਣਾ ਚਾਹੁੰਦਾ ਹਾਂ ਕਿ ਜੇਕਰ ਉਨਾਂ ਨੂੰ ਜ਼ਮੀਨਾਂ ਨ ਮਿਲੀਆਂ ਤਾਂ ਉਹ ਲੋਕ ਮਜਬੂਰ ਹੋ ਜਾਣਗੇ ਅਤੇ ਅਪਣੀ ਤਾਕਤ ਨਾਲ [ਵਿਘਣ] ਪ੍ਰਧਾਨ ਜੀ, ਜੇ ਕੋਈ ਆਦਮੀ ਅੱਜ ਕਲ ਹਰੀਜਨਾਂ ਦੀ ਤਾਕਤ ਨੂੰ ਪਰਖਣਾ ਚਾਹੁੰਦਾ ਹੈ ਤਾਂ ਮੈਂ ਉਸ ਨੂੰ challenge ਕਰਦਾ ਹਾਂ ਕਿ ਉਹ ਮੈਦਾਨੇਜੰਗ ਵਿਚ ਆਵੇ ਅਤੇ ਹਰੀਜਨਾਂ ਦੀ ਤਾਕਤ ਨੂੰ ਅਜ਼ਮਾਵੇ । ਪ੍ਰਧਾਨ ਜੀ, ਆਪਦੇ ਰਾਹੀਂ ਮੈਂ ਹਰੀਜਨ ਮੈਂਬਰਾਂ ਨੂੰ ਅਪੀਲ ਕਰਾਂਗਾ ਕਿ ਉਹ ਇਸ ਵੇਲੇ ਅਪਣੇ leader, ਚੌਧਰੀ ਸੁੰਦਰ ਸਿੰਘ, ਜਿਹੜੇ ਕਿ ਲੇਬਰ ਵਜ਼ੀਰ ਹਨ, ਅਤੇ ਸਾਡੀ ਪਾਰਟੀ ਨੂੰ ਲੀਡ (lead) ਕਰ ਰਹੇ ਹਨ, ਉਨ੍ਹਾਂ ਦੇ ਨਾਲ ਮਿਲ ਕੇ ਚਲਣ ।

Shri Ram Kishan : On a point of Order, Sir. The hon. Member is not speaking on the Resolution.

Mr. Speaker : He is speaking on the Resolution in his mind.

ਸਰਦਾਰ ਖੇਮ ਸਿੰਘ : ਪ੍ਰਧਾਨ ਜੀ, ਇਸ ਸਮੇਂ ਸਾਡੇ ਹਰੀਜਨ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਇਕ ਮੁੱਠ ਹੋ ਜਾਣ ਅਤੇ ਇਸ Resolution ਨੂੰ support ਕਰਨ । ਮੈਂ ਤਾਂ ਇਸ ਗਲ ਦੀ favour ਵਿਚ ਹਾਂ ਕਿ ਨਾ ਸਿਰਫ ਹਰੀਜਨਾਂ ਨੂੰ ਬਲਕਿ ਸਬ ਗਰੀਬ ਆਦਮੀਆਂ ਨੂੰ ਸੂਬੇ ਵਿਚ ਜ਼ਮੀਨ ਦਿਤੀ ਜਾਵੇ । ਮੈਂ ਚਾਹੁੰਦਾ ਹਾਂ ਕਿ ਸਰਕਾਰ ਅਛੱਰ ਸਿੰਘ ਛੀਨਾ ਸਾਹਿਬ ਦੇ resolution ਵਿਚ ਇਹ addition ਕੀਤੀ ਜਾਣੀ ਚਾਹੀਦੀ ਹੈ ਕਿ ਨ ਸਿਰਫ ਹਰੀਜਨ ਬਲਕਿ ਸਬ ਗਰੀਬ ਆਦਮੀਆਂ ਅਤੇ backward classes ਨੂੰ ਜ਼ਮੀਨ ਦਿਤੀ ਜਾਵੇ ਤਾਂਕਿ ਸਬ ਲੋਕਾਂ ਨੂੰ ਇਕੋ level ਤੇ ਲਿਆਂਦਾ ਜਾਵੇ ।

अध्यक्ष महोदय : अब आप origional resolution से बहुत परे चले गए हैं । वहां तो केवल Harijan Agricultural Labourer लिखा है और आप गरीब आदमी और backward classes को भी बीच में शामिल कर रहे हैं । आप Resolution पर बोलें ।

ਸਰਦਾਰ ਖੇਮ ਸਿੰਘ : ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਜਿਹੜਾ Resolution ਛੀਨਾ ਸਾਹਿਬ ਨੇ ਪੇਸ਼ ਕੀਤਾ ਹੈ ਇਸ ਨੂੰ ਪਾਸ ਕੀਤਾ ਜਾਵੇ ।

Mr. Speaker : Motion moved—

That in line 2, between the words waste land and "in" the words "amounting to 7 lakh acres" be inserted.

ਸਰਦਾਰ ਮੋਹਨ ਸਿੰਘ (ਤਰਨ ਤਾਰਨ) : ਸਤਕਾਰ ਯੋਗ ਸਪੀਕਰ ਸਾਹਿਬ, ਜਿਹੜਾ ਮਤਾ ਸਰਦਾਰ ਅੱਛਰ ਸਿੰਘ ਛੀਨਾ ਨੇ ਪੇਸ਼ ਕੀਤਾ ਹੈ ਮੈਂ ਇਸ ਸਬੰਧੀ ਆਪਣੇ ਵਿਚਾਰ ਹਾਊਸ ਦੇ ਸਾਮ੍ਹਣੇ ਰਖਣ ਲਈ ਖੜਾ ਹੋਇਆ ਹਾਂ । ਮੈਂ ਇਸ ਮਤੇ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ । ਮੈਂ ਇਸ ਸਿੱਟੇ ਉਪਰ ਪਹੁੰਚਿਆ ਹਾਂ ਕਿ ਇਨ੍ਹਾਂ ਨੇ ਇਹ Resolution ਇਸ ਕਰਕੇ ਨਹੀਂ ਪੇਸ਼ ਕੀਤਾ ਕਿ ਸਚ ਮੁਚ ਇਹ ਲੋਕ ਹਰੀਜਨਾਂ ਨੂੰ ਜ਼ਮੀਨਾਂ ਲੈ ਦੇਣਗੇ ਬਲਕਿ ਨਤੀਜਾ ਤੇ ਉਹੋ ਨਿਕਲੇਗਾ ਕਿ ਦੋ ਭਾਈ ਇਕਠੇ ਡੰਡੀਏ ਡੰਡੀ ਜਾ ਰਹੇ ਸਨ ਇਕ ਨੇ ਪੁਛਿਆ ਕਿ ਕਮਾਦ ਕਿਸਦਾ ਹੈ ਦੂਸਰੇ ਨੇ ਜਵਾਬ ਦਿਤਾ ਕਿ ਆਪਣਾ ਹੀ ਹੈ ! ਦੂਸਰੇ ਖੇਤ ਦੇ ਬਾਰੇ ਵਿਚ ਫਿਰ ਉਸਨੇ ਪੁਛਿਆ ਕਿ ਕਮਾਦ ਕਿਸਦਾ ਹੈ ? ਜਵਾਬ ਦਿਤਾ ਕਿ ਆਪਣਾ ਹੀ ਹੈ । ਜਦੋਂ ਪਹਿਲੇ ਨੇ ਕਿਹਾ ਕਿ ਗੰਨਾ ਭੰਨ ਲਈਏ ਤਾਂ ਦੂਸਰਾ ਕਹਿਣ ਲਗਾ ਕਿ ਨਾ, ਜਿਨ੍ਹਾਂ ਦਾ ਕਮਾਦ ਹੈ ਉਹ ਮਾਰਨਗੇ । ਮੇਰਾ ਮਤਲਬ ਇਹ ਹੈ ਕਿ ਇਹ ਲੋਗ ਬਾਹਰ ਜਾਕੇ ਜਨਤਾਂ ਨੂੰ ਕਹਿਣਗੇ ਕਿ ਅਸੀਂ ਤਾਂ ਬਹੁਤ ਕੋਸ਼ਿਸ਼ ਕੀਤੀ ਸੀ ਲੇਕਿਨ ਜਿਨ੍ਹਾਂ ਦਾ ਇਖਤਿਆਰ ਹੈ ਉਹ ਨਹੀਂ ਮੰਨੇ । ਅਸੀਂ ਤੇ ਜ਼ਮੀਨਾਂ ਦੁਆਉਣ ਦੇ ਹਾਮੀ ਹਾਂ । ਉਹੋ ਗਲ ਹੋਈ ਕਿ "ਮਾਂ ਨਾਲੋਂ ਹੇਜਲੀ ਫਫੇਕੁਟਣ ।"

अध्यक्ष महोदय : यह शब्द आप की शान के शायां नहीं है ।

ਸਰਦਾਰ ਮੋਹਨ ਸਿੰਘ : ਪ੍ਰਧਾਨ ਜੀ, ਤੁਸੀਂ ਕਹਿੰਦੇ ਹੋ ਤਾਂ ਮੈਂ ਇਹ ਲਫਜ਼ ਨਹੀਂ ਕਹਿੰਦਾ ਵੈਸੇ ਇਹ ਮੁਹਾਵਰਾ ਬਿਲਕੁਲ ਠੀਕ ਬੈਠਦਾ ਹੈ । ਮੇਰਾ ਕਹਿਣ ਦਾ ਮਤਲਬ ਇਹ

ਹੈ ਕਿ Resolution ਪੇਸ਼ ਕਰਨ ਤੋਂ ਪਹਿਲਾ ਉਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਕੀ ਇਹ Resolution ਪਾਸ ਹੋ ਜਾਣ ਨਾਲ ਸਭ ਹਰੀਜਨਾਂ ਨੂੰ ਜ਼ਮੀਨਾਂ ਮਿਲ ਜਾਣਗੀਆਂ। ਪ੍ਰਧਾਨ ਜੀ, ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਅੰਮ੍ਰਿਤਸਰ ਜ਼ਿਲੇ ਵਿਚ ਸਭ ਜਗਾਹ ਤੋਂ ਜ਼ਿਆਦਾ ਹਰੀਜਨਾਂ ਦੀ ਆਬਾਦੀ ਹੈ ਲੇਕਿਨ ਉਥੇ ਇਕ ਮਰਲਾ ਦਿਤੇ ਜਾਣ ਵਾਲੀ Government waste land ਦਾ ਵੀ ਨਹੀਂ ਹੈ। ਮੇਰੇ ਵੀਰ ਨੇ ਕਿਹਾ ਹੈ ਕਿ ਹਰੀਜਨਾਂ ਵਿਚ ਬੇਕਾਰੀ ਬਹੁਤ ਹੈ। ਮੈਂ ਮੰਨਦਾ ਹਾਂ ਕਿ ਕਈ ਕਈ ਜਗਾਹ ਉਪਰ ਬੇਕਾਰੀ ਹੋਵੇਗੀ, ਲੇਕਿਨ ਕੀ ਇਹ ਗਲ ਕਹਿਣੀ ਕਿ ਹਰ ਜਗਾਹ ਬੇਕਾਰੀ ਬਹੁਤ ਹੈ ਇਸ ਕਰਕੇ ਹਰੀਜਨਾਂ ਨੂੰ ਜ਼ਮੀਨਾਂ ਦਿਤੀਆਂ ਜਾਣ, ਹਰੀਜਨਾਂ ਨੂੰ ਝੂਠਾ ਲਾਰਾ ਦੇਣ ਦੇ ਬਰਾਬਰ ਨਹੀਂ ਹੈ? ਕੀਹ ਇਹ ਸੱਚ ਨਹੀਂ ਹੈ ਕਿ ਸਾਰੇ ਪੰਜਾਬ ਵਿਚ ਹਰੀਜਨ ਮਜ਼ਦੂਰੀ ਉਪਰ ਨਹੀਂ ਲਗੇ ਹੋਏ? Hon. Member ਸਾਹਿਬ ਦੀ ਤਹਸੀਲ ਵਿਚ ਜਿਥੇ ਕਿ ੭ ਲੱਖ ਰੁਪਿਆ ਰਾਵੀ ਉਪਰ ਬੰਦ ਲਗਾਉਣ ਵਾਸਤੇ ਮਨਜ਼ੂਰ ਹੋਇਆ ਹੈ ਬਹੁਤ ਸਾਰੇ ਹਰੀਜਨ ਮਜ਼ਦੂਰੀ ਕਰਨ ਲਈ ਗਏ ਹੋਏ ਹਨ। ਕੀ ਉਨ੍ਹਾਂ ਨੂੰ ਜ਼ਮੀਨ ਦਾ ਝਾਂਸਾ ਦੇ ਕੇ ਵਾਪਸ ਬੁਲਾਉਣ ਦਾ ਇਰਾਦਾ ਤੇ ਨਹੀਂ ਹੈ? ਇਹ ਲੋਕ ਤਾਂ ਕਹਿੰਦੇ ਹਨ ਕਿ ਸੂਬੇ ਵਿਚ ਬੇਕਾਰੀ ਹੈ ਅਤੇ ਹਰੀਜਨ ਬਹੁਤ ਬੇਕਾਰ ਹਨ। ਹਕੀਕਤ ਇਹ ਹੈ ਕਿ ਉਥੇ ਮਜ਼ਦੂਰ ਨਹੀਂ ਮਿਲ ਰਹੇ। (*Cheers*)

ਪ੍ਰਧਾਨ ਜੀ, ਤੁਸੀਂ ਕਿਸੇ ਪਿੰਡ ਵਿਚ ਚਲੇ ਜਾਉ ਤਾਂ ਤੁਸੀਂ ਵੇਖੋਗੇ ਕਿ ਜ਼ਿਮੀਂਦਾਰਾਂ ਨੂੰ ਤ੍ਰਿਆਲੀ ਵਾਸਤੇ ਆਦਮੀ ਨਹੀਂ ਮਿਲ ਰਹੇ। ਤਕਰੀਬਨ ਇਕ ਲੱਖ ਮਜ਼ਦੂਰ ਭਾਖੜਾ Canal ਉਪਰ ਕੰਮ ਕਰ ਰਿਹਾ ਹੈ। ਭਾਖੜਾ proper ਵਿਚ ਹਜ਼ਾਰਾਂ ਦੀ ਤਾਦਾਦ ਵਿਚ ਮਜ਼ਦੂਰ ਕੰਮ ਕਰ ਰਹੇ ਹਨ। ਉਨ੍ਹਾਂ ਵਿਚੋਂ ਢਾਈ ਹਜ਼ਾਰ ਦੇ ਕਰੀਬ ਮਜ਼ਦੂਰ ਅਜਿਹੇ ਹਨ ਜਿਨ੍ਹਾਂ ਨੂੰ ਅਛੇ ਅਛੇ ਕੁਆਟਰ ਮਿਲੇ ਹੋਏ ਹਨ ਜਿਨ੍ਹਾਂ ਵਿਚ first class flush system ਲਗਾ ਹੋਇਆ ਹੈ। ਇਸ ਲਈ ਸਪੀਕਰ ਸਾਹਿਬ, ਜਦੋਂ ਇਨ੍ਹਾਂ ਨੇ ਇਸ ਤਰ੍ਹਾਂ ਦੀਆਂ ਗਲਾਂ ਕੀਤੀਆਂ ਤਾਂ ਮੈਨੂੰ ਵੀ ਇਹ ਕੁਝ ਕਹਿਣਾ ਪਿਆ।

ਅਸਲ ਵਿਚ, ਮੈਂ ਸਮਝਦਾ ਹਾਂ ਕਿ ਜਦੋਂ ਦੀ ਕਾਂਗਰਸ਼ ਸਰਕਾਰ ਨੇ ਇਸ ਮੁਲਕ ਦੀ ਬਾਗ ਡੋਰ ਆਪਣੇ ਹੱਥ ਵਿਚ ਲਈ ਹੈ, ਆਜ਼ਾਦੀ ਤੋਂ ਪਹਿਲਾ ਹਰੀਜਨਾਂ ਨੂੰ ਦਿਤੇ ਗਏ ਵਾਅਦਿਆਂ ਵਿਚੋਂ ਬਹੁਤ ਸਾਰੇ ਵਾਅਦੇ ਪੂਰੇ ਕਰ ਦਿਤੇ ਹਨ। ਇਹੀ ਨਹੀਂ ਬਲਕਿ ਉਸ ਨੇ ਉਨ੍ਹਾਂ ਨੂੰ ਉਚਾ ਚੁਕਣ ਦਾ ਪੂਰਾ ਪੂਰਾ ਯਤਨ ਕੀਤਾ ਹੈ। ਕੀ ਇਹ ਇਸ ਸਰਕਾਰ ਦੀ ਇਸ ਪਾਲਿਸੀ ਦਾ ਨਤੀਜਾ ਨਹੀਂ ਕਿ ਅਜ ਇਸ ਅਸੈਂਬਲੀ ਵਿਚੋਂ ਉਨ੍ਹਾਂ ਭਰਾਵਾਂ ਵਿਚੋਂ ਕੁਝ ਭਰਾ ਮੈਂਬਰ ਬਣਕੇ ਬੈਠੇ ਹੋਏ ਹਨ? ਉਨ੍ਹਾਂ ਵਿਚੋਂ ਇਕ ਵਜ਼ੀਰ ਵੀ ਸਾਡੀ ਵਜ਼ਾਰਤ ਵਿਚ ਮੌਜੂਦ ਹਨ। ਚੰਗੀਆਂ ਚੰਗੀਆਂ ਨੌਕਰੀਆਂ ਉਤੇ ਹਰੀਜਨ ਭਰਾ ਕੰਮ ਕਰ ਰਹੇ ਹਨ। ਇਹੀ ਨਹੀਂ, ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਉਨ੍ਹਾਂ ਦੀ ਪੜ੍ਹਾਈ ਵਲ ਵੀ ਪੂਰਾ ਧਿਆਨ ਦਿਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ economic position ਤੇ social position ਸੁਧਾਰਨ ਲਈ ਉਨ੍ਹਾਂ ਨੂੰ ਪਿੰਡਾਂ ਵਿਚ ਪੰਚ ਤੇ ਸਰਪੰਚ ਬਣਾ ਦਿਤਾ ਗਿਆ ਹੈ। ਪ੍ਰਧਾਨ ਜੀ, ਇਹ ਗਲ ਕਹਿੰਦਿਆਂ ਮੈਨੂੰ ਇਕ ਪੇਂਡੂ ਮੁਹਾਵਰਾ ਯਾਦ ਆ ਗਿਆ ਹੈ। ਕਹਿੰਦੇ ਨੇ ਕਿ ਇਕ ਵਾਰੀ ਇਕ ਮੁੰਡੇ ਨੇ ਆਪਣੀ ਮਾਂ ਨੂੰ ਆਖਿਆ ਕਿ ਜੇ ਪਿੰਡ ਦਾ ਨੰਬਰਦਾਰ ਮਰ ਜਾਵੇ ਤਾਂ ਕੌਣ ਨੰਬਰਦਾਰ ਬਣੂ? ਮਾਂ ਨੇ ਕਿਹਾ, "ਪੁਤਰ! ਉਸ ਦਾ ਪੁਤਰ ਨੰਬਰਦਾਰ ਬਣ ਜਾਊ।" ਇਸ ਪੁਰ ਫੇਰ ਉਸ ਮੁੰਡੇ ਨੇ ਸੁਆਲ ਕੀਤਾ ਕਿ ਮਾਂ, ਜੇਕਰ ਉਸ ਦਾ ਪੁਤਰ ਵੀ ਮਰ ਜਾਏ ਤਾਂ

[ਸਰਦਾਰ ਮੋਹਨ ਸਿੰਘ]

ਫੇਰ ? ਇਸ ਸੁਆਲ ਦਾ ਜੁਆਬ ਦੇਂਦਿਆਂ ਹੋਇਆਂ ਉਸ ਮਾਈ ਨੇ ਕਿਹਾ ਕਿ ਉਹ ਵੀ ਮਰ ਜਾਏ ਤਾਂ ਉਸਦਾ ਭਰਾ ਨੰਬਰਦਾਰ ਬਣ ਜਾਊ । ਪਰ ਇਸ ਦੇ ਨਾਲ ਈ ਉਸ ਨੇ ਇਹ ਵੀ ਕਿਹਾ ਕਿ ਭਾਵੇਂ ਸਾਰਾ ਪਿੰਡ ਹੀ ਕਿਉਂ ਨਾ ਮਰ ਜਾਏ ਪਰ ਤੂੰ ਕਦੀ ਵੀ ਨੰਬਰਦਾਰ ਨਹੀਂ ਬਣ ਸਕਦਾ । ਪਰ ਹੁਣ ਸਾਡੀ ਇਸ ਸਰਕਾਰ ਨੇ ਉਸ ਸ਼ਰੇਣੀ ਦੇ ਆਦਮੀਆਂ ਨੂੰ ਵੀ ਨੰਬਰਦਾਰ ਬਣਾ ਦਿਤਾ ਹੈ। ਤਾਂ ਕੀ ਇਸਤਰ੍ਹਾਂ ਕਰਕੇ ਉਸ ਨੇ ਉਨ੍ਹਾਂ ਨੂੰ ਉਚੇ ਚੁਕਣ ਦੀ ਕੋਸ਼ਿਸ਼ ਨਹੀਂ ਕੀਤੀ ?

ਇਸ ਲਈ, ਪ੍ਰਧਾਨ ਜੀ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹੁਣ ਜਿਹੜਾ ਨਕਸ਼ਾ ਸਾਡੀ ਸਰਕਾਰ ਤਿਆਰ ਕਰ ਰਹੀ ਹੈ ਉਸ ਵਿਚ ਇਹ ਵੇਖਿਆ ਜਾ ਰਿਹਾ ਹੈ ਕਿ ਕਿੱਥੇ ਕਿੰਨੀ ਜ਼ਮੀਨ ਹੈ ਅਤੇ ਉਹ ਕਿਵੇਂ ਲੋਕਾਂ ਨੂੰ ਦਿੱਤੀ ਜਾ ਸਕਦੀ ਹੈ ? ਪ੍ਰਧਾਨ ਜੀ, ਤੁਸੀਂ ਆਪ ਹੀ ਸੋਚੋ ਕਿ ਜੇ ਹਰੀਜਨਾ ਨੂੰ ਜਿਹੜੇ ਕਿ ਮੁਜ਼ਾਰੇ ਭੀ ਸਨ ਮੋਰੂਸੀ ਹਕ ਦੇ ਕੇ ਉਨ੍ਹਾਂ ਨੂੰ ਜ਼ਮੀਨ ਦਾ ਮਾਲਕ ਬਣਾ ਦਿਤਾ ਹੈ, ਜੇ ਹਰੀਜਨਾਂ ਦੀਆਂ ਉਹ ਜ਼ਮੀਨਾਂ ਜਿਸ ਪੁਰ ਕਿ ਉਹ ਪਹਿਲਾਂ ਸਿਰਫ ਉਸੇ ਮਲਬੇ ਉਤੇ ਹੀ ਉਨ੍ਹਾਂ ਦਾ ਹਕ ਸੀ, ਉਸ ਜ਼ਮੀਨ ਦੇ ਮਾਲਿਕ ਵੀ ਬਣਾ ਦਿਤਾ ਹੈ, ਜੇ ਕਿਸੇ ਤਰ੍ਹਾਂ ਨਾਲ ਸਰਕਾਰ ਨੇ ਲੱਖਾਂ ਏਕੜ ਜ਼ਮੀਨ ਜਿਹੜੀ ਕਿ ਪਹਿਲਾਂ ਸ਼ਾਮਲਾਤਾਂ ਵਿਚ ਹੁੰਦੀ ਸੀ ਉਸ ਦਾ ਵੀ ਹਿੱਸੇਦਾਰ ਇਨ੍ਹਾਂ ਹਰੀਜਨ ਭਰਾਵਾਂ ਨੂੰ ਬਣਾ ਦਿੱਤਾ ਹੈ ਤਾਂ ਇਹ ਵੀ ਜ਼ਰੂਰੀ ਹੈ ਕਿ ਜਿਹੜੀ ਵੀ ਜ਼ਮੀਨ ਇਸ ਵੇਲੇ ਬੰਜਰ ਪਈ ਹੋਈ ਹੈ ਉਹ ਵੀ ਇਨ੍ਹਾਂ ਨੂੰ ਮਿਲੇਗੀ । ਅਤੇ ਇਹ ਸਰਕਾਰ ਬਿਨਾਂ ਇਸੇ ਰੇਜ਼ੋਲੀਊਸ਼ਨ ਦੇ ਲਿਆਏ ਉਨ੍ਹਾਂ ਨੂੰ ਇਹ ਜ਼ਮੀਨ ਦੇਵੇਗੀ ।

ਅਖੀਰ ਵਿਚ, ਪ੍ਰਧਾਨ ਜੀ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਭਰਾ ਬਿਲਕੁਲ ਖੋਖਲਾ ਪ੍ਰਾਪੇਗੰਡਾ ਭੀ ਕਰਦੇ ਹਨ । ਮੈਨੂੰ ਫੇਰ ਇਕ ਗਲ ਯਾਦ ਆ ਗਈ ਹੈ । ਇਕ ਵਾਰੀ ਕਿਸੇ ਜਗਾਹ ਕੋਈ ਨਕਲੀਏ ਨਕਲਾਂ ਕਰ ਰਹੇ ਸਨ । ਇਕ ਨਕਲੀਆ ਕਹਿਣ ਲਗਾ ਕਿ ਭਾਈ ਮੈਂ ਚੰਗੀ ਨਕਲ ਕੀਤੀ ਹੈ ਇਸ ਲਈ ਮੈਨੂੰ ਇਨਾਮ ਮਿਲਣਾ ਚਾਹੀਦਾ ਹੈ । ਦੂਜਾ ਕਹਿੰਦਾ ਹੈ ਕਿ ਚੰਗਾ ਮੈਂ ਤੈਨੂੰ ਪੰਜ ਸੌ ਰੁਪਈਏ ਇਨਾਮ ਦਿੰਦਾ ਹਾਂ । ਉਸ ਨੇ ਕਿਹਾ ਕਿ ਨਹੀਂ, ਇਹ ਥੋੜਾ ਹੈ । ਦੂਜੇ ਨੇ ਕਿਹਾ ਚੰਗਾ ਜੇ ਥੋੜਾ ਈ ਤਾਂ ਲੈ ਤੈਨੂੰ ਇਕ ਹਜ਼ਾਰ ਰੁਪਿਆ ਇਨਾਮ ਦਿਤਾ । ਉਸ ਨੇ ਕਿਹਾ ਕਿ ਚੰਗਾ ਇਕ ਹਜ਼ਾਰ ਈ ਦੇ [ਜੁਆਬ ਮਿਲਿਆ, ਕਿਥੋਂ ਦੇਵਾਂ ? ਮੇਰੇ ਕੋਲ ਤੇ ਕੋਈ ਪੈਸੇ ਨਹੀਂ । ਮੇ ਮੇਰੀ ਅਰਜ਼ ਇਹ ਹੈ ਕਿ ਇਨ੍ਹਾਂ ਪਾਸ ਹੈ ਤਾਂ ਕੁਝ ਵੀ ਨਹੀਂ । ਜਦ ਇਨ੍ਹਾਂ ਕੋਲ ਇਖਤਿਆਰ ਹੀ ਕੋਈ ਨਹੀਂ ਤਾਂ ਲੋਕਾਂ ਨੂੰ ਖਾਹ ਮਖਾਹ exploit ਕਿਉਂ ਕੀਤਾ ਜਾਂਦਾ ਹੈ । ਇਹ ਖਾਹਮਖਾਹ ਲੋਕਾਂ ਵਿਚ ਇਨਤਸ਼ਾਰ ਤੇ ਬੇਚੈਨੀ ਪੈਦਾ ਕਰਦੇ ਹਨ ਤੇ ਉਨ੍ਹਾਂ ਨੂੰ ਗੁਮਰਾਹ ਕਰਦੇ ਹਨ । ਇਸ ਲਈ ਅਖੀਰ ਵਿਚ ਮੈਂ ਇਹੋ ਈ ਕਹਾਂਗਾ ਕਿ ਕਾਂਗਰਸ ਸਰਕਾਰ ਇਨ੍ਹਾਂ ਲਈ ਬਹੁਤ ਕੁਝ ਕਰ ਰਹੀ ਏ ਅਤੇ ਜਿਹੜੀ ਕੋਈ ਕਸਰ ਹੋਵੇਗੀ ਉਹ ਵੀ ਪੂਰੀ ਕਰ ਦਿੱਤੀ ਜਾਵੇਗੀ ।

श्री कन्हैया लाल बुटेल (पालमपुर) : स्पीकर साहिब, मैं हैरान हूं कि ऐसे प्रस्ताव के लाने की ज़रूरत ही क्या थी जब आज हिंदुस्तान में आचार्य विनोबा भावे भूदान यज्ञ की एक महान तहरीक चला रहे हैं । इस तहरीक की न केवल हिंदोस्तान में बल्कि सारी दुनिया के दूसरे मुल्कों में भी तारीफ़ हो रही है । अमरीका और यूरोप के दूसरे देश तो हैरान हैं कि अगर ऐसी चीज़ हिंदोस्तान में कामयाब हो सकती है तो फिर दूसरी चीज़ों का तो कहना ही क्या । हिंदोस्तान की सभी

पार्टियां चाहे वे धार्मिक हों या सयासी, इस तहरीक की हिमायत कर रही हैं और यही कारण है कि आज तक सारे भारतवर्ष में कोई तीस-बत्तीस लाख एकड़ भूमि भूदान यज्ञ में आचार्य जी को मिल चुकी है । कांग्रेस के इलावा सोशलिस्ट पार्टी के बड़े बड़े लीडर और कार्यकर्ता इस में पूरा पूरा सहयोग दे रहे हैं । इस के इलावा अकाली पार्टी, ज़िमींदारा लीग, सर्वोदय समाज सब की सब पार्टियां इस में हिस्सा लेकर इस को सफल बनाने का पूरा प्रयत्न कर रही हैं । हां, अगर कोई ऐसी पार्टी है जो इस का विरोध कर रही है तो वह है कम्यूनिस्ट पार्टी । अगर यह बात सच न हो तो मेरे अप्पोजीशन में बैठे कम्यूनिस्ट भाई बतायें कि क्या उन्होंने अभी एक इंच भूमि भी लेकर इस यज्ञ में दी है ? अगर नहीं तो मैं समझता हूं कि इस प्रकार के प्रस्ताव को पेश करने का उन्हें कोई हक नहीं था, पर वे क्या करें ? आखिर इन का उद्देश्य ही तो मुल्क में तशद्दुद बर्पा करना और तखरीबी कार्यवाईयां करना है । इस लिए मैं समझता हूं कि यह Resolution भोली जनता को गुमराह करने का एक बहाना है ।

ਸਰਦਾਰ ਮੁਖਤਿਆਰ ਸਿੰਘ (ਮੋਗਾ ਧਰਮਕੋਟ) : ਸਪੀਕਰ ਸਾਹਿਬ, ਜਿਹੜਾ ਰੇਜ਼ੋਲਿਊਸ਼ਨ ਸਰਦਾਰ ਅਛਰ ਸਿੰਘ ਛੀਨਾ ਵਲੋਂ ਪੇਸ਼ ਕੀਤਾ ਗਿਆ ਹੈ ਮੈਂ ਉਸਦੀ ਹਿਮਾਇਤ ਕਰਨ ਲਈ ਖੜਾ ਹੋਇਆ ਹਾਂ । ਮੈਂ ਸਮਝਦਾ ਹਾਂ ਕਿ ਜਦੋਂ ਦੀ ਇਹ ਅਸੈਂਬਲੀ ਬੈਠੀ ਹੈ, ਅਜ ਇਹ ਪਹਿਲਾ ਈ ਪ੍ਰਸਤਾਓ ਆਇਆ ਹੈ ਜਿਹੜਾ ਕਿ ਪਿਛੜੀ ਸ਼ਰੇਣੀਆਂ ਦੀ ਹਾਲਤ ਨੂੰ ਸੁਧਾਰਨ ਲਈ ਪੇਸ਼ ਹੋਇਆ ਹੈ । ਮੈਂ ਸਮਝਦਾ ਹਾਂ ਕਿ ਕੋਈ ਵੀ ਆਦਮੀ ਜਿਹੜਾ ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸੰਬੰਧ ਕਿਓਂ ਨ ਰਖਦਾ ਹੋਵੇ ਇਸ ਰੇਜ਼ੋਲਿਊਸ਼ਨ ਦੀ ਮੁਖਾਲਫ਼ਤ ਨਹੀਂ ਕਰੇਗਾ । ਕਿਉਂਕਿ, ਸਪੀਕਰ ਸਾਹਿਬ, ਇਹ ਤਾਂ ਠੀਕ ਹੈ ਕਿ ਇਸ ਕਾਂਗਰਸ ਗਵਰਨਮੈਂਟ ਨੇ ਗਰੀਬ ਹਰੀਜਨਾਂ ਨੂੰ ਕੁਝ ਰਿਆਇਤਾਂ ਦਿਤੀਆਂ—ਉਨ੍ਹਾਂ ਨੂੰ ਖੂਹੀਂ ਚੜ੍ਹਾਇਆ, ਸਾਮਲਾਤਾਂ ਵਿਚ ਵਾੜਿਆ, ਅਤੇ ਵਾਧੂ ਦੀਆਂ ਨੰਬਰਦਾਰੀਆਂ ਵੀ ਦਿੱਤੀਆਂ ।

(*At this stage Mr. Deputy Specker occupied the Chair*)

ਪਰ ਮੈਂ ਸਮਝਦਾ ਹਾਂ ਕਿ ਖੂਹਾਂ ਤੇ ਚੜ੍ਹਕੇ ਹਰੀਜਨਾਂ ਦੇ ਬੱਚੇ ਪੜ੍ਹ ਨਹੀਂ ਸਕਣਗੇ । ਮੈਂ ਸਮਝਦਾ ਹਾਂ ਕਿ ਖੂਹਾਂ ਦਾ ਪਾਣੀ ਪੀ ਪੀ ਕੇ ਉਹ ਅਪਣਾ ਗੁਜ਼ਾਰਾਂ ਨਹੀਂ ਕਰ ਸਕਣਗੇ । ਮੈਂ ਸਮਝਦਾ ਹਾਂ ਕਿ ਮੰਦਰਾਂ ਵਿਚ ਪੈਰ ਪਾ ਪਾ ਕੇ ਉਨ੍ਹਾਂ ਦੀ ਕੋਈ ਮਾਲੀ ਹਾਲਤ ਸੁਧਰ ਨਹੀਂ ਜਾਣੀ । ਇਸ ਲਈ, ਮੈਂ ਇਸ ਗਵਰਨਮੈਂਟ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਹਰੀਜਨਾਂ ਨੇ ਇਨ੍ਹਾਂ ਨੂੰ ਵੋਟ ਦਿਤੇ ਤੇ ਇਨ੍ਹਾਂ ਕੁਰਸੀਆਂ ਉਤੇ ਬਿਠਾਇਆ, ਉਨ੍ਹਾਂ ਨੂੰ ਉੱਚਾ ਚੁਕਨ ਲਈ ਕੋਈ ਕਰੜਾ ਕਦਮ ਉਠਾਇਆ ਜਾਵੇ । ਸਿਰਫ ਉਨ੍ਹਾਂ ਨੂੰ ਜ਼ਬਾਨੀ ਜ਼ਮਾ ਖਰਚ ਕਰਕੇ ਈ ਖੁਸ਼ ਨ ਕੀਤਾ ਜਾਵੇ । ਪ੍ਰਧਾਨ ਜੀ. ਮੈਨੂੰ ਪਤਾ ਹੈ ਕਿ ਸਾਡੇ ਲੇਬਰ ਮਨਿਸਟਰ ਜਿਹੜੇ ਕਿ ਹਰੀਜਨਾਂ ਦੀਆਂ ਵੋਟਾਂ ਨਾਲ ਚੁਣੇ ਗਏ ਹਨ ਪਿਛਲਿਆਂ by-elections ਵਿਚ ਮੋਗਾ ਧਰਮਕੋਟ ਵਿਚ ਗਏ । ਇਨ੍ਹਾਂ ਨੇ ਬੜੇ ਅਕੜ ਕੇ ਹਰੀਜਨਾਂ ਨੂੰ ਕਿਹਾ ਕਿ ਤੁਹਾਨੂੰ ਕਿੰਨੀ ਕਿੰਨੀ ਜ਼ਮੀਨ ਚਾਹੀਦੀ ਹੈ? 15, 15 ਏਕੜ ਜਮੀਨ ਦੇਣ ਤਾਂ ਇਹ ਉਨ੍ਹਾਂ ਨੂੰ ਪਰਮਿਟ ਵੀ ਕਟ ਕਟ ਕੇ ਦੇ ਆਏ । ਫ਼ੇਰ ਪ੍ਰਧਾਨ ਜੀ ਮੈਂ ਇਹ ਅਰਜ ਕਰਨੀ ਚਾਹੁੰਦਾ ਹਾਂ ਕਿ ਜਿਤਨੀ ਦੇਰ ਤੀਕਨ ਇਨ੍ਹਾਂ ਹਰੀਜਨਾਂ ਨੂੰ ਇਹ waste land

(ਸਰਦਾਰ ਮੁਖ਼ਤਿਆਰ ਸਿੰਘ)
ਨੇ ਦਿੱਤੀ ਜਾਵੇ ਉਨਾਂ ਚਿਰ ਇਨ੍ਹਾਂ ਲਈ ਨ ਤਾਂ ਕਿਸੇ reservation ਦਾ ਕੋਈ ਫ਼ਾਇਦਾ ਹੈ ਅਤੇ ਨ ਹੀ ਵਾਧੂ ਨੰਬਰਦਾਰੀਆਂ ਕੋਈ ਲਾਭਦਾਇਕ ਸਾਬਤ ਹੋ ਸਕਦੀਆਂ ਹਨ। ਨਿਰੇ, ਪੰਚ ਸਰਪੰਚ ਬਨਾਉਣ ਨਾਲ ਤਾਂ ਉਨ੍ਹਾਂ ਦੀ ਆਰਥਿਕ ਹਾਲਤ ਨਹੀਂ ਸੁਧਰ ਸਕਦੀ।

ਆਪਣੀ ਸਪੀਚ ਵਿਚ ਜਥੇਦਾਰ ਹੋਰਾਂ ਨੇ ਬੜੇ ਗਜ ਕੇ ਕਿਹਾ ਸੀ ਕਿ ਗਵਰਨਮੈਂਟ ਨੇ ਹਰੀਜਨਾਂ ਨੂੰ ਪੰਚਾਇਤਾਂ ਵਿਚ ਪੰਚ ਬਣਾ ਦਿਤਾ ਤੇ ਉਹ ਹੁਨ ਮੁਕਦਮਿਆਂ ਦੇ ਫ਼ੈਸਲੇ ਕੀਤਾ ਕਰਨਗੇ। ਮੈਂ ਹੈਰਾਨ ਹਾਂ ਕਿ ਉਥੇ ਪੰਚਾਇਤਾਂ ਵਿਚ ਉਨ੍ਹਾਂ ਹਰੀਜਨਾਂ ਦੀ ਅਵਾਜ਼ ਨੂੰ ਕੌਨ ਸੁਨੇਗਾ ਜਦੋਂ ਇਹ ਇਥੇ ਬੈਠੇ ਹੋਏ ਹਰੀਜਨ ਭਰਾਵਾਂ ਦੀ ਕੋਈ ਨਹੀਂ ਸੁਨਦੇ। ਉਥੇ ਹਰੀਜਨ ਪੰਚ ਅਤੇ ਸਰਪੰਚ ਗਰਮੀ ਦੇ ਮੁੜ੍ਹਕੇ ਵਾਂਙੂ ਪਰੇ ਸੁਟੇ ਜਾਣਗੇ। ਇਸ ਲਈ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਸਚਮੁਚ ਤੁਸੀ ਈਮਾਨਦਾਰੀ ਨਾਲ ਹਰੀਜਨਾਂ ਦੀ ਕੋਈ ਮਦਦ ਕਰਨੀ ਚਾਹੁੰਦੇ। ਹੋ ਜੇ ਸਚਮੁਚ ਤੁਸੀਂ ਉਨ੍ਹਾਂ ਨੂੰ ਇਮਾਨਦਾਰੀ ਨਾਲ ਉਚੇਂ ਚੁਕਨਾ ਚਾਹੁੰਦੇ ਹੋ ਤਾਂ ਇਸ ਪ੍ਰਸਤਾਵ ਨੂੰ ਮੰਨ ਲਓ। ਇਸ ਵਿਚ ਤੁਹਾਡਾ ਕੁਝ ਨਹੀਂ ਲਗੇਗਾ। ਫ਼ਿਰ ਵੀ ਇਨ੍ਹਾਂ ਜ਼ਮੀਨਾਂ ਦੀ ਤੁਸੀਂ ਨੀਲਾਮੀ ਹੀ ਕਰਨੀ ਹੈ ਅਤੇ ਨੀਲਾਮੀ ਸਮੇਂ ਮੈਨੂੰ ਯਕੀਨ ਹੈ, ਕਿ ਤੁਸੀਂ ਇਨ੍ਹਾਂ ਨੂੰ ਬਿਲਕੁਲ ਭੁੱਲ ਜਾਣਾ ਹੈ। ਇਸੇ ਤਰਾਂ ਪ੍ਰਧਾਨ ਜੀ, ਪਿਛਲੇ ਦੋ ਤ੍ਰਿੰਨਾਂ ਮਹੀਨਿਆਂ ਦੀ ਗਲ ਹੈ। ਬਸਤੀ ਜੀਰਾ ਵਿਚ ਕਈ ਘੁਮਾਂ ਜ਼ਮੀਨ ਨੀਲਾਮ ਕੀਤੀ ਗਈ ਸੀ। ਪਟਿਆਲਾ ਤੀਕਨ ਦੇ landlord ਉਸ ਨੂੰ ਖਰੀਦਨ ਲਈ ਉਥੇ ਪਹੁੰਚੇ। ਉਸ ਵੇਲੇ ਵੀ ਇਨ੍ਹਾਂ ਨੇ ਹਰੀਜਨਾਂ ਲਈ reservation ਦਾ ਕੋਈ ਖਿਆਲ ਨਹੀਂ ਰਖਿਆ। ਜਦੋਂ ਪੁਛਿਆਂ ਗਿਆ, ਤਾਂ ਦਸਿਆ ਗਿਆ ਕਿ ਅਸਾਂ ਨੇ ਇਥੇ ਲੋਕਾਂ ਨੂੰ ਆਬਾਦ ਕਰਨਾ ਹੈ। ਇਸ ਦਾ ਮਤਲਬ ਤਾਂ ਸਾਫ ਇਹ ਹੋਇਆ ਕਿ ਜੇਕਰ ਹਰੀਜਨਾਂ ਨੂੰ ਇਹ ਜ਼ਮੀਨ ਦਿਤੀ ਜਾਂਦੀ ਤਾਂ ਉਹ ਆਬਾਦ ਨਹੀਂ ਸੀ ਹੋਣੀ। ਮੈਂ ਸਰਕਾਰ ਤੋਂ ਪੁਛਦਾ ਹਾਂ ਕਿ ਇਹ ਕਿਥੋਂ ਦਾ ਇਨਸਾਫ ਹੈ। ਇਨ੍ਹਾਂ ਹਾਲਤਾਂ ਵਿਚ ਮੈਨੂੰ ਸਮਝ ਨਹੀਂ ਆਉਂਦੀ ਕਿ ਹਰੀਜਨਾਂ ਨੂੰ ਕਿਹੜੀਆਂ ਸਹੂਲਤਾਂ ਦਿਤੀਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਇਸ ਤੋਂ ਵਧ ਕੇ ਉਨ੍ਹਾਂ ਦੀ ਹੋਰ ਕੋਈ ਮਦਦ ਨਹੀਂ ਹੋਵੇਗੀ ਜੇ ਤੁਸੀਂ ਹਰ ਜ਼ਿਲੇ ਦੀ ਸਾਰੀ ਬੰਜਰ ਜ਼ਮੀਨ ਉਥੋਂ ਦੇ ਹਰੀਜਨਾਂ ਨੂੰ ਦੇ ਦਿਓ। ਇਸ ਦੇ ਦੋ ਫਾਇਦੇ ਹੋਣਗੇ। ਪਹਿਲਾ ਤਾਂ ਇਹ ਕਿ ਹਰੀਜਨ ਸਮਝਣਗੇ ਕਿ ਵਾਕਈ ਸਾਡੀ ਸਰਕਾਰ ਨੂੰ ਸਾਡਾ ਵੀ ਕੋਈ ਖਿਆਲ ਆਇਆ ਹੈ ਤਾਂ ਦੂਜਾ ਇਹ ਕਿ ਕਾਫੀ ਹਰੀਜਨ ਜਿਹੜੇ ਇਸ ਵੇਲੇ ਬੇਕਾਰ ਬੈਠੇ ਹੋਇ ਹਨ। ਕੰਮ ਪੁਰ ਲਗ ਜਾਣਗੇ। ਇਸ ਲਈ ਮੈਂ ਦੋਬਾਰਾ ਇਸ ਰੇਜ਼ੋਲਿਊਸ਼ਨ ਦੀ ਹਮਾਇਤ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਸਾਰੇ ਸਾਥੀ ਇਸ ਨੂੰ ਆਪਣੀ support ਦੇਣਗੇ। ਇਹ ਖਿਆਲ ਨ ਕੀਤਾ ਜਾਵੇ ਕਿ ਚੂੰਕਿ ਇਹ ਪ੍ਰਸਤਾਓ ਕਮਿਊ-ਨਿਸਟ ਪਾਰਟੀ ਵਲੋਂ ਪੇਸ਼ ਕੀਤਾ ਗਿਆ ਹੈ, ਇਸ ਲਈ ਇਸ ਨੂੰ ਪਾਸ ਨਹੀਂ ਕਰਨਾ ਹੈ। ਇਸ ਤਰਾਂ ਕਰਕੇ ਤੁਸੀਂ ਉਨ੍ਹਾਂ ਗਰੀਬਾਂ ਦਾ ਕੂੜਾ ਕਰ ਦਿਉਗੇ ਜਿਹੜੇ ਕਿ ਇਸ ਆਸ ਪੁਰ ਬੈਠੇ ਹੋਇ ਹਨ ਕਿ ਉਨ੍ਹਾਂ ਨੂੰ ਜਲਦੀ ਹੀ ਸਰਕਾਰ waste lands ਦੇ ਦੇਗੀ। ਇਸ ਦੇ ਵਿਚ credit ਦਾ ਸਵਾਲ ਬਿਲਕੁਲ ਨਹੀਂ ਆਉਣਾ ਚਾਹੀਦਾ। ਅਸੀਂ credit ਲੈਣ ਦੇ ਕੋਈ ਚਾਹਵਾਨ ਨਹੀਂ। ਇਸ ਮਹਾਨ ਕਾਰਜ ਲਈ ਅਸੀਂ ਸਾਰਾ credit

ਤੁਹਾਨੂੰ ਦਿਆਂਗੇ ਅਤੇ ਕਹਾਂਗੇ ਕਿ ਕਾਂਗਰਸ ਪਾਰਟੀ ਦੀ majority ਨਾਲ ਇਹ ਪ੍ਰਸਤਾਓ ਪਾਸ ਹੋਇਆ ਹੈ। ਇਨ੍ਹਾਂ ਸ਼ਬਦਾਂ ਨਾਲ, ਪ੍ਰਧਾਨ ਜੀ, ਮੈਂ ਇਸ ਦੀ ਪੁਰ ਜ਼ੋਰ ਪ੍ਰੋੜ੍ਹਤਾ ਕਰਦਾ ਹਾਂ।

ਸਰਦਾਰ ਚੰਨਣ ਸਿੰਘ ਧੂਤ (ਟਾਂਡਾ) : ਸਪੀਕਰ ਸਾਹਿਬ ਇਹ ਰੈਜ਼ੋਲੂਸ਼ਨ ਜਿਹੜਾ ਇਸ ਵੇਲੇ ਹਾਉਸ ਦੇ ਅਗੇ ਪੇਸ਼ ਹੈ ਇਸ ਦੇ ਬਾਰੇ ਵਿਚ ਮੇਰੇ ਕਈ ਮਾਨਯੋਗ ਮਿਤ੍ਰਾਂ ਨੇ ਬੜੀ ਵਜ਼ਾਹਤ ਨਾਲ ਗੱਲਾਂ ਦਸੀਆਂ ਨੇ ਕਿ ਸਾਡੇ ਸੂਬੇ ਵਿਚ ਜਿਹੜੀਆਂ waste lands ਪਈਆਂ ਹੋਇਆ ਹਨ ਉਹ ਉਨ੍ਹਾਂ ਭਰਾਵਾਂ ਨੂੰ ਦਿਤੀਆਂ ਜਾਣ ਜਿਹੜੇ society ਦੇ ਅੰਦਰ ਪਿਛੜੇ ਹੋਏ ਗਿਣੇ ਜਾਂਦੇ ਹਨ। ਉਨ੍ਹਾਂ ਦੇ ਪਿਛੜੇ ਹੋਏ ਰਹਿਣ ਦਾ ਸਭ ਤੋਂ ਵਡਾ ਕਾਰਨ ਇਹ ਹੈ ਕਿ ਉਹ ਇਕਤਸਾਦੀ ਤੌਰ ਤੇ ਕਮਜ਼ੋਰ ਹਨ। ਉਨ੍ਹਾਂ ਨੂੰ ਉਪਰ ਉਠਾਣ ਦਾ ਸਭ ਤੋਂ ਵਡਾ ਤਰੀਕਾ ਇਹ ਹੋ ਸਕਦਾ ਹੈ ਕਿ ਜਿਹੜੀ ਲੱਖਾਂ ਏਕੜ ਜ਼ਮੀਨ ਗਵਰਨਮੈਂਟ ਦੇ ਆਦਾਦੋਸ਼ਮਾਰ ਦੇ ਮੁਤਾਬਿਕ waste land ਪਈ ਹੈ ਅਤੇ ਉਸ ਵਿਚੋਂ ਜਿਹੜੀ ਸਤ ਲੱਖ ਏਕੜ ਜ਼ਮੀਨ ਕਾਬਲੇ ਕਾਸ਼ਤ ਹੈ ਇਹ ਉਨ੍ਹਾਂ ਨੂੰ ਦਿਤੀ ਜਾਵੇ। ਇਹ ਸਰਕਾਰ ਉਨ੍ਹਾਂ ਨੂੰ ਬੜੀ ਆਸਾਨੀ ਨਾਲ ਦੇ ਸਕਦੀ ਹੈ। ਇਸ ਸਿਲਸਲੇ ਵਿਚ ਜੋ ਇਹ ਕਿਹਾ ਜਾ ਰਿਹਾ ਹੈ ਕਿ ਅਸਾਂ ਹਰੀਜਨਾਂ ਨੂੰ ਲੰਮਬਰਦਾਰੀਆਂ ਦਿਤੀਆਂ ਹਨ, ਇਨ੍ਹਾਂ ਲਈ 21 ਫੀ ਸਦੀ ਸਰਕਾਰੀ ਨੌਕਰੀਆਂ reserve ਕਰਨ ਦਾ ਫੈਸਲਾ ਕੀਤਾ ਹੈ, ਇਨ੍ਹਾਂ ਨੂੰ ਵਜ਼ੀਫੇ ਦਿਤੇ ਜਾ ਰਹੇ ਹਨ ਅਤੇ ਹੋਰ ਬਹੁਤ ਕੁਝ ਕੀਤਾ ਜਾ ਰਿਹਾ ਹੈ ਪਰ ਮੈਂ ਇਹ ਸਮਝਦਾ ਹਾਂ ਕਿ ਜਿੰਨਾ ਚਿਰ ਇਨ੍ਹਾਂ ਨੂੰ ਜ਼ਮੀਨ ਨਹੀਂ ਦਿਤੀ ਜਾਂਦੀ ਉਤਨੇ ਚਿਰ ਤਾਈਂ ਇਨ੍ਹਾਂ ਦੀ ਹਾਲਤ ਸੁਧਰ ਨਹੀਂ ਸਕਦੀ। ਇਨ੍ਹਾਂ ਨੂੰ ਇਕਤਸਾਦੀ ਤੌਰ ਤੇ ਉਠਾਣ ਲਈ ਜ਼ਮੀਨ ਦਾ ਦੇਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਥੇ ਕਾਰਖਾਨੇ ਤਾਂ ਹੈਨ ਨਹੀਂ ਜਿਨ੍ਹਾਂ ਵਿਚ ਕੰਮ ਕਰ ਕੇ ਇਹ ਆਪਣੀ ਹਾਲਤ ਬੇਹਤਰ ਬਣਾ ਸਕਣਗੇ। ਲੇਕਿਨ ਸਾਡੀ ਸਰਕਾਰ ਇਹ ਕਹਿੰਦੀ ਹੈ ਕਿ ਉਸ ਨੇ ਉਨ੍ਹਾਂ ਲਈ ਬਹੁਤ ਕੁਝ ਕੀਤਾ ਹੈ ਅਤੇ ਉਹ ਉਸ ਤੇ ਖੁਸ਼ ਹਨ। ਪਰ ਮੈਂ ਇਹ ਆਪਣੇ ਵਜ਼ੀਰਾਂ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਇਸ ਗਲ ਦਾ ਉਨ੍ਹਾਂ ਨੂੰ ਭੁਲੇਖਾ ਹੋ ਗਿਆ ਹੈ ਅਤੇ ਇਹ ਭੁਲੇਖਾ ਪਹਿਲਾਂ ਵੀ ਕਈ ਵਾਰ ਨਿਕਲ ਚੁਕਾ ਹੈ। ਅਤੇ ਹੋਰ ਵੀ ਨਿਕਲੇਗਾ ਕਿ ਇਹ ਪੰਜਾਬ ਦੀ ਸਹੀ ਨੁਮਾਇੰਦਗੀ ਕਰ ਰਹੇ ਹਨ। ਪਰ ਮੈਂ ਉਨ੍ਹਾਂ ਨੂੰ ਸਾਫ਼ ਕਹਿ ਦੇਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਦਾ ਮਹਿਜ਼ ਭੁਲੇਖਾ ਹੀ ਹੈ ਅਤੇ ਉਹ ਆਪਣੇ ਦਿਲਾਂ ਵਿਚੋਂ ਇਸ ਗੱਲ ਨੂੰ ਕੱਢ ਦੇਣ। ਜਿਹੜੇ ਮਾਨਯੋਗ ਮੈਂਬਰਾਂ ਨੇ ਇਹ ਗੱਲ ਕਹੀ ਹੈ ਕਿ ਸਾਨੂੰ ਇਸ ਗੱਲ ਦਾ ਪਤਾ ਹੈ ਉਨ੍ਹਾਂ ਦੀ ਪਾਰਟੀ ਦੇ ਸ਼੍ਰੋਮਣੀ ਕਮੇਟੀ ਵਿਚ ਬਰਸਰੇਇਕਤਦਾਰ ਆਉਣ ਨਾਲ ਕੰਮ ਸਰ ਗਿਆ ਹੈ।

ਸ੍ਰੀ ਡਿਪਟੀ ਸਪੀਕਰ : ਮਾਨਯੋਗ ਮੈਂਬਰ ਫਿਰ ਆਪਣੀ ਪੁਰਾਣੀ ਆਦਤ ਅਨੁਸਾਰ ਗੈਰ ਮੁਤਅਲਕਾ ਗਲਾਂ ਕਰਨ ਲਗ ਪਏ ਹਨ। ਉਨ੍ਹਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ।

ਸਰਦਾਰ ਚੰਨਣ ਸਿੰਘ ਧੂਤ : ਮੈਂ ਇਹ ਗਲ ਉਨ੍ਹਾਂ ਲਈ ਇਸ ਕਾਰਨ ਕਹਿ ਰਿਹਾ ਹਾਂ ਕਿਉਂਕਿ ਉਨ੍ਹਾਂ ਨੇ ਬੜੇ ਹੰਕਾਰ ਨਾਲ ਇਹ ਗਲ ਕੀਤੀ ਸੀ।

ਫਿਰ ਡਿਪਟੀ ਸਪੀਕਰ ਸਾਹਿਬ, ਜਿਹੜੀ ਜ਼ਮੀਨ ਪਹਾੜਾਂ ਦੇ ਨੇੜੇ ਸੀ ਅਤੇ ਬੰਜਰ ਪਈ ਸੀ ਉਸ ਨੂੰ ਹਰੀਜਨਾਂ ਨੇ ਹਲ ਬਣਾ ਕੇ, ਬੜੀ ਔਖਿਆਈ ਨਾਲ ਬਲਦ ਖਰੀਦ ਕੇ, ਉਸ ਨੂੰ ਵਾਹ ਕੇ ਤਿਆਰ ਕੀਤਾ ਸੀ ਉਸ ਦੇ ਨਾਲ ਮਕਾਨ ਵੀ ਬਣਾਏ ਸੀ। ਹੁਣ ਉਨ੍ਹਾਂ

[ਸਰਦਾਰ ਚਨਣ ਸਿੰਘ ਧੂਤ]

ਕੋਲੋਂ ਉਹ ਲੋਗ ਜ਼ਮੀਨ ਲੈ ਰਹੇ ਨੇ ਜਿਨ੍ਹਾਂ ਦੀ ਜ਼ਮੀਨ ਮਾੜੀ ਸੀ ਅਤੇ ਉਸ ਦੇ ਨਾਲ ਉਨ੍ਹਾਂ ਦੀ ਤਸੱਲੀ ਨਹੀਂ ਹੋਈ ਸੀ। ਹੁਣ ਹਰੀਜਨਾਂ ਨੂੰ ਉਨ੍ਹਾਂ ਜ਼ਮੀਨਾਂ ਤੋਂ ਉਖਾੜਿਆ ਜਾ ਰਿਹਾ ਹੈ ਜਿਨ੍ਹਾਂ ਨੂੰ ਉਹ ਬੜੀ ਮਿਹਨਤ ਨਾਲ ਕਈ ਸਾਲਾਂ ਪਿਛੋਂ ਖੇਤੀ ਦੇ ਯੋਗ ਬਨਾ ਸਕੇ ਸੀ। ਹੁਣ ਉਨ੍ਹਾਂ ਜ਼ਮੀਨਾਂ ਦੀ ਨੀਲਾਮੀ ਕਰ ਕੇ ਉਨ੍ਹਾਂ ਨੂੰ ਉਥੋਂ ਉਜਾੜਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਮਕਾਨਾਂ ਵਿਚੋਂ ਕਢਿਆ ਜਾ ਰਿਹਾ ਹੈ ਜਿਹੜੇ ਕੇ ਉਨ੍ਹਾਂ ਆਪ ਆਪਣੇ ਰਹਿਨ ਲਈ ਬਣਾਏ ਸੀ।

ਫਿਰ, ਪ੍ਰਧਾਨ ਜੀ, ਮੁਸਲਮਾਨਾਂ ਦੀ ਛੱਡੀ ਹੋਈ waste lands ਵੀ ਇਨ੍ਹਾਂ ਹਰੀਜਨਾਂ ਨੂੰ ਇਸ ਲਈ ਨਹੀਂ ਦਿਤੀਆਂ ਜਾਂਦੀਆਂ ਕਿਉਂਕਿ ਉਨ੍ਹਾਂ ਦੀ ਪਾਕਿਸਤਾਨ ਵਿਚ ਕੋਈ ਜ਼ਮੀਨ ਨਹੀਂ ਸੀ। ਉਨ੍ਹਾਂ ਨੂੰ ਉਨ੍ਹਾਂ ਦੇ ਮਕਾਨਾਂ ਵਿਚੋਂ ਇਹ ਕਹਿ ਕੇ ਕਢਿਆ ਗਿਆ ਹੈ ਕਿ ਉਨ੍ਹਾਂ ਦੇ ਮਕਾਨ ਪਾਕਿਸਤਾਨ ਵਿਚ ਕੋਈ ਨਹੀਂ ਸਨ ਅਤੇ ਇਸ ਗੱਲ ਦਾ ਖਿਆਲ ਨਹੀਂ ਕੀਤਾ। ਉਨ੍ਹਾਂ ਨੇ ਬੜੀ ਮਿਹਨਤ ਕਰਕੇ ਉਨ੍ਹਾ ਮਕਾਨਾਂ ਦੀ ਮੁਰੱਮਤ ਆਪ ਹੀ ਕੀਤੀ ਸੀ।

ਫਿਰ ਸਰਕਾਰੀ ਬੈਂਚਾਂ ਵਲੋਂ ਇਸ ਗਲ ਤੇ ਬੜਾ ਜ਼ੋਰ ਦਿਤਾ ਗਿਆ ਹੈ ਕਿ ਸਰਕਾਰ ਨੇ ਹਰੀਜਨਾਂ ਨੂੰ ਵਜ਼ੀਫੇ ਅਤੇ ਹੋਰ ਸਹੂਲਤਾਂ ਦਿਤੀਆਂ ਹਨ। ਇਸ ਬਾਰੇ ਵਿਚ ਮੈਂ ਹਾਉਸ ਨੂੰ ਦਸਦਾ ਹਾਂ ਕਿ ਜੇਕਰ ਇਨ੍ਹਾਂ ਟੈਕਸਾਂ ਨੂੰ ਦੇਖਿਆ ਜਾਵੇ ਤਾਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਕੋਲੋਂ ਜਿਤਨੇ ਟੈਕਸ ਵਸੂਲ ਕੀਤੇ ਜਾਂਦੇ ਨੇ ਉਤਨੇ ਵਜ਼ੀਫੇ ਨਹੀਂ ਦਿਤੇ ਜਾਂਦੇ। ਅਸੀਂ ਇਹ ਨਹੀਂ ਚਾਹੁੰਦੇ ਕਿ ਛੋਟੀ ਛੋਟੀ ਮਾਲਕੀ ਵਾਲੀਆਂ ਜ਼ਮੀਨਾਂ ਖੋਹ ਕੇ ਹਰੀਜਨਾਂ ਨੂੰ ਦਿਤੀਆਂ ਜਾਣ। ਅਸੀਂ ਤਾਂ ਇਹ ਚਾਹੁੰਦੇ ਹਾਂ ਕਿ ਇਹ ਜਿਹੜੀਆਂ waste lands ਹਨ ਇਹ ਉਨ੍ਹਾਂ ਵਿਚ ਵੰਡ ਦਿਤੀਆਂ ਜਾਣ ਭਾਵੇਂ ਉਨਾਂ ਨੂੰ ਇਕ ਇਕ ਆਦਮੀ ਨੂੰ ਦੋ ਦੋ ਘੁਮਾਂ ਜ਼ਮੀਨ ਹੀ ਕਿਉਂ ਨ ਮਿਲੇ। ਇਸ ਦਾ ਇਹ ਫਾਇਦਾ ਹੋਵੇਗਾ ਕਿ ਉਹ society ਵਿਚ ਦੂਜੇ ਲੋਕਾਂ ਦੇ ਸਾਹਮਣੇ ਖੜੇ ਹੋ ਸਕਣਗੇ। ਲੇਕਿਨ ਕਿਹਾ ਇਹ ਜਾਂਦਾ ਹੈ ਕਿ ਅਸਾਂ ਬਹੁਤ ਸਾਰੀਆਂ ਚੀਜ਼ਾ ਇਨ੍ਹਾਂ ਨੂੰ ਦੇ ਦਿਤੀਆਂ ਹਨ ਅਤੇ ਨਕਸ਼ੇ ਬਣਾ ਕੇ ਦਿਖਾ ਦਿਤੇ ਹਨ। ਇਨ੍ਹਾਂ ਨਕਸ਼ਿਆਂ ਨਾਲ ਇਨਾਂ ਦਾ ਭਲਾ ਨਹੀਂ ਹੋਣਾ। ਇਨ੍ਹਾਂ ਨੂੰ ਤਾਂ ਜ਼ਮੀਨ ਦੇਣ ਨਾਲ ਇਨ੍ਹਾਂ ਦਾ ਭਲਾ ਹੋਣਾ ਹੈ।

Waste Lands ਦੇ ਸਿਲਸਲੇ ਵਿਚ ਇਕ ਹੋਰ ਗੱਲ ਜਿਹੜੀ ਚਲ ਰਹੀ ਹੈ ਉਹ ਹੈ ਇਨ੍ਹਾਂ ਦੀ ਨਿਲਾਮੀ। ਜਿਹੜੀਆਂ ਜ਼ਮੀਨਾਂ ਪਹਿਲੇ ਹਰੀਜਨਾਂ ਨੂੰ ਛੇ ਗੁਣਾ ਮਾਲੀਏ ਉਤੇ ਦਿਤੀਆਂ ਗਈਆਂ ਸੀ ਹੁਣ ਉਹ ਧਨੀ ਲੋਕਾਂ ਨੂੰ ਨਿਲਾਮ ਕਰਕੇ ਦਿਤੀਆਂ ਜਾ ਰਹੀਆਂ ਹਨ ਕਿਉਂਕਿ ਨਿਲਾਮੀ ਵਿਚ ਤਾਂ ਇਹ ਉਨ੍ਹਾਂ ਦੇ ਮੁਕਾਬਲੇ ਵਿਚ ਲੈ ਹੀ ਨਹੀ ਸਕਦੇ। ਫਿਰ ਇਤਨਾ ਹੀ ਨਹੀਂ ਸਰਕਾਰ ਨੇ ਇਹ ਨਤੀਜਾ ਕਢਿਆ ਹੈ ਕਿ ਜਿਹੜੀਆਂ ਉਨ੍ਹਾਂ ਜ਼ਮੀਨਾਂ ਵਿਚ ਚੰਗੀਆ ਫਸਲਾਂ ਖੜੀਆਂ ਹੋਣ ਉਹ ਵੀ ਇਨ੍ਹਾਂ ਕੋਲੋਂ ਖੋਹ ਕੇ ਉਨ੍ਹਾਂ ਲੋਕਾਂ ਨੂੰ ਦਿਤੀਆਂ ਜਾਣ ਜਿਹੜੇ ਨੀਲਾਮ ਵਿਚ ਇਨ੍ਹਾ ਜ਼ਮੀਨਾਂ ਨੂੰ ਖਰੀਦ ਲੈਂਦੇ ਨੇ। ਫਿਰ ਇਨ੍ਹਾਂ ਗਲਾਂ ਦੇ ਹੁੰਦਿਆਂ ਸਾਡੇ ਦੋਸਤ ਇਹ ਆਖਦੇ ਨੇ ਕਿ ਉਹ ਹਰੀਜਨਾਂ ਦੇ ਬੜੇ ਹਮਦੱਰਦ ਹਨ। ਮੈਂ ਅਰਜ਼ ਕਰਦਾ ਹਾਂ ਕਿ ਸਾਡੀ ਸਰਕਾਰ ਦੀ policy ਬੁਨਿਆਦੀ ਤੌਰ ਤੋਂ ਹੀ ਗਲਤ ਹੈ ਅਤੇ ਇਸ ਨੂੰ ਬਦਲਨ ਦੀ ਲੋੜ ਹੈ।

ਬੰਜਰ ਜ਼ਮੀਨਾਂ ਦੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਸਰਕਾਰ ਕਾਨੂੰਨੀ ਤੌਰ ਤੇ ਇਹ ਜ਼ਮੀਨਾਂ ਕਿਸੇ ਨੂੰ ਨਹੀਂ ਦੇ ਸਕਦੀ। ਇਸ ਦੀ ਨਿਲਾਮੀ ਕੀਤੀ ਜਾਣੀ ਹੈ। ਅਜਿਹਾ ਕਰਨ ਨਾਲ ਇਹ ਜ਼ਮੀਨਾਂ ਗਰੀਬ ਹਰੀਜਨ ਨਹੀਂ ਲੈ ਸਕਦੇ। ਇਸ ਲਈ ਇਸ ਨਿਲਾਮੀ ਦੇ ਤਰੀਕੇ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਇਹ ਜਿਹੜਾ ਨਿਲਾਮੀ ਦਾ ਤਰੀਕਾ ਹੈ, ਇਹ ਹਰੀਜਨਾ ਨੂੰ Evacue Waste Lands ਵਿਚੋਂ ਅਤੇ ਬੰਜਰ ਜ਼ਮੀਨ ਵਿਚੋ ਕਢਣ ਦਾ ਇਕ ਤਰੀਕਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿਨ੍ਹਾਂ ਜ਼ਮੀਨਾਂ ਤੇ ਹੋਰ ਕੋਈ ਜਾਣਾ ਵੀ ਨਹੀਂ ਚਾਹੁੰਦਾ ਉਨ੍ਹਾਂ ਵਿਚੋਂ ਵੀ ਹਰੀਜਨਾਂ ਨੂੰ ਕਢਿਆ ਜਾ ਰਿਹਾ ਹੈ।

ਦੂਸਰੀ ਚੀਜ਼ ਇਹ ਹੈ ਕਿ ਅਸੀਂ ਇਸ ਨੀਲਾਮੀ ਦੇ ਮੁਖਾਲਫ ਹਾਂ। ਜਿੰਨੀ ਮੁਸਲਮਾਨਾ ਦੀ ਛਡੀ ਹੋਈ ਜ਼ਮੀਨ ਹੈ ਉਹ ਸਾਰੀ ਬਿਨਾ ਨੀਲਾਮੀ ਕੀਤੇ ਹਰੀਜਨਾਂ ਨੂੰ ਦਿਤੀ ਜਾਵੇ।

ਤੀਸਰੀ ਚੀਜ਼ ਇਹ ਹੈ ਕਿ ਗਵਰਨਮੈਂਟ ਪਾਸ ਜਿਤਨੀ ਜ਼ਮੀਨ ਬੰਜਰ ਪਈ ਹੈ ਉਸ ਨੂੰ ਭੀ ਇਨ੍ਹਾਂ ਵਿਚ ਤਕਸੀਮ ਕਰ ਦਿਤਾ ਜਾਵੇ ਤਾਂ ਜੋ ਉਹ ਬਿਚਾਰੇ ਅਪਣਾ ਗੁਜ਼ਾਰਾ ਕਰ ਸਕਣ। ਇਹ ਤਰੀਕੇ ਸਹੀ ਤਰੀਕੇ ਹਨ। ਮੇਰੇ ਦੋਸਤ ਜਥੇਦਾਰ ਮੋਹਨ ਸਿੰਘ ਤਾਂ ਮੂੰਹ ਨਾਲ ਗੱਲਾਂ ਕਰਨੀਆਂ ਜਾਣਦੇ ਹਨ ਉਹ ਅਮਲੀ ਤੌਰ ਤੇ ਇਨ੍ਹਾਂ ਦੀ ਕੁਝ ਸਹਾਇਤਾ ਨਹੀ ਕਰਨੀ ਚਾਹੁੰਦੇ। ਹਰੀਜਨਾਂ ਦੀ ਮਦਦ ਲਈ ਅਮਲੀ ਕਦਮ ਉਠਾਣ ਦੀ ਸ਼ਕਲ ਇਹ ਪ੍ਰਸਤਾਓ ਹੀ ਹੈ ਜਿਸ ਪੁਰ ਅਸੀਂ ਅਜ ਬਹਿਸ ਕਰ ਰਹੇ ਹਾਂ।

ਸਰਦਾਰ ਭਾਗ ਸਿੰਘ (ਕੋਟ ਭਾਈ): ਪ੍ਰਧਾਨ ਜੀ, ਮੈਂ ਇਸ ਮਤੇ ਦੀ ਤਾਈਦ ਲਈ ਖੜਾ ਹੋਇਆ ਹਾਂ। ਮੈਂ ਕੋਈ ਅਨੋਖੀ ਗਲ ਨਹੀਂ ਕਰ ਰਿਹਾ ਹੋਰ ਭੀ ਕਈ ਦੋਸਤਾਂ ਨੇ ਇਸ ਬਿਲ ਦੀ ਤਾਈਦ ਕੀਤੀ ਹੈ। ਮੈਂ ਤਾਂ ਇਸ ਗਲ ਤੇ ਹੈਰਾਨ ਹਾਂ ਕਿ ਕਾਂਗ੍ਰਸੀ ਬੈਂਚਾਂ ਤੋਂ ਇਸ ਦੀ ਮੁਖਾਲਫਤ ਕਿਉਂ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਹਾਲ ਉਸ ਔਰਤ ਵਰਗਾ ਹੈ ਜੋ ਆਪਣੇ ਮਰਦ ਦੇ ਆਖੇ ਦੇ ਉਲਟ ਕੰਮ ਕਰਦੀ ਸੀ। ਇਕ ਬਾਰ ਇਸੇ ਤਰਾਂ ਮਰਦ ਨਾਲ ਲੜ ਕੇ ਨਹਿਰ ਵਿਚ ਡੁਬ ਮਰੀ। ਮਰਦ ਨੇ ਉਸ ਨੂੰ ਲਭਨਾ ਸ਼ੁਰੂ ਕੀਤਾ ਤੇ ਉਹ ਉਸ ਪਾਸੇ ਨੂੰ ਜਾਣ ਲਗਾ ਜਿਧਰੋਂ ਪਾਣੀ ਆਉਂਦਾ ਸੀ। ਲੋਕਾਂ ਇਹ ਵੇਖ ਕੇ ਉਸ ਤੋਂ ਇਸ ਦਾ ਕਾਰਨ ਪੁਛਿਆ ਤਾਂ ਉਸ ਨੇ ਦਸਿਆ ਕਿ ਉਸ ਨੂੰ ਆਦਤ ਉਲਟੇ ਕੰਮ ਕਰਨ ਦੀ ਸੀ ਸ ਇਹ ਉਲਟੇ ਪਾਸੇ ਹੀ ਲਭੇਗੀ।

ਇਹੋ ਹਾਲ ਸਾਡੀ ਸਰਕਾਰ ਦਾ ਹੈ। ਇਸ ਤੋਂ ਕੋਈ ਕੰਮ ਕਰਾਉਣਾ ਹੋਵੇ ਤਾਂ ਇਸ ਨੂੰ ਉਲਟਾ ਸੁਝਾਵ ਦੇਣਾ ਚਾਹੀਦਾ ਹੈ। ਇਥੇ ਇਸ ਸਮੇ ਇਹ ਬਿਲ ਹੋਣਾ ਚਾਹੀਦਾ ਸੀ ਕਿ ਹਰੀਜਨਾਂ ਨੂੰ ਜ਼ਮੀਨ ਨਾ ਦਿਤੀ ਜਾਵੇ ਤਾਂ ਹਰੀਜਨਾਂ ਨੂੰ ਜ਼ਮੀਨ ਮਿਲ ਸਕਦੀ ਸੀ।

ਮੈਂ ਸਰਕਾਰ ਅਗੇ ਬੇਨਤੀ ਕਰਾਂਗਾ ਕਿ ਇਸ ਪ੍ਰਸਤਾਓ ਤੇ ਕਿਸੇ ਲੰਮੀ ਚੌੜੀ ਬਹਿਸ ਦੀ ਲੋੜ ਨਹੀਂ। ਬੰਜਰ ਜ਼ਮੀਨ ਹਰੀਜਨਾਂ ਅਤੇ ਦੂਸਰੇ ਗਰੀਬਾਂ ਜਿਨ੍ਹਾਂ ਪਾਸ ਜ਼ਮੀਨ ਨਹੀਂ ਹੈ, ਨੂੰ ਦਿਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਆਪਣਾ ਗੁਜ਼ਾਰਾ ਕਰ ਸਕਣ।

ਇਨ੍ਹਾਂ ਚੰਦ ਸ਼ਬਦਾਂ ਨਾਲ ਮੈਂ ਇਸ ਪ੍ਰਸਤਾਉ ਦੀ ਤਾਈਦ ਕਰਦਾ ਹਾਂ ਅਤੇ ਅਪਣੇ ਥਾਂ ਤੇ ਬੈਠਦਾ ਹਾਂ।

श्री बांद राम अहलावत : (झज्जर) : अध्यक्ष महोदय, प्रस्ताव हमारे सामने है। कहावत है—'Only the wearer knows where the shoe pinches.'

यह प्रस्ताव जो हमारे सामने कम्युनिस्ट भाईयों की तरफ से उपस्थित हुआ, लोगों को यह जतलाने के लिए किया गया कि उन्हें हरिजनों और कांग्रेस के नुमायंदों से ज्यादा हमदर्दी है। वास्तव में ऐसी बात नहीं है और मैं यही बात दर्शाने के लिए खड़ा हुआ हूं।

जब से आज़ादी मिली है, तब से कांग्रेस सरकार, जिस में वह आदमी शामिल हैं जिन्होंने सियासी इनकलाब लाने में बड़ी भारी कुर्बानियां कीं, आज भी आर्थिक और सामाजिक इनकलाब लाने में पीछे नहीं रहेंगे। यह पालिसी उन्होंने मुख्तलिफ इकदाम से जो वह गाहे बगाहे करते रहते हैं जनता के सामने रखी है। पिछले साल शामलात ज़मीन का कानून पेश किया गया और इस के ज़रिये लाखों एकड़ ज़मीन हरिजनों और दूसरे गरीब लोगों को दी गई। इस से ज़ाहिर है कि कांग्रेस गवर्नमेंट हरिजनों के सामाजिक और आर्थिक लिहाज़ से उत्थान की ओर अग्रसर है। इसी तरह इशतमाल का सिलसिला है। इस सिलसिले में जितनी ज़मीन इस सरकार ने छोड़ी है उतनी शायद ही कोई और गवर्नमैण्ट छोड़ सकती। अकेले रोहतक जिले में 130 गांवों में, उन की बढ़ौत्री के लिए ज़मीन छोड़ी गई है। इस के इलावा नाहड़ गांव, जो झज्जर तहसील, यानी मेरे हलके में है, कुछ जंगल की ज़मीन थी। हम ने विनय की सरदार प्रताप सिंह कैरों से, कि यह ज़मीन हमें नीलाम कर दी जाए। यह ज़मीन आम साल खुली नीलाम होती थी। सरदार साहिब मुबारकबाद के मुस्तहिक हैं कि वह खुद जेठ महीने की कड़कती धूप में हरिजनों के लिये वहां पहुंचे। इस के बाद 10 मई 1952 को 21,22 हरिजन मैम्बरों ने सरदार साहिब को एक memorandum पेश किया और लिखा पढ़ी जारी रही। इस के बाद एक प्रस्ताव पेश किया गया मगर वह प्रस्ताव इस लिए नामन्ज़ूर कर दिया गया और हरीजनों को ज़मीन इस लिए न दी जा सकी क्योंकि यह बात विधान के मुनाफी होती। आज यह resolution आया। हरिजनों से जो बदकिस्मती से सामाजिक तौर पर पिछड़े हुए हैं, इस में हमदर्दी ज़ाहिर की गई है, लेकिन विधान की दफा 46 को आप ज़रा देखें—

> The State shall promote with special care the educational and economic interests of the weaker sections of the people and in particular of the Scheduled Castes and the Scheduled Tribes and shall protect them from social injustice and all forms of exploitation.

यह है वह विधान जिस के तहत हमारी गवर्नमैण्ट काम कर रही है। Planning Commission की हिदायतों से ज़ाहिर है, जो इस ने हर एक गवर्नमैण्ट को दी हैं, कि agricultural labourers के मसले को फौरी तौर पर हल किया जाये। कांग्रेस के मैम्बर जनता में पले हैं, जनता की movements को चलाने वाले हैं इस लिये यह जनता की नब्ज़ पहचानते हैं। इस लिए जो २ कदम इस सरकार ने उठाए हैं वह इस

बात का मुसल्लमा सबूत है कि यह गवर्नमैण्ट हरिजनों के फायदे के लिए बहुत कुछ कर रही है। 12-10-53 को एक सवाल के जवाब में सरकार ने यह बताया था कि फलां २ जगह इतनी सरकारी ज़मीन है। आप इजाज़त दें तो मैं पढ़ कर सुना दूं:—

	Acres
करनाल	39,525
लुधयाना	721
जालन्धर	14,051
गुरदासपुर	20,619
फीरोज़पुर	32,129
अमृतसर	37,537
कांगड़ा	16,546
हुश्यारपुर	592
हिसार	92,662
रोहतक	49,193
अम्बाला	21,524

यह जो ज़मीन है अगर इसे हरिजनों को दे दिया जाये तो हमारा सामाजिक मसला बहुत हद तक हल हो जायगा। पिछले दिनों All-India Radio पर भाषण देते हुए, भारत सरकार के हरिजन वज़ीर श्री जगजीवन राम ने कहा—

'Social revolution cannot be brought about by patch work'

अगर अधूरी बातें करते रहे तो हरिजन कभी न उठ सकेंगे। सरदार प्रताप सिंह कैरों ने "पंजाब हरिजन पिछड़ी जाति Conference, रोहतक" में ऐलान किया था, कि यह कोई छिपी हुई बात नहीं है, कि जो ज़मीन सरकार के पास है वह हरिजनों में बांटी जाएगी। हमारी सरकार ने पहले भी कई काम हरिजनों के उत्थान के लिये किये हैं, इस लिये हमारी सरकार के लिये यह कोई नई बात नहीं है। यह तो कांग्रेस सरकार है, हरिजनों को ज़रूर ऊपर उठाएगी।

मुझे अभी मालूम हुआ है कि मई और जून के महीने में एक और छोटा सा सैशन हो रहा है। गवर्नमैण्ट विचार कर रही है कि ज़मीन को किस प्रकार बांटा जाये। सरकार waste land को हरिजनों में तकसीम करने के लिये कानून ला रही है, यह बहुत खुशी की बात है।

अब मैं दो चार बातें कह कर अपना भाषण खत्म करता हूं। हरिजनों की यह मांग बहुत पुरानी है और कुदरती भी है। गांवों में ज़मीनों पर ज़िमीदारों की मालकी है। वहां पर सामाजिक और आर्थिक ढांचा कुछ इस किस्म का है कि ज़मीनें हरिजनों की मलकीयत नहीं। हरिजनों को वहां मज़दूरी का काम मिलता है। जो बिसवेदार हैं उनकी तरफ से हरिजनों पर अत्याचार होता है। ऐसा सामाजिक निज़ाम होने के कारण देहातों में हरिजनों की ज़मीनों के लिये मांग कुदरती है। कोई भी पार्टी इन्हें ज़मीनें देने को तैयार नहीं। ज़िमींदार लोग यह चाहते हैं कि हरिजनों को ज़मीनें न दी जाएं। इस लिये वह इस बात की मांग करते हैं कि उन्हें ज़मीनें ज़रूर दी जायें ताकि वे उठ सकें। उन्हें पता है कि देहातों में जो ज़मीनों के मालिक हैं उनके पास थोड़ी ज़मीनें नहीं है। परन्तु अगर आप हरिजनों को ज़मीनें न देंगे तो उन पर जो अन्याय हो

[श्री चांद राम अहलावत]

रहा है उस का अन्त न होगा। ना ही उनकी सामाजिक दशा अच्छी होगी और न ही उन की प्रतिष्ठा बढ़ेगी।

साथ ही मैं यह बताना चाहता हूं कि ऐसी बातों से ही अन्य देशों में इन्कलाब आया है। हरिजनों को अब ज़मींदार बहुत देर तक दबाए नहीं रख सकते।

यदि हम चाहते हैं कि हमारे पसमान्दा भाई ऊपर उठें तो हमें आर्थिक ढांचा बदलना पड़ेगा हरिजनों को ऊपर उठाने के लिये हमें economic dependence को खत्म करना होगा। इसके लिये हमें हरिजन तबका को स्वतन्त्र जीवन देना होगा। स्वतन्त्र जीवन से ही हम हर तबके को अपनी अपनी जगह पर खड़ा कर सकते हैं। हरिजनों को गांवों के आर्थिक ढांचे में किसी किसम की security होनी चाहिये तब ही वह मुलक में तरक्की कर सकते हैं। इस के बारे में Planning Commission ने एक जगह कहा है—

> The existence of large number of agricultural workers who lack sustained employment and frequently suffer from social handicaps, is to be regarded as a source of serious weakness and even instability in the present agrarian system.

यह शब्द मेरे नहीं हैं। न ही मैं इन से बेहतर शब्दों का प्रयोग कर सकता हूं। यह तो प्लैनिंग कमिशन वालों ने कहे हैं। पांच साला पलान में भी इनका जिक्र किया गया है। उसमें कहा गया है कि landless labourers और agricultural labourers बहुत हैं। जब हम agricultural labourers की बात करते हैं तो हम देखते हैं कि इनमें से बहुत बड़ी तादाद हरिजनों की है।

गांवों में पहले क्या था। हरिजन ज़मींदार की सेवा करता था। इस सेवा देने के बदले उसे सारी उपज में से 20 मन या 40 मन हिस्सा मिलता था। यह हिस्सा निर्धारित था। यदि इस रवायत के मुताबिक कोई ज़मींदार उन्हें यह निर्धारित हिस्सा न दें तो वे court में जा कर उन्हें sue कर सकते हैं और हिस्सा ले सकते हैं। यह सिलसिला पुराने समाज में था। अब हालात बदल गए हैं। पहले इस में guarantee थी। लेकिन अब जब के ज़मीन पर बोझ बहुत बढ़ रहा है ज़मीनों पर मशीनों से काश्त शुरु है तो हरिजनों को खेतों में काम नहीं मिलता। इस लिये इन को ज़मीनें देकर इस competition को खत्म किया जाए।

फिर जत्थेदार मोहन सिंह जी ने कहा है कि चन्डीगढ़ प्रोजैक्ट बन रहा है, भाखड़ा डैम बन रहा है। इन में हरिजन काम कर रहे हैं। प्रधान जी, यह ठीक है इन लोगों को काम मिला हुआ है। लेकिन क्या आप जानते हैं कि इनका किस social strata से सम्बन्ध है। इनका सम्बन्ध नीचे के तबका से है। इन्हें गिरी हुई नज़रों से देखा जाता है। इनका social strata वह है जिस से स्वर्ण हिंदू नफरत करते हैं। जब तक हम इन्हें इज्ज़त का काम नहीं देंगे, इन्हें समाज इज्ज़त की निगाह से नहीं देखेगी, तब तक मैं समझता हूं, कि समाज में नया इन्कलाब नहीं लाया जा सकता।

प्रधान जी! मैं कहता हूं कि आर्थिक और सामाजिक इनक्लाब से ही हरिजनों को ऊपर उठाया जा सकेगा। यह बात हाऊस को पता ही है कि पंजाब सरकार किन्हीं तरीकों से हरिजनों को ऊंचा उठाने के लिये कदम उठा रही है। मुझे उम्मीद है कि सरकार इस मामले में कोई कसर उठा न रखेगी।

इस सम्बन्ध में मैं यह बताना चाहता हूं कि 7 लाख एकड़ ज़मीन, जिसका ज़िक्र गवर्नर साहिब ने अपने भाषण में किया था, कि waste land पड़ी है । वह हरिजनों को दी गई है। मैं आशा करता हूं कि इस तरह से देहाती नज़ाम और सामाजिक नज़ाम में परिवर्तन आयेगा । Five-Year Plan में भी इस का ध्यान किया गया है कि:—

> It would be difficult to maintain a system in which because of accidents of birth or circumstance, certain individuals are denied the opportunity of rising in the social scale by becoming cultivators and owners of land"

यह अलफ़ाज़ मेरे नहीं हैं । यह Planning Commission के हैं । इस से बहतर guidance सरकार को और कहां से मिल सकती है । इस से पूरा पूरा लाभ उठाना चाहिए ।

मुझे आशा है कि सरदार प्रताप सिंह जी ने जो इन्कलाबी कदम हरिजनों को ऊंचा करने के लिये उठाए हैं वह ठीक साबत होंगे। जो कुछ उन्हों ने representative gatherings में कहा है, जो कदम उठाने का उन्होंने पार्टी मीटिंगों में बचन किया है उन से पता चलता है कि सरकार यकीनी तौर पर इस बारे में कोई कानून बनायेगी । कानून बनाने में देर शायद इस लिये लग गई है कि वह कानूनी सलाह मश्वरा कर रहे हैं । मैं यह कभी यकीन नहीं कर सकता कि हरिजनों के लिये सरदार साहिब के पास कोई जगह नहीं । जिस ढंग से सरदार साहिब काम कर रहे हैं हमें इस से आशा और उत्साह मिलता है । इन का आशा और उत्साह का जीवन देख कर हमारा हौंसला बढ़ता है ।

मैं यहां पर यह भी अर्ज़ करना चाहता हूं कि Land Revenue Act के अधीन भी सरकार के पास कुछ ज़मीनें आती हैं । और कई अन्य तरीकों से भी गवर्नमैंट के कब्ज़ा में जो ज़मीनें आई हैं जैसे के करनाल ज़िला में, इन सब को हरिजनों में बांट दिया जाए । इन शब्दों के साथ में हाऊस का शुक्रिया अदा करता हूं और प्रार्थना करता हूं कि इस resolution को adopt कर लिया जाए ।

ਸਰਦਾਰ ਦਰਸ਼ਨ ਸਿੰਘ (ਤਰਨ ਤਾਰਨ): ਪ੍ਰਧਾਨ ਜੀ ! ਮੈਂ ਇਸ ਮਤੇ ਦੀ ਹਮਾਇਤ ਲਈ ਖੜਾ ਹੋਇਆ ਹਾਂ ਜੋ ਸਰਦਾਰ ਅੱਛਰ ਸਿੰਘ ਵਲੋਂ ਪੇਸ਼ ਕੀਤਾ ਗਿਆ ਹੈ । ਇਹ ਉਨ੍ਹਾਂ ਲੋਕਾਂ ਲਈ ਪੇਸ਼ ਕੀਤਾ ਗਿਆ ਹੈ ਜੋ ਸਮਾਜ ਦੇ ਸਭ ਤੋਂ ਪਿਛੜੇ ਹੋਏ ਲੋਕ ਹਨ ਅਰਥਾਤ ਸਮਾਜਕ ਤੌਰ ਤੇ ਵੀ ਅਤੇ ਆਰਥਕ ਤੌਰ ਤੇ ਵੀ। ਇਨ੍ਹਾਂ ਵਿਚਾਰੇ ਹਰੀਜਨਾਂ ਨੂੰ ਇਕ ਸਾਲ ਵਿਚ ਮਸੇ ਦੋ ਤਿੰਨ ਮਹੀਨੇ ਕੰਮ ਮਿਲਦਾ ਹੈ। ਮੈਂ ਸਮਝਦਾ ਹਾਂ ਕਿ ਇਸ ਸਭ ਤੋਂ ਪਿਛੇ ਰਹੀ ਜਾਤੀ ਨੂੰ ਉਠਾਣਾ ਜ਼ਰੂਰੀ ਹੈ। ਇਸ ਲਈ ਇਹ ਕਿਨਾਂ ਚੰਗਾ ਹੁੰਦਾ ਜੇਕਰ ਅਜ ਇਸ ਰੈਜ਼ੂਲਿਊਸ਼ਨ ਨੂੰ ਸਰਕਾਰੀ ਬੈਂਚਾਂ ਵਲੋਂ ਪੇਸ਼ ਕੀਤਾ ਜਾਂਦਾ ਅਤੇ ਕਾਨੂੰਨ ਬਣਾ ਕੇ ਇਹ ਪਾਸ ਕਰ ਦਿਤਾ ਜਾਂਦਾ ਕਿ ਸਾਰੀ waste land ਨੂੰ ਗਰੀਬ ਹਰੀਜਨਾਂ ਵਿਚ ਵੰਡਿਆ ਜਾਵੇਗਾ। ਪਰ ਕਈ ਸਜਨ ਕਹਿੰਦੇ ਹਨ ਕਿ ਸਰਕਾਰ ਨੂੰ ਸਮਾਂ ਨਹੀਂ ਮਿਲਿਆ, ਵੇਹਲ ਨਹੀਂ ਮਿਲੀ । ਕੀ ਮੈਂ ਪੁਛ ਸਕਦਾ ਹਾਂ ਕਿ ਉਨ੍ਹਾਂ ਨੂੰ ਹੋਰ ਬਿਲ ਲਿਆਉਣ ਲਈ ਵੇਹਲ ਮਿਲ ਗਈ ਸੀ ? ਕੀ ਉਨ੍ਹਾਂ ਨੂੰ ਹੋਰ ਅਜਿਹੇ ਕਾਨੂੰਨ ਪਾਸ ਕਰਨ ਦੀ ਵੇਹਲ ਮਿਲ ਗਈ ਸੀ ਜਿਨ੍ਹਾਂ ਨਾਲ ਲੋਕਾਂ ਤੇ ਟੈਕਸਾਂ ਦਾ ਭਾਰ ਵਧੇ ? ਹੈਰਾਨੀ ਦੀ ਗਲ ਹੈ ਕਿ ਅਫਸਰਾਂ ਨੂੰ ਅਜਿਹਾ ਬਿਲ ਤਿਆਰ ਕਰਨ ਲਈ ਜਿਸ ਨਾਲ ਹਰੀਜਨਾਂ ਦਾ ਸੁਧਾਰ ਹੁੰਦਾ ਹੋਵੇ ਵਕਤ ਨਹੀਂ ਮਿਲਿਆ ।

[ਸਰਦਾਰ ਦਰਸ਼ਨ ਸਿੰਘ]

ਇਨ੍ਹਾਂ ਲੋਕਾਂ ਨੂੰ ਜਿਨ੍ਹਾਂ ਨਾਲ ਨ ਕੇਵਲ ਅਸੀਂ ਵਾਹਦੇ ਕੀਤੇ ਸਨ ਬਲਕਿ ਕਾਂਗਰਸੀ ਭਰਾਵਾਂ ਨੇ ਵੀ ਬਚਨ ਦਿਤੇ ਹੋਏ ਸਨ ਕਿ ਹਕੂਮਤ ਮਿਲਣ ਤੇ ਉਨ੍ਹਾਂ ਦੀ ਹਾਲਤ ਸੁਧਾਰੀ ਜਾਵੇਗੀ ਉਨ੍ਹਾਂ ਬਚਨਾਂ ਨੂੰ ਅਸੀਂ ਕਿਵੇਂ ਪੂਰਾ ਕਰ ਰਹੇ ਹਾਂ ? ਉਨ੍ਹਾਂ ਨੇ ਤੁਹਾਨੂੰ ਅਪਨੇ ਨੁਮਾਇੰਦੇਬਣਾ ਕੇ ਭੇਜਿਆ ਸੀ। ਉਨ੍ਹਾਂ ਨੇ ਤਹਾਨੂੰ ਵੋਟਾਂ ਪਾਈਆਂ ਸਨ, ਕਿਸ ਲਈ ? ਉਹ ਸਮਝਦੇ ਸਨ ਕਿ ਉਨ੍ਹਾਂ ਦੇ ਪਛੜੇਪਨ ਨੂੰ ਦੂਰ ਕਰਨ ਦਾ ਇਹ ਹੀ ਵਸੀਲਾ ਹੈ।

ਪਰ ਮੈਨੂੰ ਜਥੇਦਾਰ ਮੋਹਨ ਸਿੰਘ ਕੋਲੋਂ ਇਹ ਸੁਣ ਕੇ ਬੜਾ ਦੁਖ ਹੋਇਆ ਕਿ ਕਿਧਰੇ ਇਹ resolution April fool ਤਾਂ ਨਹੀਂ । ਓਹ ਮੇਰੇ ਇਲਾਕੇ ਤੋਂ ਆਏ ਹਨ । ਲੋਕਾਂ ਨੇ ਮੈਨੂੰ ਛਡ ਕੇ ਵੀ ਉਨ੍ਹਾਂ ਨੂੰ ਇਸ ਆਸ ਤੇ ਵੋਟ ਪਾਏ ਕਿ ਕਾਂਗਰਸ ਸਾਡੇ ਵਾਸਤੇ ਕੁਝ ਕਰੇਗੀ। ਇਹ ਭਾਖੜੇ ਅਤੇ ਅਜਨਾਲੇ ਦੀਆਂ ਨਹਿਰਾਂ ਦੇ ਬਾਰੇ ਵਿਚ ਮਜ਼ਦੂਰਾਂ ਦੀ ਗਲ ਕਰਦੇ ਹਨ। ਮੈਂ ਆਖਦਾ ਹਾਂ ਕਿ ਉਨ੍ਹਾਂ ਲੋਕਾਂ ਦੀ ਤਬਾਹੀ ਦਾ ਸਬਬ ਇਹ ਹੈ ਕਿ ਜ਼ਿਮੀਂਦਾਰਾਂ ਨੇ tractor ਲੈ ਆਂਦੇ ਹਨ । ਜਿੱਥੇ ਪਹਿਲੋਂ ਦੋ ਆਦਮੀਆਂ ਦੀ ਲੋੜ ਹੁੰਦੀ ਸੀ ਉੱਥੇ ਹੁਣ ਇਕ ਨਾਲ ਕੰਮ ਚਲ ਜਾਂਦਾ ਹੈ, ਬਲਕਿ ਇਕ ਦੀ ਲੋੜ ਵੀ ਨਹੀਂ ਰਹੀ । ਬਟਨ ਦੱਬਿਆ ਤੇ ਪਾਣੀ ਆ ਗਿਆ । ਇਸ ਵਾਸਤੇ ਉਹ ਲੋਕ ਸ਼ਹਿਰਾਂ ਵਲ ਭਜਦੇ ਹਨ । ਇਨ੍ਹਾਂ ਲੋਕਾਂ ਨੂੰ ਬੜੀ ਤਕਲੀਫ਼ ਹੈ ਅਤੇ ਉਹੋ ਇਨ੍ਹਾਂ ਵਲ ਤਕ ਰਹੇ ਹਨ । 7 ਸਾਲਾਂ ਤੋਂ ਉਹੋ ਸਾਡੀ ਕਾਂਗਰਸ ਸਰਕਾਰ ਵਲ ਉੱਸੇ ਤਰਾਂ ਦੇਖ ਰਹੇ ਹਨ ਜਿਸ ਤਰਾਂ ਗਿੱਦੜ ਊਟ ਵਲ ਤਕਦਾ ਸੀ ਕਿ ਮਾਸ ਦਾ ਟੁਕੜਾ ਹੁਣੇ ਡਿੱਗਾ ਕਿ ਡਿੱਗਾ । (*Laughter*) ਮੈਂ ਆਖਦਾ ਹਾਂ ਕਿ ਕਾਂਗਰਸੀਆਂ ਨੇ ਜੇਕਰ ਇਹ resolution ਪਾਸ ਨਾ ਹੋਣ ਦਿੱਤਾ ਤਾਂ ਇਹਦੀ ਜ਼ਿਮੇਦਾਰੀ ਚੌਧਰੀ ਸੁੰਦਰ ਸਿੰਘ, ਜਥੇਦਾਰ ਮੋਹਨ ਸਿੰਘ ਅਤੇ ਸਰਦਾਰ ਪਰਤਾਪ ਸਿੰਘ ਉਤੇ ਹੋਵੇਗੀ । ਤੁਸੀਂ ਆਖਦੇ ਹੋਵੋਗੇ ਕਿ ਇਹ 3 ਆਦਮੀ ਕੀ ਕਰ ਸਕਦੇ ਹਨ । ਪਰ ਮੈਂ ਅਰਜ਼ ਕਰਦਾ ਹਾਂ ਕਿ ਇਹ ਪ੍ਰਸਤਾਵ ਤਾਂ ਤੁਹਾਡੀਆਂ ਵੋਟਾਂ ਨਾਲ ਪਾਸ ਹੋਣਾ ਹੈ ਇਹਦੇ ਵਿਚ 3 ਆਦਮੀਆਂ ਦੀ ਕੀ ਗਲ ਹੈ ? ਅਸਲ ਗਲ ਇਹ ਹੈ ਕਿ ਤੁਸੀਂ ਕੁਝ ਕਰਨਾ ਨਹੀਂ ਚਾਹੁੰਦੇ ਅਤੇ ਇਸ ਵਾਸਤੇ ਜਥੇਦਾਰ ਹੋਰਾਂ ਦੇ ਮੂੰਹੋਂ ਇਹ ਗਲ ਅਖਵਾ ਦਿੱਤੀ ਹੈ ।

ਸ਼੍ਰੀ ਚਾਂਦ ਰਾਮ ਜੀ ਨੇ ਆਖਿਆ ਹੈ ਕਿ ਸਰਕਾਰ ਨੇ ਹਰੀਜਨਾਂ ਵਾਸਤੇ ਕਮੇਟੀਆਂ ਪੰਚਾਇਤਾਂ ਵਿਚ ਸੀਟਾਂ ਦੀ reservation ਕੀਤੀ ਅਤੇ ਨੌਕਰੀਆਂ 19 ਫੀ ਸਦੀ ਦਾ ਹਕ ਦਿੱਤਾ ਹੈ, ਹਰੀਜਨ ਪੰਚ ਬਣਾਏ ਅਤੇ ਵਜ਼ੀਰ ਬਣਾਏ । ਮੈਂ ਆਖਦਾ ਹਾਂ ਕਿ ਜਿਨ੍ਹਾਂ ਨੇ ਘਰ ਬੈਠਿਆਂ ਇਹ ਚੀਜਾਂ ਪਾ ਲਈਆਂ ਹਨ ਉਨ੍ਹਾਂ ਨੂੰ ਇਹ ਬੇਸ਼ਕ ਰਿਆਇਤਾਂ ਮਲੂਮ ਹੁੰਦੀਆਂ ਹਨ ਪਰ ਅਸੀਂ ਇਸ ਮੰਗ ਦੀ ਖਾਤਰ ਝਗੜੇ ਕੀਤੇ ਅਤੇ ਜੇਲ੍ਹਾਂ ਵਿਚ ਗਏ ।

ਇਹ ਮਤਾ ਕੋਈ ਨਵਾਂ ਨਹੀਂ, ਅਸੀਂ ਹਮੇਸ਼ਾਂ ਇਹ ਪੇਸ਼ ਕਰਦੇ ਰਹੇ ਹਾਂ । ਇਸ ਵਾਸਤੇ ਅਸੀਂ ਇਨ੍ਹਾਂ ਨੂੰ ਰਿਆਇਤਾਂ ਨਹੀਂ ਸਮਝਦੇ । ਅਸੀਂ ਇਸੇ ਹਿੰਦੁਸਤਾਨ ਦੇ ਵਸਨੀਕ ਹਾਂ ਅਤੇ ਇਸ ਦੀ ਆਜ਼ਾਦੀ ਦੀ ਖਾਤਰ ਲੜਦੇ ਰਹੇ ਹਾਂ । ਇਸ ਵਾਸ਼ਤੇ ਇਹ ਮੰਗ ਸਾਡਾ ਹੱਕ ਹੈ। ਇਸੇ ਤਰ੍ਹਾਂ ਛੂਤ ਛਾਤ ਖਤਮ ਕਰਨ ਦਾ ਵੀ ਜ਼ਿਕਰ ਬੜੇ ਜ਼ੋਰ ਨਾਲ ਕੀਤਾ ਗਿਆ ਹੈ। ਪਰ ਮੈਂ ਆਖਦਾ ਹਾਂ ਕਿ ਜਦੋਂ ਤੀਕਰ ਗਰੀਬੀ ਖਤਮ ਨਹੀਂ ਹੁੰਦੀ ਇਹ ਛੂਤ ਛਾਤ ਦੀਆਂ ਗੱਲਾਂ ਸਿਰਫ਼ ਵੋਟਾਂ ਲੈਣ ਦਾ ਬਹਾਨਾ ਅਤੇ ਢੋਂਗ ਹਨ ।

ਜ਼ਮੀਨਾਂ ਖਰੀਦਨ ਦਾ ਹੱਕ ਦੇਣ ਦਾ ਵੀ ਬੜਾ ਇਹਸਾਨ ਦਸਿਆ ਜਾਂਦਾ ਹੈ । ਪਰ ਮੇਰੀ ਅਰਜ਼ ਹੈ ਕਿ ਜਿਹੜੇ ਲੋਕ ਬਚਿਆਂ ਨੂੰ ਭੁੱਖੇ ਸਵਾਂਦੇ ਹਨ ਅਤੇ ਇਕ ਰੋਟੀ ਦਾ ਟੁਕੜਾ

ਨਹੀਂ ਦੇ ਸਕਦੇ ਓਹੋ ਜ਼ਮੀਨ ਕਿਸ ਤਰ੍ਹਾਂ ਖਰੀਦ ਸਕਦੇ ਹਨ। ਸਰਦਾਰ ਪਰਤਾਪ ਸਿੰਘ ਜੀ ਹਮੇਸ਼ਾ ਦਸਦੇ ਹਨ ਕਿ ਉਨ੍ਹਾਂ ਨੂੰ ਹਰੀਜਨਾਂ ਨਾਲ ਬੜਾ ਪਿਆਰ ਹੈ। ਜੀ ਹਾਂ, ਉਨ੍ਹਾਂ ਨੂੰ ਬਹੁਤ ਪਿਆਰ ਹੈ ਪਰ ਓਹੀ ਪਿਆਰ ਹੈ ਜਿਹੜਾ ਬਿੱਲੀ ਨੂੰ ਚੂਹੇ ਨਾਲ ਹੁੰਦਾ ਹੈ। (*Laughter*) ਇਹ ਪਿਆਰ ਉਨ੍ਹਾਂ ਨੂੰ ਚੂਹੇ ਵਾਂਗੂੰ ਖਾ ਜਾਣ ਵਾਸਤੇ ਹੈ। ਫਿਰ Lease ਦਾ ਹਾਲ ਇਸ ਨਾਲੋਂ ਵੀ ਭੈੜਾ ਹੈ। ਕਿਉਂਕਿ ਓਹ ਜ਼ਮੀਨਾਂ ਵੀ ਨੀਲਾਮ ਕੀਤੀਆਂ ਜਾਂਦੀਆਂ ਹਨ। ਅਸੀਂ ਉਹੋ ਜ਼ਮੀਨਾਂ ਨਹੀਂ ਖਰੀਦ ਸਕਦੇ ਕਿਉਂਕਿ ਸਾਡੇ ਕੋਲ ਪੈਸਾ ਨਹੀਂ ਹੈ। Lease ਵਾਲੀਆਂ ਜ਼ਮੀਨਾਂ ਵੀ ਪੈਸੇ ਵਾਲੇ ਸਾਡੇ ਨਾਂ ਤ ਖਰੀਦ ਲੈਂਦੇ ਹਨ ਅਤੇ ਅਸੀਂ ਮਜ਼ਦੂਰ ਦੇ ਮਜ਼ਦੂਰ ਹੀ ਰਹਿ ਜਾਂਦੇ ਹਾਂ। ਕਰਨਾਲ ਵਿਚ ਸਰਦਾਰ ਪਰਤਾਪ ਸਿੰਘ ਦੇ ਆਦਮੀਆਂ ਨੇ ਜ਼ਮੀਨਾਂ ਲੈ ਲਈਆਂ ਅਤੇ ਨਾਮ ਸਾਡਾ ਹੋਇਆ। ਸਾਨੂੰ ਜ਼ਮੀਨਾਂ ਦੇਣ ਬਾਰੇ ਇਹ ਵੀ ਆਖਿਆ ਜਾਂਦਾ ਹੈ ਕਿ private ਜ਼ਮੀਨਾਂ ਵਿਚੋਂ ਤੁਹਾਨੂੰ ਹਿੱਸਾ ਦੇਣ ਦੀ ਵਿਧਾਨ ਇਜਾਜ਼ਤ ਨਹੀਂ ਦਿੰਦਾ। ਪਰ ਮੈਂ ਆਖਦਾ ਹਾਂ ਕਿ 7 ਲਖ ਏਕੜ ਜਿਹੜੀ waste land ਪਈ ਹੈ ਉਹੋ ਤੁਸੀਂ ਇਕ ਕਲਮ ਦੇ ਇਸ਼ਾਰੇ ਨਾਲ ਦੇ ਸਕਦੇ ਹੋ। ਫੇਰ ਕਿਉਂ ਨਹੀਂ ਦਿੰਦੇ ? ਅਸਲ ਵਿਚ ਇਹ ਪਾਲਿਸੀ ਚਲ ਰਹੀ ਹੈ। ਇਹ ਸਭ ਗੁਮਰਾਹ ਕਰਨ ਦੀਆਂ ਗਲਾਂ ਹਨ। ਇਹ ਕਰਨਾ ਕਰਾਉਣਾ ਕੁਝ ਨਹੀਂ ਚਾਹੁੰਦੇ। ਖੈਰ ਅਜ ਇਮਤਿਹਾਨ ਹੋ ਜਾਵੇਗਾ ਕਿ ਇਸ resolution ਨੂੰ ਪਾਸ ਕਰਦੇ ਹਨ ਕਿ ਨਹੀਂ। ਇਸ ਤੋਂ ਇਨ੍ਹਾਂ ਦੀ ਨੀਯਤ ਦਾ ਪਤਾ ਲਗ ਜਾਏਗਾ।

ਡਿਪਟੀ ਸਪੀਕਰ ਸਾਹਿਬ ! ਅਜ ਪਿੰਡਾਂ ਦੀ ਹਾਲਤ ਬੜੀ ਖਰਾਬ ਹੈ, ਬੇਰੋਜ਼ਗਾਰੀ ਵਧ ਰਹੀ ਹੈ। ਅਸੀਂ ਲੋਕ ਇਸ ਵਾਸਤੇ ਪਛੜੇ ਹੋਏ ਹਾਂ ਕਿ ਸਾਡੇ ਕੋਲ ਪੈਦਾਵਾਰ ਦਾ ਜ਼ਰੀਆ ਨਹੀਂ ਹੈ। ਸਾਨੂੰ ਜ਼ਮੀਨ ਦਿਓ ਤਾਕਿ ਅਸੀਂ ਅੱਗੇ ਵਧ ਸਕੀਏ। 19 ਫੀ ਸਦੀ ਨੌਕਰੀਆਂ ਦਾ ਹਾਲ ਇਹ ਹੈ ਕਿ ਸਰਵਿਸਿਜ਼ ਵਿਚ ਸਾਡੀ proportion ਹਾਲੇ ਤੀਕਰ 2 ਫੀ ਸਦੀ ਤੀਕਰ ਵੀ ਨਹੀਂ ਹੋ ਸਕੀ। ਅਜ ਸਵਾਲਾਂ ਦੇ ਜਿਹੜੇ ਜਵਾਬ ਮਿਲੇ ਹਨ ਉਨ੍ਹਾਂ ਤੋਂ ਮਲੂਮ ਹੋ ਗਿਆ ਹੈ ਕਿ ਦੋ ਸਾਲਾਂ ਵਿਚ ਇਕ ਨੰਬਰਦਾਰ ਨਹੀਂ ਬਣ ਸਕਿਆ। ਪਰ ਇਸ ਦੇ ਨਾਲ ਸਾਡਾ ਕੀ ਬਣ ਸਕਦਾ ਹੈ ? ਅਸੀਂ ਆਖਦੇ ਹਾਂ ਸਾਨੂੰ ਜ਼ਮੀਨ ਦੇ ਦਿਉ ਤਾਂ ਸਾਡੇ ਸਭ ਮਸਲੇ ਹਲ ਹੋ ਜਾਣਗੇ। ਜੇ ਤੁਸੀਂ ਜ਼ਮੀਨਾਂ ਨਹੀਂ ਦੇਂਦੇ ਤਾਂ ਫੇਰ ਸਭ ਹਮਦਰਦੀਆਂ ਕਾਗਜ਼ੀ ਅਤੇ ਲਫ਼ਜ਼ੀ ਕਾਰਵਾਈਆਂ ਹਨ। ਜੇ ਹਮਦਰਦੀ ਸੱਚੀ ਹੈ ਤਾਂ waste lands ਹਰੀਜਨਾਂ ਨੂੰ ਜ਼ਰੂਰ ਦਿਉ।

ਇਸ ਤੋਂ ਇਲਾਵਾ ਇਕ ਹੋਰ ਚੀਜ਼ ਵਲ ਵੀ ਮੈਂ ਧਿਆਨ ਦਿਵਾਉਣਾ ਚਾਹੁੰਦਾ ਹਾਂ। ਜ਼ਮੀਨ ਦੇ ਨਾਲ ਹੀ ਹਰੀਜਨਾਂ ਨੂੰ ਓਹ ਜ਼ਮੀਨਾਂ ਆਬਾਦ ਕਰਨ ਵਾਸਤੇ ਇਮਦਾਦ ਵੀ ਦਿਉ। ਜਦੋਂ ਤੀਕਰ ਜ਼ਮੀਨਾਂ ਦੀ ਆਬਾਦੀ ਵਿਚ ਵੀ ਸਰਕਾਰ ਇਮਦਾਦ ਨਾ ਕਰੇ ਇਸ ਬਾਰੇ ਵਿਚ ਕਾਮਯਾਬੀ ਨਹੀਂ ਹੋ ਸਕਦੀ। ਅਜਨਾਲੇ ਵਿਚ ਕਈ ਲੋਕਾਂ ਨੇ ਜ਼ਮੀਨ ਤਾਂ ਲੈ ਲਈ ਪਰ ਪੈਸਾ ਕੋਲ ਨਹੀਂ ਸੀ। ਇਸ ਵਾਸਤੇ ਆਬਾਦ ਨ ਕਰ ਸਕੇ ਅਤੇ ਤਬਾਹ ਹੋ ਕੇ ਘਰਾਂ ਨੂੰ ਮੁੜ ਆਏ। ਇਨ੍ਹਾਂ ਲੋਕਾਂ ਨੂੰ ਬੈਲ ਅਤੇ ਹੋਰ ਚੀਜ਼ਾਂ ਖਰੀਦਣ ਵਾਸਤੇ ਇਮਦਾਦ ਦੇਣੀ ਚਾਹੀਦਾ ਹੈ।

ਆਖਰ ਵਿਚ ਮੈਂ ਕਾਂਗਰਸ ਅਤੇ ਹਰੀਜਨ ਮੈਂਬਰਾਂ ਅਗੇ ਬੇਨਤੀ ਕਰਦਾ ਹਾਂ ਕਿ ਅਜ ਤੁਹਾਡਾ ਇਮਤਿਹਾਨ ਹੈ। ਲੋਕ ਤੁਹਾਡੇ ਵਲ ਵੇਖ ਰਹੇ ਹਨ। ਮੈਂ ਉਨ੍ਹਾਂ ਦਾ ਵਾਸਤਾ ਪਾਕੇ ਤੁਹਾਨੂੰ ਸਾਰਿਆਂ ਨੂੰ ਆਖਦਾ ਹਾਂ ਕਿ ਅਸੀਂ ਸਾਰਾ credit ਤੁਹਾਨੂੰ ਦਿਆਂਗੇ ਕਿ ਇਹ resolution ਚੌਧਰੀ ਸੁੰਦਰ ਸਿੰਘ, ਸਰਦਾਰ ਪਰਤਾਪ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਪਾਸ ਕੀਤਾ ਹੈ। ਲੇਕਿਨ

[ਸਰਦਾਰ ਦਰਸ਼ਨ ਸਿੰਘ]

ਜੇ ਤੁਸੀਂ ਇਹ ਵੀ ਪਾਸ ਨਾ ਕੀਤਾ ਤਾਂ ਮੈਂ ਕਹਾਂਗਾ ਕਿ ਇਤਿਹਾਸ ਨੂੰ ਨਾ ਭੁਲੋ। ਜਿਨ੍ਹ ਲੋਕਾਂ ਨੂੰ ਜ਼ਿਆਦਾ ਦਬਾਇਆ ਗਿਆ ਉਨ੍ਹਾਂ ਨੇ ਫੇਰ ਤੰਗ ਆਕੇ ਸਮਾਜ ਬਦਲ ਦਿਤੇ। ਤੁਸੀਂ ਵੀ ਜੇ ਇਹ ਖਿਆਲ ਨਾ ਕੀਤਾ ਤਾਂ ਲੋਕ ਤੁਹਾਨੂੰ ਦੁਸ਼ਮਨ ਸਮਝਣਗੇ ਅਤੇ ਤੁਹਾਡਾ ਵੀ ਖਾਤਮਾਂ ਕਰ ਦੇਣਗੇ। ਮੈਂ ਫੇਰ ਇਕ ਬਾਰ ਅਰਜ਼ ਕਰਦਾ ਹਾਂ ਕਿ ਇਸ resolution ਨੂੰ ਪਾਸ ਕਰ ਦਿਉ।

श्री मनी राम (फतेहाबाद): प्रधान जी, यह resolution जो पेश किया गया है बहुत से साहिबान ने इस की ताईद की है और एक दो साहिबान ने मुखालिफत भी की है। जिन्हों ने मुखालिफत की है उन्होंने तो सरकार के शुकरिये के चंद नारे लगाये जैसे कोई धार्मिक नारे लगाये जाते हैं और अन्त में कह दिया कि resolution रद कर देना चाहिये। मैं अपने दोस्तों से कहता हूं कि सवाल यह नहीं कि यह resolution पास किया जाये या न किया जाये क्योंकि हरिजनों को पंच या सरपंच बना दिया गया है या यह कि उन के लिये 19 या 20 फी सदी reservation कर दी गई है। सवाल इस वक्त यह है कि यह resolution पास होना चाहिये। अगर नहीं होना चाहिये तो क्यों न होना चाहिये। सवाल यहां नम्बरदारों का नहीं पंचों का नहीं, और न ही नौकरियों का है। कांग्रेस की तरफ से कहा गया है कि यह resolution उन लोगों की तरफ से आ रहा है जो तशदुद में अकीदा रखते हैं। मैं अपने Communist भाइयों को तशदुद की शहादत नहीं देता। लेकिन इतना ज़रूर कहना चाहता हूं कि क्या किसी अच्छी तजवीज़ को इस लिये न मानना चाहिये क्योंकि वह तशदुद करने वालों की तरफ से आई है। यह तो ऐसा कहने के बराबर है कि हम तो अपने खारे कुएं का ही पानी पीयेंगे लेकिन मीठे पानी वाले कुएं के नज़दीक न जायेंगे क्योंकि वह मुखालफों का है। खैर कुछ भी हो यह resolution बहुत अच्छा है। लेकिन मेरे विचार में यह और अच्छा हो जाता अगर इस में तमाम पसमांदा जातियों का ज़िक्र होता। जाटों की भी कई पसमांदा जातियां हैं। यदि उनका भी भला हो जाता तो अच्छा होता। लेकिन इस के बावजूद मैं कहता हूं कि यह resolution पास होना चाहिये। ऐसा क्यों होना चाहिये? इस लिए कि अगर हरिजनों के लिये resolution पास होता है तो सारे पंजाब का ही नहीं सारे हिंदुस्तान का एक मसला हल होता है। आज दुनिया एक नई जंग के अन्दर जा रही है और जैसे पंडित जवाहर लाल जी ने कहा है कि एक third block की ज़रूरत है। यह third block कैसे बन सकता है? यह तब बन सकता है जब हिंदुस्तान मज़बूत हो। हिंदुस्तान तब मज़बूत हो सकता है जब पंजाब जो सरहदी सूबा है मज़बूत हो। पंजाब तब मज़बूत बनता है अगर इस resolution को पास किया जाए और सात लाख एकड़ ज़मीन जो इस वक्त रायेगां जा रही है आबाद हो जाती है। मैं तो कहूंगा कि इस resolution के पास होने से पंजाब के हरिजनों, पंजाब और हिंदुस्तान पर ही नहीं अन्तर्राष्ट्रीय हालात पर असर पड़ेगा।

कहा गया है कि अब हरिजनों की न चलेगी। अब मुग़लिया सलतनत के ज़माने गये जब जनता के हक्कों पर छापे मारे जा सकते थे। अब अगर जनता पर कोई ज़ुल्म करेगा तो जनता

कानूनों और सरकारों को ठुकरा कर हकूमत अपने हाथ में ले लेगी। आजकल यह कहना कि गरीबों की न चलेगी democracy के नाम पर धब्बा है।

डिप्टी स्पीकर साहिब, कहा गया है कि हमारे दिल में हरिजनों के लिये बहुत दर्द है परन्तु कुछ हो नहीं सकता। मैं अपने मित्रों से कहता हूं कि पंजाब के हरिजन आप पर आशा लगा कर बैठे हैं। आप कहते हैं कि आप महात्मा गांधी के सिद्धांतों पर चलने वाले लोग हैं। आप Communists से इस लिये नफ़रत करते हैं कि वे महात्मा जी के सिद्धांतों को नहीं मानते। परन्तु मैं कहता हूं कि आप में जो महात्मा जी के सिद्धांतो को मानते हैं और उन पर चलते नहीं और उन लोगों में जो मानते नहीं क्या फर्क है। यदि आप ठंडे दिल से सोचेंगे तो देखेंगे कि कोई फर्क नहीं।

डिप्टी स्पीकर साहिब, मुझे अन्त में यह कहना है कि अच्छा होता अगर इस resolution में तमाम Backward Tribes का ज़िक्र आ जाता। अब सब जनता का ख्याल रखा जाना चाहिये क्योंकि अब तो जनता की ही चलेगी।

प्रोफैसर मोता सिंह आनन्दपुरी (आदमपुर) : स्पीकर साहिब, आज का यह resolution अगर Congress हकूमत की तरफ से आता तो मेरे ख्याल में ज्यादा खुशनुमा मालूम होता। लेकिन हमारी हकूमत भी पुराने feudalism की पैरोकार नज़र आती है। Feudalism की chains अर्थात् जंजीरें हैं जो काश्तकारों को सदियों से जकड़े हुए हैं। इन्हों ने हमारी society को ऊंचा होने का कोई मौका नहीं दिया। Feudalism जहां जिरायतपेशा लोगों को नीचे दबाये हुए है वहां इस ने agricultural labour class का तो कचूमर ही निकाल दिया है। सब से पहली बात यह है कि समाज के अन्दर जब तक social equilibrium पैदा नहीं होता समाज आगे नहीं बढ़ सकता। समाज का एक हिस्सा बहुत आगे जा चुका है और दूसरा बहुत पीछे है। दूसरा इतना पीछे है कि खाने को नहीं मिलता। हरिजनों का तो क्या agricultural class की हालत जिनका काम करके हरिजन जीते रहे हैं, इतनी बुरी है कि कुछ कहा नहीं जाता। इस की वजह यह है कि हमारी rural economy, subsistence farming system पर रही है। जब तक इस system को economic farming में न बदला जायेगा किसान उन्नति नहीं कर सकेगा और समाज न बढ़ेगा। इस लिये मैं ज़ोर से कहूंगा कि मौजूदा rural economy के तरीके को जो subsistence farming का तरीका है बदल दिया जाये। Landlordism को abolish कर दिया जाये और कोई आदमी landless न रहने दिया जाये जो ज़रायत का काम करना चाहता है। ऐसे आदमियों का दारोमदार दूसरों पर न होना चाहिये।

Waste land के बारे में तो मुझे यह कहना है कि इसके इस्तेमाल से State की हालत बुलन्द होगी। सरकारी खज़ाना में revenue आयेगा और समाज का एक पसमान्दा हिस्सा ऊंचा होगा। यह resolution तो बहुत ही reasonable है और इसका पास करना ही दियानतदारी है। मैं दरखास्त करता

[प्रोफैसर मोता सिंह आनन्दपुरी]

हूं कि आज हम इस resolution को पास करके ही उठें। इस से समाज ऊंचा होगा और यह इस बात की manifestation होगी कि हम ने social solidarity का सबूत दिया है।

